Punjabi Parwaz
# ਪੰਜਾਬੀ ਪਰਵਾਜ਼
ਅੰਕ 46ਵਾਂ (ਸ਼ਿਕਾਗੋ): 15 ਫਰਵਰੀ ਤੋਂ 28 ਫਰਵਰੀ 2025 ਤੱਕ
ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ
e-mail: punjabiparwaz@gmail.com www.punjabiparwaz.com
Address: 827 E. Kings Row, Unit# 7, Palatine, IL 60074 - Ph: 224-386-4548

# ਜਥੇਦਾਰ ਹਰਪ੍ਰੀਤ ਸਿੰਘ ਨੂੰ ਅਹੁਦੇ ਤੋਂ ਹਟਾਉਣ ਖਿਲਾਫ ਸਿੱਖਾਂ ਵਿੱਚ ਵਿਆਪਕ ਵਿਰੋਧ

*ਬਾਪੂ ਤਰਸੇਮ ਸਿੰਘ ਵੱਲੋਂ ਆਪਣੀ ਪਾਰਟੀ ਵਿੱਚ ਆਉਣ ਦਾ ਸੱਦਾ

*ਪੜਤਾਲੀਆ ਕਮੇਟੀ ਨੇ ਵਿਰਸਾ ਸਿੰਘ ਵਲਟੋਹਾ ਦੇ ਦੋਸ਼ਾਂ ਨੂੰ ਸਹੀ ਕਿਹਾ

**ਜਸਵੀਰ ਸਿੰਘ ਸ਼ੀਰੀ**

ਲੰਘੀ 10 ਫਰਵਰੀ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤਰਿੰਗ ਕਮੇਟੀ ਦੀ ਹੋਈ ਇੱਕ ਮੀਟਿੰਗ ਵਿੱਚ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀਆਂ ਸੇਵਾਵਾਂ ਖਤਮ ਕਰ ਦਿੱਤੀਆਂ ਗਈਆਂ ਹਨ। ਅੰਤਰਿੰਗ ਕਮੇਟੀ ਦਾ ਇਹ ਫੈਸਲਾ ਅਸਲ ਵਿੱਚ 2 ਦਸੰਬਰ 2024 ਨੂੰ ਅਕਾਲੀ ਦਲ ਦੇ ਆਗੂਆਂ ਨੂੰ ਉਨ੍ਹਾਂ ਦੇ ਰਾਜ ਕਾਲ ਦੌਰਾਨ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਇਸ ਵਿਰੁੱਧ ਪ੍ਰਦਰਸ਼ਨ ਕਰ ਰਹੇ ਸਿੱਖ ਨੌਜਵਾਨਾਂ ਨੂੰ ਸ਼ਹੀਦ ਕਰਨ ਅਤੇ ਸੌਦਾ ਸਾਧ ਨੂੰ ਮੁਆਫੀ ਦੁਆਉਣ ਕਾਰਨ ਅਕਾਲ ਤਖਤ ਸਾਹਿਬ ਦੀ ਫਸੀਲ ਤੋਂ ਜਾਰੀ ਕੀਤੇ ਗਏ ਹੁਕਮਨਾਮੇ ਦੀ ਪਿੱਠ-ਭੂਮੀ ਵਿੱਚ ਆਇਆ ਹੈ। ਗਿਆਨੀ ਹਰਪ੍ਰੀਤ ਸਿੰਘ ਸਮੇਤ ਪੰਜ ਸਿੰਘ ਸਾਹਿਬਾਨ ਵੱਲੋਂ ਲਏ ਗਏ ਫੈਸਲਿਆਂ ਵਿੱਚ ਸੁਖਬੀਰ ਸਿੰਘ ਬਾਦਲ ਸਮੇਤ ਅਕਾਲੀ ਆਗੂ ਤਨਖਾਹੀਏ ਕਰਾਰ ਦਿੱਤੇ ਗਏ ਸਨ। ਇਹ ਲੀਡਰ ਇਸ ਹੁਕਮਨਾਮੇ ਨੂੰ ਗਿਆਨੀ ਹਰਪ੍ਰੀਤ ਸਿੰਘ ਦੇ ਦਿਮਾਗ ਦੀ ਕਾਢ ਸਮਝਦੇ ਸਨ। ਇਸ ਤੋਂ ਇਲਾਵਾ ਵਿਰਸਾ ਸਿੰਘ ਵਲਟੋਹਾ ਨਾਲ ਪੈਦਾ ਹੋਏ ਵਿਵਾਦ ਨੇ ਵੀ ਸਥਿਤੀ ਨੂੰ ਉਲਝਾਉਣ ਵਿੱਚ ਆਪਣੀ ਭੂਮਿਕਾ ਨਿਭਾਈ।

ਇਸ ਦੌਰਾਨ ਅੰਤਰਿੰਗ ਕਮੇਟੀ ਵੱਲੋਂ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਖਿਲਾਫ ਬਣਾਈ ਗਈ ਤਿੰਨ ਮੈਂਬਰੀ ਸਬ ਕਮੇਟੀ ਦੀ ਰਿਪੋਰਟ ਜਾਰੀ ਕਰ ਦਿੱਤੀ ਗਈ ਹੈ। ਇਸ ਰਿਪੋਰਟ ਅਨੁਸਾਰ ਮੁਕਤਸਰ ਵਾਸੀ ਗੁਰਪ੍ਰੀਤ ਸਿੰਘ (ਗਿਆਨੀ ਹਰਪ੍ਰੀਤ ਸਿੰਘ ਦਾ ਸਾਢੂ) ਅਤੇ ਵਿਰਸਾ ਸਿੰਘ ਵਲਟੋਹਾ ਵੱਲੋਂ ਗਿਆਨੀ ਹਰਪ੍ਰੀਤ ਸਿੰਘ 'ਤੇ ਜਿਹੜੇ ਦੋਸ਼ ਲਗਾਏ ਗਏ ਸਨ, ਉਨ੍ਹਾਂ ਦੀ ਪੜਤਾਲ ਲਈ ਰਘੂਜੀਤ ਸਿੰਘ ਵਿਰਕ, ਜਨਰਲ ਸਕੱਤਰ ਸ਼ੇਰ ਸਿੰਘ ਮੰਡਵਾਲਾ ਅਤੇ ਅੰਤਰਿੰਗ ਕਮੇਟੀ ਮੈਂਬਰ ਦਲਜੀਤ ਸਿੰਘ ਭਿੰਡਰ 'ਤੇ


ਗਿਆਨੀ ਹਰਪ੍ਰੀਤ ਸਿੰਘ

ਆਧਾਰਤ ਸਬ ਕਮੇਟੀ ਬਣਾਈ ਗਈ ਸੀ। ਅੰਤਰਿੰਗ ਕਮੇਟੀ ਅਨੁਸਾਰ ਇਸ ਕਮੇਟੀ ਨੇ ਗਿਆਨੀ ਹਰਪ੍ਰੀਤ ਸਿੰਘ 'ਤੇ ਲੱਗੇ ਦੋਸ਼ ਸਹੀ ਪਾਏ ਹਨ। ਇਸੇ ਲਈ ਉਨ੍ਹਾਂ ਖਿਲਾਫ ਕਾਰਵਾਈ ਕੀਤੀ ਗਈ ਹੈ।

ਅੰਤਰਿੰਗ ਕਮੇਟੀ ਵੱਲੋਂ ਗਿਆਨੀ ਹਰਪ੍ਰੀਤ ਸਿੰਘ ਦੀਆਂ ਸੇਵਾਵਾਂ ਸਮਾਪਤ ਕਰਨ ਸੰਬੰਧੀ ਲਏ ਗਏ ਫੈਸਲੇ ਦਾ ਸ਼੍ਰੋਮਣੀ ਕਮੇਟੀ ਦੇ ਤਿੰਨ ਮੈਂਬਰਾਂ- ਜਸਵੰਤ ਸਿੰਘ ਪੁੜੈਣ, ਪਰਮਜੀਤ ਸਿੰਘ ਰਾਏਪੁਰ ਅਤੇ ਅਮਰੀਕ ਸਿੰਘ ਵਿਛੋਆ ਵੱਲੋਂ ਵਿਰੋਧ ਕੀਤਾ ਗਿਆ। ਬਹੁਗਿਣਤੀ ਮੈਂਬਰ ਉਨ੍ਹਾਂ ਦੀਆਂ ਸੇਵਾਵਾਂ ਸਮਾਪਤ ਕਰਨ ਦੇ ਹੱਕ ਵਿੱਚ ਭੁਗਤੇ। ਤਿੰਨੋ ਵਿਰੋਧੀ ਆਗੂਆਂ ਨੇ ਇਸ ਫੈਸਲੇ ਨੂੰ ਰਾਜਨੀਤੀ ਤੋਂ ਪ੍ਰੇਰਤ ਕਾਰਵਾਈ ਦੱਸਿਆ। ਉਨ੍ਹਾਂ ਕਿਹਾ ਕਿ ਜਥੇਦਾਰ ਹਰਪ੍ਰੀਤ ਸਿੰਘ ਖਿਲਾਫ ਇਹ ਕਾਰਵਾਈ 18 ਸਾਲ ਪਹਿਲਾਂ ਦੇ ਇੱਕ ਮਾਮਲੇ ਵਿੱਚ ਕੀਤੀ ਗਈ ਹੈ, ਜਿਸ ਦੀ ਕੋਈ ਤੁਕ ਨਹੀਂ ਸੀ ਬਣਦੀ। ਇੱਥੇ ਜ਼ਿਕਰਯੋਗ ਹੈ ਕਿ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਇਹ ਪਹਿਲਾਂ ਹੀ ਆਖ ਚੁੱਕੇ ਹਨ ਕਿ ਤਿੰਨ ਮੈਂਬਰੀ ਕਮੇਟੀ ਨੂੰ ਜਥੇਦਾਰ ਵਿਰੁੱਧ ਕਾਰਵਾਈ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਜਥੇਦਾਰ ਸਾਹਿਬਾਨ ਵਿਰੁੱਧ ਪੜਤਾਲ ਅਕਾਲ ਤਖਤ ਸਾਹਿਬ ਵੱਲੋਂ ਹੀ ਕਰਵਾਈ ਜਾ ਸਕਦੀ ਹੈ।

ਫਰੀਦਕੋਟ ਤੋਂ ਮੈਂਬਰ ਪਾਰਲੀਮੈਂਟ ਸਰਬਜੀਤ ਸਿੰਘ ਅਤੇ ਬਾਪੂ ਤਰਸੇਮ ਸਿੰਘ ਨੇ ਜਥੇਦਾਰ ਹਰਪ੍ਰੀਤ ਸਿੰਘ ਵਿਰੁੱਧ ਕਾਰਵਾਈ ਦੀ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਜਥੇਦਾਰ ਸਾਹਿਬ ਨੂੰ ਬੇਇੱਜ਼ਤ ਕਰ ਕੇ ਲਾਹਿਆ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਗਿਆਨੀ ਹਰਪ੍ਰੀਤ ਸਿੰਘ ਦੇ ਨਾਲ ਹਨ। ਉਨ੍ਹਾਂ ਜਥੇਦਾਰ ਹਰਪ੍ਰੀਤ ਸਿੰਘ ਨੂੰ ਅਪੀਲ ਕੀਤੀ ਹੈ ਕਿ ਉਹ ਅਕਾਲੀ ਦਲ (ਵਾਰਸ ਪੰਜਾਬ ਦੇ) ਵਿੱਚ ਸ਼ਮੂਲੀਅਤ ਕਰਨ, ਤਾਂ ਕਿ ਪੰਜਾਬ ਨੂੰ ਬਚਾਇਆ ਜਾ ਸਕੇ। ਉਨ੍ਹਾਂ ਚਿਤਾਵਨੀ ਦਿੱਤੀ ਕਿ ਇਸ ਪਰਿਵਾਰ ਦੀਆਂ ਮਨਮਾਨੀਆਂ ਪਾਰਟੀ ਨੂੰ ਆਉਣ ਵਾਲੇ ਸਮੇਂ ਵਿੱਚ ਪੂਰੀ ਤਰ੍ਹਾਂ ਖਤਮ ਕਰ ਦੇਣਗੀਆਂ। ਸਿੱਖ ਕੌਮ ਸ਼੍ਰੋਮਣੀ ਕਮੇਟੀ ਵਿੱਚ ਸੁਹਿਰਦ ਉਮੀਦਵਾਰ ਲੈ ਕੇ ਆਵੇ। ਉਨ੍ਹਾਂ ਹੋਰ ਕਿਹਾ ਕਿ ਜਥੇਦਾਰ ਸਹਿਬਾਨ ਦੀ ਨਿਯੁਕਤੀ ਅਤੇ ਸੇਵਾ ਨਵਿਰਤੀ ਸੰਬੰਧੀ ਨਿਯਮ ਬਣਨੇ ਚਾਹੀਦੇ ਹਨ।

ਰੈਡੀਕਲ ਸਿੱਖ ਜਥੇਬੰਦੀ 'ਦਲ ਖਾਲਸਾ' ਨੇ ਵੀ ਗਿਆਨੀ ਹਰਪ੍ਰੀਤ ਸਿੰਘ ਦੀਆਂ ਸੇਵਾਵਾਂ ਖਤਮ ਕਰਨ ਦੀ ਨਿਖੇਧੀ ਕੀਤੀ ਹੈ ਅਤੇ ਕਿਹਾ ਹੈ ਕਿ ਅਕਾਲੀ ਦਲ (ਬਾਦਲ) ਵੱਲੋਂ ਜਥੇਦਾਰ ਸਾਹਿਬਾਨ ਦੇ ਅਹੁਦਿਆਂ ਦੀ ਮਾਣ ਮਰਿਆਦਾ

⇒ ਬਾਕੀ ਸਫਾ 5 ਉਤੇ ਪੜ੍ਹੋ

## ਫਿਰ ਤਖਤ ਹਜ਼ਾਰੇ ਦੀ ਖ਼ੈਰ ਨਹੀਂ ਹੁੰਦੀ!

ਹੁਣ ਜਦੋਂ ਪੁਰਾਣਾ ਭਿਆਲੀ ਦਲ ਪਹਿਲਾਂ ਹੀ ਪਸਤ ਹੈ ਅਤੇ ਪੰਜਾਬ ਦੇ ਮਸਲਿਆਂ ਨੂੰ ਰਾਜਨੀਤਿਕ ਰੂਪ ਵਿੱਚ ਉਠਾਉਣ ਵਾਲੀ ਹੋਰ ਕੋਈ ਵੀ ਧਿਰ ਮੌਜੂਦ ਨਹੀਂ ਤਾਂ ਇਸ ਖਿੱਤੇ ਦੇ ਲੋਕ ਰਾਜਨੀਤਿਕ ਲਾਵਾਰਸਾਂ ਦੀ ਤਰ੍ਹਾਂ ਕਦੀ ਇੱਕ ਅਟੇਰ ਪਾਰਟੀ ਵੱਲ ਵੇਖ ਰਹੇ ਹਨ, ਕਦੀ (ਫਸਲੀ) ਬਟੇਰ ਵੱਲ। ਸਾਡੇ ਇਲਾਹੀ ਤਖਤ ਦੇ ਰਹਿਨੁਮਾ ਨੇ ਡਿੱਗੇ ਪਏ ਭਿਆਲੀ ਦਲ ਨੂੰ ਆਪਣੀ ਬੁੱਕਲ ਵਿੱਚ ਓਟ ਕੇ ਖੜ੍ਹ ਕੀਤਾ, ਜਲ ਪਾਣੀ ਛਕਾਇਆ, ਦੁੱਖ-ਸੁਖ ਪੁੱਛਿਆ, ਸੁੱਖ ਸਾਂਦ ਦੀ ਅਸੀਸ ਦਿੱਤੀ ਪਰ ਇਹ ਮੂਰਖ ਇੰਨਾ ਬ੍ਹੀਚਰਿਆ ਕੇ ਜਲ-ਪਾਣੀ ਛਕ ਕੇ ਤੁਰਨੇ ਪੈਣ ਦੀ ਥਾਂ ਪਿੱਜਲ ਵਹਿੜਕੇ ਵਾਂਗ ਲਿਟਣ ਲੱਗ ਪਿਆ।

ਕੁਝ ਕੁ ਦਿਨ ਪਹਿਲਾਂ ਤਾਮਿਲਨਾਡੂ ਦੇ ਮੁੱਖ ਮੰਤਰੀ ਦੀ ਅਗਵਾਈ ਵਿੱਚ ਦੱਖਣ-ਪੂਰਬ ਭਾਰਤ ਦੇ ਕੁਝ ਰਾਜਾਂ ਨੇ ਆਪੋ ਆਪਣੀ ਖੇਤਰੀ ਹਸਤੀ ਬਚਾਈ ਰੱਖਣ ਲਈ ਇੱਕ ਮੀਟਿੰਗ ਕੀਤੀ,। ਪਰ ਰਾਜਾਂ ਨੂੰ ਖੁਦਮੁਖਤਾਰੀ ਦੇ ਮਾਮਲੇ ਵਿੱਚ ਕਦੀ ਪੂਰੇ ਹਿੰਦੁਸਤਾਨ ਨੂੰ ਅਗਵਾਈ ਦੇਣ ਵਾਲਾ ਪੰਜਾਬ ਉਥੋਂ ਗਾਇਬ। ਜਦੋਂ ਕਿਸੇ ਦੇ ਵਾਲੀ ਵਾਰਸ ਹੀ ਹੋਸ਼ ਵਿੱਚ ਨਾ ਹੋਣ ਤੇ ਆਸਾਂ ਵੀ ਨਿਮੋਝੂਣੀਆਂ ਪੈ ਜਾਂਦੀਆਂ ਹਨ। ਬਾਹਰ ਤੇ ਛੱਡੋ ਜੋ ਹੁੰਦਾ, ਪੰਜਾਬ ਤੇ ਆਪਣੇ ਅੰਦਰ ਵੀ ਅੱਜ ਕੱਲ੍ਹ ਖੁਦ ਨੂੰ ਮਿਟਾਉਣ ਦਾ ਯਤਨ ਕਰ ਰਿਹਾ ਹੈ। ਅੱਬਲ ਤੇ ਸਾਡੇ ਲੋਕ ਆਪਣੇ ਕਾਰੋਬਾਰਾਂ-ਦੁਕਾਨਾਂ ਵਗੈਰਾ ਦੇ ਬੋਰਡ ਪੰਜਾਬੀ ਵਿੱਚ ਲਿਖਦੇ ਨਹੀਂ, ਪਰ ਜੇ ਕਿਧਰੇ ਲਿਖੇ ਦਿਸਦੇ ਹਨ ਤਾਂ ਇਹ ਪੰਜਾਬੀ ਗਲਤ ਲਿਖੀ ਹੁੰਦੀ। 'ਭੁੱਖ' ਨੂੰ 'ਪੁੱਖ' ਲਿਖਣਗੇ, 'ਕੁੱਖ' ਨੂੰ 'ਕੁੱਕ'। ਇਨ੍ਹਾਂ ਬੇਸੁਆਦੇ ਅੱਖਰਾਂ ਨੂੰ ਹੁਣ ਕਿਧਰੇ ਲੱਭਣ ਜਾਣ ਦੀ ਲੋੜ ਨਹੀਂ। ਇੱਥੋਂ ਦੇ ਸ਼ਹਿਰਾਂ, ਕਸਬਿਆਂ, ਪਿੰਡਾਂ ਅਤੇ ਮੋਟਰ ਗੱਡੀਆਂ ਵਗੈਰਾ 'ਤੇ ਹਰ ਕੁਝ ਕਦਮ ਚੱਲਣ 'ਤੇ ਅੱਖਾਂ ਵਿੱਚ ਰੜਕਣ ਲਗਦੇ ਹਨ। ਬਚਪਨ ਵਾਲੇ ਦੇਸੀ ਸਕੂਲਾਂ ਵਿੱਚ ਪੰਜਾਬੀ ਗਲਤ ਲਿਖਣ 'ਤੇ ਇੰਨੀ ਕੁੱਟ ਪੈਂਦੀ ਸੀ ਕਿ ਸ਼ਬਦ ਜੋੜ

⇒ ਬਾਕੀ ਸਫਾ 12 ਉਤੇ ਪੜ੍ਹੋ







# ਅਮਰੀਕੀ ਦਬਾਅ ਨੂੰ ਨਜ਼ਰ ਅੰਦਾਜ਼ ਕਰ ਸਕੇਗਾ ਭਾਰਤ?

**ਜਸਵੀਰ ਸਿੰਘ ਮਾਂਗਟ**

ਹਿੰਦੁਸਤਾਨ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਨ੍ਹੀਂ ਦਿਨੀਂ ਅਮਰੀਕਾ ਦੇ ਦੌਰੇ 'ਤੇ ਹਨ। ਨਰਿੰਦਰ ਮੋਦੀ, ਡੋਨਾਲਡ ਟਰੰਪ ਦੇ ਦੁਬਾਰਾ ਰਾਸ਼ਟਰਪਤੀ ਬਣਨ ਤੋਂ ਬਾਅਦ ਪਹਿਲੀ ਵਾਰ ਅਮਰੀਕੀ ਰਾਸ਼ਟਰਪਤੀ ਨੂੰ ਮਿਲ ਰਹੇ ਹਨ। ਨਰਿੰਦਰ ਮੋਦੀ ਦੇ ਇਸ ਦੌਰੇ ਦਾ ਮਕਸਦ ਅਸਲ ਵਿੱਚ ਅਮਰੀਕਾ ਨਾਲ 'ਬਹੁਪੱਖੀ ਰਣਨੀਤਿਕ ਭਾਈਵਾਲੀ' ਦੱਸਿਆ ਗਿਆ ਹੈ, ਪਰ ਲਗਦਾ ਹੈ ਕਿ ਆਪਸੀ ਗੱਲਬਾਤ ਕਾਰੋਬਾਰੀ ਲੈਣ-ਦੇਣ (ਖਾਸ ਕਰਕੇ ਫੌਜੀ ਸਾਜ਼ੋ ਸਮਾਨ) ਬਾਰੇ ਵੀ ਹੋਵੇਗੀ। ਕਿਉਂਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਮੂਲ ਰੂਪ ਵਿੱਚ ਅਮਰੀਕਾ ਦੇ ਵੱਡੇ ਕਾਰੋਬਾਰੀਆਂ ਵਿੱਚੋਂ ਇੱਕ ਹਨ। ਇਸ ਲਈ ਅਮਰੀਕਾ ਦਾ ਮੌਜੂਦਾ ਰਾਸ਼ਟਰਪਤੀ ਭਾਰਤ ਨੂੰ ਕੁਝ ਵੇਚਣ ਦੀ ਗੱਲ ਨਾ ਕਰੇ, ਇਹ ਤੇ ਹੋ ਨਹੀਂ ਸਕਦਾ।

ਯਾਦ ਰਹੇ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਤੇ ਹਾਲ ਵਿੱਚ ਇਜ਼ਰਾਇਲੀ ਬੰਬਾਰੀ ਨਾਲ ਥੇਹ ਹੋਏ ਗਾਜ਼ਾ ਦੇ ਸਮੁੰਦਰੀ ਕੰਢੇ ਨੂੰ ਬੀਚ ਬਣਾਉਣ ਦਾ ਆਈਡੀਆ ਮੀਡੀਏ ਵਿੱਚ ਠੇਲ੍ਹ ਦਿੱਤਾ ਸੀ, ਜਿਸ ਦੀ ਕੌਮਾਂਤਰੀ ਪੱਧਰ 'ਤੇ ਵਿਰੋਧਤਾ ਹੋਣ ਲੱਗੀ, ਨਹੀਂ ਤੇ ਸ਼ਾਇਦ ਉਹ ਯਤਨ ਵੀ ਕਰ ਵੇਖਦੇ! ਗਾਜ਼ਾ ਨੂੰ ਇੱਕ ਖੂਬਸੂਰਤ ਬੀਚ ਵਿੱਚ ਬਦਲਣ ਦਾ ਉਨ੍ਹਾਂ ਦਾ ਇਹ ਵਿਚਾਰ ਕਿਸੇ ਗੰਭੀਰਤਾ ਵਿੱਚੋਂ ਨਿਕਲਿਆ ਸੀ ਜਾਂ ਵਕਤੀ ਫੁਰਨਾ ਸੀ, ਇਸ ਬਾਰੇ ਤਾਂ ਉਹ ਖੁਦ ਹੀ ਦੱਸ ਸਕਦੇ ਹਨ, ਕਿਉਂਕਿ ਉਨ੍ਹਾਂ ਦੇ ਭਵਿੱਖੀ ਅਮਲ ਬਾਰੇ ਲਗਾਏ ਅੰਦਾਜ਼ੇ ਅਕਸਰ ਗਲਤ ਹੀ ਸਾਬਤ ਹੁੰਦੇ ਹਨ। ਉਂਝ ਗਾਜ਼ਾ ਵਿੱਚ ਜੰਗ-ਬੰਦੀ ਕਰਾਉਣ ਦੇ ਮਾਮਲੇ ਵਿੱਚ ਉਨ੍ਹਾਂ ਦੀ ਭੂਮਿਕਾ ਨੂੰ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ, ਜਿਸ ਦਾ ਸਿਹਰਾ ਸਾਬਕਾ ਰਾਸ਼ਟਰਪਤੀ ਜੋਅ ਬਾਇਡਨ ਨੇ ਜ਼ਬਰਦਸਤੀ ਆਪਣੇ ਸਿਰ 'ਤੇ ਬੰਨ੍ਹਣ ਦਾ ਯਤਨ ਕੀਤਾ ਸੀ। ਇਹ ਜੰਗ-ਬੰਦੀ ਜੇ ਲੰਮੇਰੇ ਅਮਨ-ਅਮਾਨ ਵਿੱਚ ਬਦਲ ਜਾਂਦੀ ਹੈ ਤਾਂ ਇਸ ਨੂੰ ਉਨ੍ਹਾਂ ਦੀ ਇੱਕ ਵੱਡੀ ਉਪਲਬਧੀ ਗਿਣਿਆ ਜਾਵੇਗਾ।

ਗੱਲ ਫਿਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅਮਰੀਕਾ ਦੌਰੇ ਦੌਰਾਨ ਹੋਣ ਵਾਲੇ ਰੱਦੋਅਮਲ ਵੱਲ ਹੀ ਮੋੜਦੇ ਹਾਂ। ਰਾਸ਼ਟਰਪਤੀ ਟਰੰਪ ਦੀ ਪਿਛਲੀ ਟਰਮ ਵੇਲੇ ਨਰਿੰਦਰ ਮੋਦੀ ਨਾਲ ਉਨ੍ਹਾਂ ਦੀ ਕਾਫੀ ਨੇੜਤਾ ਰਹੀ ਸੀ। ਕਈ ਖੇਤਰਾਂ ਵਿੱਚ ਆਪਸੀ ਸਹਿਯੋਗ ਵੀ ਵਧਿਆ ਸੀ। ਪ੍ਰਧਾਨ ਮੰਤਰੀ, ਟਰੰਪ ਦੀ ਆਮਦ ਨੂੰ ਹਿੰਦੁਸਤਾਨੀਆਂ ਲਈ ਸ਼ੁਭ ਸ਼ਗਨ ਵੀ ਸਮਝਦੇ ਹਨ; ਪਰ ਉਨ੍ਹਾਂ ਆਉਂਦਿਆਂ ਹੀ ਅਮਰੀਕਾ ਵਿੱਚ ਵੱਸਦੇ ਵੱਖ-ਵੱਖ ਮੁਲਕਾਂ ਦੇ ਗੈਰ-ਕਾਨੂੰਨੀ ਪਰਵਾਸੀਆਂ ਵਿਰੁਧ ਮੁਹਿੰਮ ਛੇੜ ਲਈ ਹੈ। ਅਮਰੀਕਾ ਵਿੱਚ ਸਭ ਤੋਂ ਜ਼ਿਆਦਾ ਪਰਵਾਸੀ ਚੀਨੀ ਅਤੇ ਭਾਰਤੀ ਹੀ ਹਨ। ਆਪਣੀਆਂ ਜ਼ਮੀਨਾਂ-ਜਾਇਦਾਦਾਂ ਵੇਚ ਕੇ ਅਮਰੀਕਾ ਦੀ ਧਰਤੀ 'ਤੇ ਪੈਰ ਰੱਖਣ ਵਾਲੇ 104 ਪਰਵਾਸੀਆਂ ਨੂੰ ਉਨ੍ਹਾਂ ਨੇ ਹਥਕੜੀਆਂ ਅਤੇ ਬੇੜੀਆਂ ਲਗਾ ਕੇ ਭਾਰਤ ਵਾਪਸ ਭੇਜਿਆ। ਇਨ੍ਹਾਂ ਵਿੱਚ 23 ਔਰਤਾਂ, 12 ਬੱਚੇ ਅਤੇ 79 ਮਰਦ ਸ਼ਾਮਲ ਸਨ। ਇਹ ਵਿਹਾਰ ਮਨੁੱਖ ਹੋਣ ਦੇ ਜਨਮ ਸਿੱਧ ਅਧਿਕਾਰਾਂ ਦੀ ਘੋਰ ਬੇਅਦਬੀ ਹੈ। ਇਨ੍ਹਾਂ ਅਧਿਕਾਰਾਂ ਦਾ ਅਮਰੀਕਾ ਸਭ ਤੋਂ ਵੱਡਾ ਖੈਰਖੁਆਹ ਹੈ। ਹਥਕੜੀਆਂ, ਬੇੜੀਆਂ ਵਿਰੁਧ ਆਵਾਜ਼ ਹਿੰਦੁਸਤਾਨੀ ਪਾਰਲੀਮੈਂਟ ਵਿੱਚ ਵੀ ਉਠੀ ਅਤੇ ਬਾਹਰ ਵੀ। ਭਾਰਤ ਵਿੱਚ ਵਿਰੋਧੀ ਪਾਰਟੀਆਂ ਨੇ ਇਸ ਮੁੱਦੇ ਨੂੰ ਦੱਬ ਕੇ ਚੁੱਕਿਆ। ਭਾਰਤੀ ਪ੍ਰਧਾਨ ਮੰਤਰੀ ਨੂੰ ਵੀ ਸ਼ਾਇਦ ਇਸ ਮਾਮਲੇ ਵਿੱਚ ਟਰੰਪ ਹੋਰਾਂ ਨਾਲ ਕੁਝ ਇਤਰਾਜ਼ ਸਾਂਝੇ ਕਰ ਹੀ ਲੈਣੇ ਚਾਹੀਦੇ ਹਨ।

ਹਿੰਦੁਸਤਾਨ ਦੇ ਆਮ ਲੋਕਾਂ ਨੇ ਵੀ ਭਾਰਤੀ ਪਰਵਾਸੀਆਂ ਨੂੰ ਇਸ ਤਰ੍ਹਾਂ ਕੈਦੀਆਂ ਵਾਂਗ ਵਾਪਸ ਭੇਜਣ ਦਾ ਕਾਫੀ ਬੁਰਾ ਮਨਾਇਆ ਹੈ। ਉਹ ਵੀ ਉਦੋਂ, ਜਦੋਂ ਮੈਕਸੀਕੋ ਤੇ ਕੋਲੰਬੀਆ ਜਿਹੇ ਭਾਰਤ ਤੋਂ ਕਿਤੇ ਕਮਜ਼ੋਰ ਮੁਲਕਾਂ ਨੇ ਆਪਣੇ ਕੈਦੀਆਂ ਨੂੰ ਸਨਮਾਨ ਨਾਲ ਲੈ ਕੇ ਜਾਣ ਦਾ ਐਲਾਨ ਕੀਤਾ ਅਤੇ ਅਮਰੀਕਾ ਨੂੰ ਚਿਤਾਵਨੀ ਦਿੱਤੀ ਕਿ ਉਹ ਅਮਰੀਕਾ ਤੋਂ ਐਕਸਪੋਰਟ ਹੋਣ ਵਾਲਾ ਸਾਮਾਨ ਖਰੀਦਣਾ ਬੰਦ ਕਰ ਦੇਣਗੇ। ਕੈਨੇਡਾ ਤੇ ਚੀਨ ਨੇ ਤਾਂ ਰਿਵਰਸ ਟੈਰਿਫ ਵੀ ਲਗਾਏ, ਜਿਸ ਕਾਰਨ ਟਰੰਪ ਨੂੰ ਆਪਣੇ ਫੈਸਲੇ 'ਤੇ ਅਮਲ ਰੋਕਣਾ ਪਿਆ; ਪਰ ਭਾਰਤ ਨੇ ਕੋਈ ਪ੍ਰਤੀਕਰਮ ਪ੍ਰਗਟ ਨਹੀਂ ਕੀਤਾ, ਸਗੋਂ ਭਾਰਤੀ ਵਿਦੇਸ਼ ਮੰਤਰੀ ਜੈਸ਼ੰਕਰ ਨੇ ਇਹ ਆਖ ਦਿੱਤਾ ਕਿ ਗੈਰ-ਕਾਨੂੰਨੀ ਪਰਵਾਸੀਆਂ ਦੀ ਇਹ ਵਾਪਸੀ ਅਮਰੀਕੀ ਨੇਮਾਂ ਅਨੁਸਾਰ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਨੁਸਾਰ ਉਨ੍ਹਾਂ ਦੇ ਅਮਰੀਕੀ ਦੌਰੇ ਦਾ ਮਕਸਦ ਟਰੰਪ ਦੀ ਪਿਛਲੀ ਟਰਮ ਵੇਲੇ ਦੋਹਾਂ ਮੁਲਕਾਂ ਵਿਚਕਾਰ ਪੈਦਾ ਹੋਈ ਭਾਈਵਾਲੀ ਨੂੰ ਅੱਗੇ ਤੋਰਨਾ ਹੈ। ਖ਼ਾਸ ਕਰਕੇ ਸਿਖਰਲੀ ਤਕਨੀਕ (ਕਟਿੰਗ ਐਜ ਟੈਕਨੌਲੋਜੀ) ਦੇ ਮਾਮਲੇ ਵਿੱਚ। ਇਸ ਤੋਂ ਇਲਾਵਾ ਵਪਾਰ, ਰੱਖਿਆ ਖੇਤਰ, ਊਰਜਾ ਅਤੇ ਸਪਲਾਈ ਚੇਨਾਂ ਦੀ ਮਜ਼ਬੂਤੀ ਆਦਿ ਬਾਰੇ ਦੋਹਾਂ ਦੇਸ਼ਾਂ ਦੇ ਆਗੂਆਂ ਵਿਚਕਾਰ ਗੱਲਬਾਤ ਹੋਏਗੀ। ਦੋਹਾਂ ਮੁਲਕਾਂ ਦੇ ਆਗੂਆਂ ਦੀ ਦੁਵੱਲੇ ਸੰਬੰਧਾਂ ਬਾਰੇ ਇਸ ਗੱਲਬਾਤ 'ਤੇ ਪਰਵਾਸੀਆਂ ਦੀ ਵਾਪਸੀ, ਸਿੱਖ ਮਸਲਿਆਂ ਅਤੇ ਭਾਰਤੀ ਕਾਰੋਬਾਰੀ ਗੌਤਮ ਅਡਾਨੀ




■ ਫਰਾਂਸ ਦੇ ਰਾਸ਼ਟਰਪਤੀ ਏਮੈਨੂਅਲ ਮੈਕਰੋਨ ਅਤੇ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ

ਖਿਲਾਫ ਅਮਰੀਕੀ ਅਦਾਲਤ ਵਿੱਚ ਚੱਲ ਰਹੇ ਕੇਸ ਦਾ ਪ੍ਰਛਾਵਾਂ ਜ਼ਰੂਰ ਪਵੇਗਾ।

ਨਰਿੰਦਰ ਮੋਦੀ ਦੀ ਅਮਰੀਕੀ ਰਾਸ਼ਟਰਪਤੀ ਨਾਲ ਗੱਲਬਾਤ ਉਸ ਹਾਲਤ ਵਿੱਚ ਹੋ ਰਹੀ ਹੈ, ਜਦੋਂ ਚੀਨ ਦੀ ਇੱਕ ਨਵ ਜੰਮੀ ਕੰਪਨੀ ਨੇ ਏ.ਆਈ. (ਡੀਪ ਸੀਕ) ਦੇ ਖੇਤਰ ਵਿੱਚ ਤਹਿਲਕਾ ਮਚਾ ਦਿੱਤਾ ਹੈ। ਚੀਨ ਦੇ ਇਸ ਚੈਟ ਬੋਟ ਨੇ ਅਮਰੀਕਾ ਆਧਾਰਤ ਕੰਪਨੀਆਂ ਦੇ ਚੈਟ ਬੋਟ ਇੱਕ ਝਟਕੇ ਵਿੱਚ ਪਿੱਛੇ ਛੱਡ ਦਿੱਤੇ ਹਨ। ਇਸ ਤੋਂ ਅੱਗੇ ਇਹ ਵੀ ਕਿ 'ਡੀਪ ਸੀਕ' ਓਪਨ ਸੋਰਸ ਏ.ਆਈ. ਹੈ ਅਤੇ ਇਸ ਦੀ ਤਕਨੀਕ ਵੀ ਜਨਤਕ ਕਰ ਦਿੱਤੀ ਗਈ ਹੈ। ਇਸ ਤੋਂ ਕੋਈ ਹੋਰ ਦੇਸ਼ ਵੀ ਆਪਣਾ ਏ.ਆਈ. ਵਿਕਸਤ ਕਰਨ ਦਾ ਯਤਨ ਕਰ ਸਕਦਾ ਹੈ। ਚੀਨ ਨੂੰ ਆਮ ਤੌਰ 'ਤੇ ਪੱਛਮੀ ਤਕਨੀਕ ਦੀ ਤੇਜ਼ੀ ਨਾਲ ਨਕਲ ਮਾਰਨ (ਰਿਵਰਸ ਇੰਜੀਨੀਅਰਿੰਗ) ਵਿੱਚ ਮਾਹਿਰ ਸਮਝਿਆ ਜਾਂਦਾ ਰਿਹਾ ਹੈ; ਪਰ ਡੀਪ ਸੀਕ ਦੇ ਮਾਮਲੇ ਵਿੱਚ ਉਸ ਦਾ ਤਕਨੀਕੀ ਉਦਮ ਸਿਰਜਣਾਤਮਕ ਹੈ।

ਜ਼ਿਕਰਯੋਗ ਹੈ ਕਿ ਅਮਰੀਕਾ ਦੌਰੇ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਆਰਟੀਫੀਸ਼ੀਲ ਇੰਟੈਲੀਜੈਂਸ ਦੇ ਵਿਕਾਸ ਵਿੱਚ ਭਾਈਵਾਲੀ ਵਾਲੀ ਪਹੁੰਚ' ਸੰਬੰਧੀ ਪੈਰਿਸ ਵਿੱਚ ਹੋਈ ਕਾਨਫਰੰਸ ਦੀ ਫਰਾਂਸ ਦੇ ਪ੍ਰਧਾਨ ਮੰਤਰੀ ਨਾਲ ਸਾਂਝੇ ਰੂਪ ਵਿੱਚ ਪ੍ਰਧਾਨਗੀ ਕਰਕੇ ਆਏ ਹਨ। ਇਸ ਮੀਟਿੰਗ ਵਿੱਚ ਅਮਰੀਕਾ ਦੇ ਉਪ ਰਾਸ਼ਟਰਪਤੀ ਜੇ.ਡੀ. ਵਨਾਂਸ ਅਤੇ ਚੀਨ ਦੇ ਉਪ ਪ੍ਰਧਾਨ ਮੰਤਰੀ ਝਾਂਗ ਗੋਕਿੰਗ ਵੀ ਸ਼ਾਮਲ ਸਨ। ਇਨ੍ਹਾਂ ਤੋਂ ਇਲਾਵਾ ਉਸ ਮੀਟਿੰਗ ਵਿੱਚ ਗੂਗਲ ਵੱਲੋਂ ਸੁੰਦਰ ਪਿਚਾਈ ਅਤੇ ਚੈਟ ਜੀ.ਪੀ. ਦੇ ਮਾਲਕ ਸੈਮ ਆਲਟਮੈਨ ਵੀ ਸ਼ਾਮਲ ਸਨ। ਇਸ ਮੀਟਿੰਗ ਦਾ ਮੁੱਖ ਮੁੱਦਾ ਦੁਨੀਆਂ ਦੀ ਭਾਈਵਾਲੀ ਵਾਲਾ, ਸੁਰੱਖਿਅਤ ਅਤੇ ਨੈਤਿਕ ਕਦਰਾਂ ਕੀਮਤਾਂ 'ਤੇ ਆਧਾਰਤ ਏ.ਆਈ. ਵਿਕਸਤ ਕਰਨ ਵੱਲ ਵਧਣ ਬਾਰੇ ਵਿਚਾਰ-ਵਟਾਂਦਰਾ ਕਰਨਾ ਸੀ। ਇਸ ਕਿਸਮ ਦੀਆਂ ਦੋ ਕਾਨਫਰੰਸਾਂ ਇਸ ਤੋਂ ਪਹਿਲਾਂ ਜਪਾਨ ਅਤੇ ਦੱਖਣੀ ਕੋਰੀਆ ਵਿੱਚ ਹੋ ਚੁੱਕੀਆਂ ਹਨ।

ਇਸ ਕਾਨਫਰੰਸ ਤੋਂ ਬਾਅਦ ਫਰਾਂਸ ਦੇ ਰਾਸ਼ਟਰਪਤੀ ਏਮੈਨੂਅਲ ਮੈਕਰੋਨ ਅਤੇ ਭਾਰਤੀ ਪ੍ਰਧਾਨ ਮੰਤਰੀ ਵਿਚਾਲੇ ਦਵੱਲੀ ਗੱਲਬਾਤ ਵੀ ਹੋਈ। ਇਸ ਤੋਂ ਇਲਾਵਾ ਉਨ੍ਹਾਂ ਨੇ ਫਰਾਂਸ ਦੇ ਇਤਿਹਾਸਕ ਸ਼ਹਿਰ ਮਾਰਸਲੇ ਵਿੱਚ ਇੱਕ ਭਾਰਤੀ ਕੌਂਸਲੇਟ ਦਾ ਵੀ ਉਦਘਾਟਨ ਕੀਤਾ। ਉਹ ਇੰਟਰਨੈਸ਼ਨਲ ਥਰਮੋਨਿਊਕਲੀਅਰ ਰੀਐਕਟਰ ਪ੍ਰੋਜੈਕਟ ਵੇਖਣ ਵੀ ਗਏ, ਜਿਸ ਵਿੱਚ ਭਾਰਤ ਇੱਕ ਭਾਈਵਾਲ ਹੈ। ਇੱਥੇ ਪ੍ਰਧਾਨ ਮੰਤਰੀ ਨੇ ਪਹਿਲੀ ਅਤੇ ਦੂਜੀ ਸੰਸਾਰ ਜੰਗ ਵਿੱਚ ਮਾਰੇ ਗਏ ਭਾਰਤੀ ਫੌਜੀਆਂ ਨੂੰ ਸ਼ਰਧਾ ਦੇ ਫੁੱਲ ਵੀ ਭੇਟ ਕੀਤੇ। 'ਪੈਰਿਸ ਕਾਨਫਰੰਸ' ਤੋਂ ਇਲਾਵਾ ਪ੍ਰਧਾਨ ਮੰਤਰੀ ਦਾ ਫਰਾਂਸ ਦੌਰੇ ਦਾ ਮਕਸਦ ਆਰਟੀਫੀਸ਼ੀਅਲ ਇੰਟੈਲੀਜੈਂਸ ਡਿਵੈਲਪਮੈਂਟ ਵਿੱਚ ਦੋ-ਪੱਖੀ ਸਹਿਯੋਗ ਵਧਾਉਣ ਅਤੇ ਛੋਟੇ ਨਿਊਕਲੀਅਰ ਰਿਐਕਟਰ ਵਿਕਸਤ ਕਰਨ ਸੰਬੰਧੀ ਗੱਲਬਾਤ ਕਰਨਾ ਵੀ ਸੀ।

---

# ਮਨੀਪੁਰ ਹਿੰਸਾ ਦਾ ਮਸਲਾ ਮੁੜ ਚਰਚਾ 'ਚ

*ਬੀਰੇਨ ਸਿੰਘ ਦੀ ਆਵਾਜ਼ ਵਾਲੀ ਆਡੀਓ ਨੇ ਵਿਗਾੜੀ ਖੇਡ

*ਅਵਿਸ਼ਵਾਸ ਮਤੇ ਵਿੱਚ ਡਿੱਗ ਸਕਦੀ ਸੀ ਮਨੀਪੁਰ ਸਰਕਾਰ

**ਪੰਜਾਬੀ ਪਰਵਾਜ਼ ਬਿਊਰੋ**

ਮਨੀਪੁਰ ਦਾ ਸੰਕਟ ਇੱਕ ਵਾਰ ਫਿਰ ਉਭਰ ਆਇਆ ਹੈ। ਸਥਿਤੀਆਂ ਜਿਸ ਤਰ੍ਹਾਂ ਉਧੜ ਰਹੀਆਂ ਹਨ, ਉਨ੍ਹਾਂ ਵਿੱਚ ਕੇਂਦਰੀ ਭਾਜਪਾ ਲੀਡਰਸ਼ਿਪ ਨੂੰ ਵੀ ਬੀਰੇਨ ਸਿੰਘ ਦਾ ਬਚਾਅ ਕਰਨਾ ਮੁਸ਼ਕਲ ਹੋ ਗਿਆ ਹੈ। ਸੁਪਰੀਮ ਕੋਰਟ ਵਿੱਚ ਪੇਸ਼ ਕੀਤੀ ਗਈ ਇੱਕ ਆਡੀਓ ਕੈਸਿਟ ਵਿੱਚ ਮਨੀਪੁਰ ਦੇ ਵਿਵਾਦਤ ਸਾਬਕਾ ਮੁੱਖ ਮੰਤਰੀ ਇਹ ਕਹਿੰਦੇ ਪਾਏ ਗਏ ਹਨ ਕਿ ਰਾਜ ਦੇ ਪਹਾੜੀ ਖੇਤਰਾਂ ਵਿੱਚ ਗੈਰ ਮੈਤਈ ਕਬੀਲਿਆਂ ਦੇ ਲੋਕਾਂ ਖਿਲਾਫ ਭੜਕੀ ਹਿੰਸਾ ਉਨ੍ਹਾਂ ਵੱਲੋਂ ਹੀ ਸ਼ੁਰੂ (ਇਨਸਟੀਗੇਟ) ਕੀਤੀ ਗਈ ਸੀ। ਇੱਕ ਮੁਢਲੀ ਜਾਂਚ ਵਿੱਚ ਇਹ ਵੀਡੀਓ 90 ਫੀਸਦੀ ਸਹੀ ਪਾਈ ਗਈ ਹੈ। ਇਸ ਵਿਵਾਦ ਦੇ ਸਾਹਮਣੇ ਆਉਣ 'ਤੇ ਇੱਕ ਪਾਸੇ ਤਾਂ ਭਾਜਪਾ ਨਾਲ ਸੰਬੰਧਤ ਕਈ ਅਸੈਂਬਲੀ ਮੈਂਬਰ ਬੀਰੇਨ ਸਿੰਘ ਨਾਲੋਂ ਟੁੱਟ ਗਏ, ਦੂਜੇ ਜਨਤਾ ਦਲ ਯੂਨਾਈਟਿਡ ਸਮੇਤ ਹੋਰਨਾਂ ਛੋਟੀਆਂ ਪਾਰਟੀਆਂ ਨੇ ਵੀ ਬੀਰੇਨ ਸਿੰਘ ਦੀ ਸਰਕਾਰ ਤੋਂ ਦੂਰੀ ਬਣਾ ਲਈ ਹੈ। ਇੱਕ ਲੰਮੀ ਜੱਕੋ-ਤੱਕੀ ਤੋਂ ਬਾਅਦ ਬੀਰੇਨ ਸਿੰਘ ਨੇ ਅਖੀਰ ਆਪਣਾ ਅਸਤੀਫਾ ਮਨੀਪੁਰ ਦੇ ਰਾਜਪਾਲ ਨੂੰ ਸੌਂਪ ਦਿੱਤਾ ਹੈ ਅਤੇ ਕੈਬਨਿਟ ਵੱਲੋਂ ਇਹ ਮਨਜ਼ੂਰ ਵੀ ਕਰ ਲਿਆ ਗਿਆ ਹੈ।

ਇਸ ਚੱਕ-ਥੱਲ ਦੇ ਮੱਦੇਨਜ਼ਰ ਮਨੀਪੁਰ ਦੇ ਰਾਜਪਾਲ ਅਜੇ ਕੁਮਾਰ ਭੱਲਾ ਨੇ ਮਨੀਪੁਰ ਵਿਧਾਨ ਸਭਾ ਦੇ ਅਗਾਮੀ ਸੈਸ਼ਨ ਨੂੰ ਰੱਦ ਕਰ ਦਿੱਤਾ ਹੈ। ਸੋਸ਼ਲ ਮੀਡੀਆ 'ਤੇ ਸਰਗਰਮ ਕੁਝ ਸੀਨੀਅਰ ਪੱਤਰਕਾਰਾਂ ਵਲੋਂ ਕਿਹਾ ਜਾ ਰਿਹਾ ਹੈ ਕਿ ਪ੍ਰਧਾਨ ਮੰਤਰੀ ਦੀ ਅਮਰੀਕਾ ਫੇਰੀ ਕਾਰਨ ਇਹ ਰੱਦੋਬਦਲ ਕੀਤੀ ਗਈ ਹੈ।

ਯਾਦ ਰਹੇ, ਸੁਪਰੀਮ ਕੋਰਟ ਨੇ ਕੇਂਦਰੀ ਫੌਰੈਂਸਿਕ ਲੈਬਾਰਟਰੀ ਨੂੰ ਉਸ ਲੀਕ ਹੋਈ ਆਡੀਓ ਦੀ ਪੜਤਾਲ ਕਰਨ ਲਈ ਕਿਹਾ ਹੈ, ਜਿਸ ਵਿੱਚ ਬੀਰੇਨ ਸਿੰਘ ਕਥਿਤ ਤੌਰ 'ਤੇ ਇਹ ਆਖਦੇ ਸੁਣੇ ਗਏ ਹਨ ਕਿ ਉਨ੍ਹਾਂ ਵੱਲੋਂ ਹੀ ਪਿਛਲੇ ਸਾਲ ਫੈਲੀ ਮਨੀਪੁਰ ਹਿੰਸਾ ਵਾਲੀ ਤੀਲ੍ਹੀ ਲਗਾਈ ਗਈ ਸੀ; ਪਰ ਬਿਰੇਨ ਸਿੰਘ ਨੇ ਉਪਰੋਕਤ ਦੋਸ਼ਾਂ ਨੂੰ ਰੱਦ ਕਰ ਦਿੱਤਾ ਹੈ। ਬੀਰੇਨ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਆਪਣੇ ਰਾਜਕਾਲ ਦੌਰਾਨ ਮਨੀਪੁਰ ਦੇ ਹਰੇਕ ਵਿਅਕਤੀ ਦੀ ਸੁਰੱਖਿਆ ਯਕੀਨੀ ਬਣਾਉਣ ਦਾ ਯਤਨ ਕੀਤਾ ਹੈ। ਉਨ੍ਹਾਂ ਕੇਂਦਰ ਸਰਕਾਰ ਵੱਲੋਂ 'ਸਮੇਂ ਸਿਰ ਕੀਤੀ ਗਈ ਦਖਲਅੰਦਾਜ਼ੀ' ਨੂੰ ਜਾਇਜ਼ ਠਹਿਰਾਇਆ। ਇਸ ਦਰਮਿਆਨ ਭਾਜਪਾ ਦੇ ਉੱਤਰ ਪੂਰਬ ਦੇ ਇੰਚਾਰਜ ਸੰਬਿਤ ਪਾਤਰਾ ਨੇ ਰਾਜ ਦੇ ਭਾਜਪਾ ਮੁਖੀ ਅਤੇ 19 ਭਾਜਪਾ ਅਸੈਂਬਲੀ ਮੈਂਬਰਾਂ ਸਮੇਤ ਇੰਫਾਲ ਵਿੱਚ ਡੇਰੇ ਲਾਏ ਹੋਏ ਹਨ। ਆਡੀਓ ਟੇਪ ਵਾਲਾ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਵਿਰੋਧੀ ਧਿਰ ਨੇ ਮਨੀਪੁਰ ਵਿਧਾਨ ਸਭਾ ਦੇ ਸੈਸ਼ਨ ਵਿੱਚ ਬੀਰੇਨ ਸਿੰਘ ਦੀ ਸਰਕਾਰ ਖਿਲਾਫ ਅਵਿਸ਼ਵਾਸ ਮਤਾ ਲਿਆਉਣ ਦਾ ਐਲਾਨ ਕੀਤਾ ਸੀ, ਪਰ ਕੇਂਦਰ ਸਰਕਾਰ ਅਤੇ ਭਾਰਤੀ ਜਨਤਾ ਪਾਰਟੀ ਇਸ ਤੋਂ ਪਹਿਲਾਂ ਹੀ ਬੀਰੇਨ ਸਿੰਘ ਤੋਂ ਅਸਤੀਫਾ ਲੈ ਕੇ ਕਿਸੇ ਹੋਰ ਆਗੂ ਨੂੰ ਮਨੀਪੁਰ ਦਾ ਮੁੱਖ ਮੰਤਰੀ ਬਣਾਉਣ ਦਾ ਯਤਨ ਕਰ ਰਹੀ ਹੈ ਤਾਂ ਕਿ ਮਨੀਪੁਰ ਵਿੱਚ ਪਾਰਟੀ ਦੀ ਸਰਕਾਰ ਬਚਾਈ ਜਾ ਸਕੇ।

ਇਸ ਮਾਮਲੇ ਵਿੱਚ ਵਿਰੋਧੀ ਧਿਰ ਦਾ ਆਖਣਾ ਹੈ ਕਿ ਭਾਰਤੀ ਜਨਤਾ ਪਾਰਟੀ ਵੱਲੋਂ ਇਹ ਕਾਰਵਾਈ ਦੇਰ ਨਾਲ ਕੀਤੀ ਗਈ ਹੈ। ਪਾਰਲੀਮੈਂਟ ਵਿੱਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਕਿਹਾ ਕਿ ਦੋ ਸਾਲ ਮਨੀਪੁਰ ਦੇ ਲੋਕਾਂ ਨੂੰ ਆਪਸ ਵਿੱਚ ਲੜਾਉਣ ਤੋਂ ਬਾਅਦ ਭਾਜਪਾ ਵੱਲੋਂ ਇਹ ਕਾਰਵਾਈ ਕੀਤੀ ਗਈ ਹੈ। ਰਾਹੁਲ ਗਾਂਧੀ ਨੇ ਦੋਸ਼ ਲਾਇਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਮਨੀਪੁਰ ਦੇ ਕਲੇਸ਼ ਨੂੰ ਵੱਡੇ ਜਾਨੀ ਮਾਲੀ ਨੁਕਸਾਨ ਦੇ ਬਾਵਜੂਦ ਜਾਰੀ ਰੱਖਣ ਦਿੱਤਾ ਗਿਆ।

ਇੱਥੇ ਇਹ ਜ਼ਿਕਰਯੋਗ ਹੈ ਕਿ ਪਿਛਲੇ ਸਾਲ 3 ਮਈ ਨੂੰ ਮਨੀਪੁਰ ਦੇ ਬਹੁਗਿਣਤੀ ਭਾਈਚਾਰੇ ਮੈਤਈ ਅਤੇ ਕੁੱਕੀ ਕਬੀਲੇ ਦੇ ਪਹਾੜੀ ਲੋਕਾਂ ਵਿਚਕਾਰ ਹਿੰਸਾ ਭੜਕ ਪਈ ਸੀ। ਇਹ ਹਿੰਸਾਤਮਕ ਮਾਹੌਲ ਇਸ ਰਾਜ ਵਿੱਚ ਹਾਲੇ ਵੀ ਜਾਰੀ ਹੈ ਅਤੇ ਇਸ ਵਿੱਚ ਢਾਈ ਸੌ ਦੇ ਕਰੀਬ ਲੋਕ ਮਾਰੇ ਗਏ ਸਨ। ਇਸ ਹਿੰਸਾ ਦੌਰਾਨ ਕੁੱਕੀ ਕਬੀਲੇ ਨਾਲ ਸੰਬੰਧਤ ਔਰਤਾਂ ਦੀ ਨਗਨ ਪਰੇਡ ਕਰਵਾਏ ਜਾਣ ਤੋਂ ਬਾਅਦ ਇਹ ਮਸਲਾ ਕੌਮਾਂਤਰੀ ਪੱਧਰ 'ਤੇ ਚਰਚਾ ਦਾ ਵਿਸ਼ਾ ਬਣ ਗਿਆ ਸੀ। ਮਾਮਲੇ ਨੂੰ ਲੈ ਕੇ ਯੂਰਪੀਅਨ ਸੰਸਦ ਵਿੱਚ ਭਾਰਤ ਸਰਕਾਰ ਦੀ ਕਾਫੀ ਆਲੋਚਨਾ ਵੀ ਹੋਈ ਸੀ। ਇਸ ਤੋਂ ਇਲਾਵਾ ਅਮਰੀਕਾ ਨੇ ਵੀ ਇਹ ਮਾਮਲਾ ਭਾਰਤ ਸਰਕਾਰ ਕੋਲ ਉਠਾਇਆ ਸੀ। ਮਨੁੱਖੀ ਅਧਿਕਾਰ ਸੰਗਠਨ ਐਮਨੈਸਟੀ ਇੰਟਰਨੈਸ਼ਨਲ ਅਤੇ ਏਸ਼ੀਆ ਵਾਚ ਨੇ ਮਨੀਪੁਰ ਹਿੰਸਾ 'ਤੇ ਗੰਭੀਰ ਇਤਰਾਜ਼ ਪਰਗਟ ਕੀਤੇ ਸਨ।

ਮਨੀਪੁਰ ਵਿੱਚ ਫੈਲੀ ਇਸ ਹਿੰਸਾ ਦੀ ਇੱਥੋਂ ਦੇ ਲੋਕਾਂ ਨੂੰ ਭਾਰੀ ਕੀਮਤ ਤਾਰਨੀ ਪਈ ਹੈ। ਇਸ ਵਿੱਚ ਢਾਈ ਸੌ ਦੇ ਕਰੀਬ ਲੋਕਾਂ ਦੀ ਜਾਨ ਚਲੀ ਗਈ ਹੈ ਅਤੇ 60,000 ਲੋਕ ਘਰੋਂ ਬੇਘਰ ਹੋ ਗਏ ਹਨ। ਪਿਛਲੇ ਸਾਲ ਇਸ ਮਸਲੇ ਨੂੰ ਲੈ ਕੇ ਵਿਰੋਧੀ ਧਿਰਾਂ ਵੱਲੋਂ ਪਾਰਲੀਮੈਂਟ ਵਿੱਚ ਇੱਕ ਅਵਿਸ਼ਵਾਸ ਮਤਾ ਵੀ ਲਿਆਂਦਾ ਗਿਆ ਸੀ। ਇਹ ਮਤਾ ਭਾਵੇਂ ਕੇਂਦਰ ਦੀ ਭਾਜਪਾ ਸਰਕਾਰ ਨੂੰ ਕੋਈ ਨੁਕਸਾਨ ਪਹੁੰਚਾਉਣ ਵਿੱਚ ਅਸਫਲ ਰਿਹਾ ਸੀ, ਪਰ ਇਸ ਕਾਰਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਨੀਪੁਰ ਮਸਲੇ 'ਤੇ ਬੋਲਣਾ ਪਿਆ ਸੀ। ਅਸਲ ਵਿੱਚ ਵਿਰੋਧੀਆਂ ਵੱਲੋਂ ਪ੍ਰਧਾਨ ਮੰਤਰੀ ਦੀ ਮਨੀਪੁਰ ਮਸਲੇ 'ਤੇ ਚੁੱਪ ਨੂੰ ਤੋੜਨ ਲਈ ਹੀ ਇਹ ਅਵਿਸ਼ਵਾਸ ਮਤਾ ਲਿਆਂਦਾ ਗਿਆ ਸੀ। ਇਸ ਦੌਰਾਨ ਕਾਂਗਰਸ ਪਾਰਟੀ ਨੇ ਮਨੀਪੁਰ ਮੁੱਦੇ 'ਤੇ ਪ੍ਰਧਾਨ ਮੰਤਰੀ ਨੂੰ ਤੁਰੰਤ ਮਨੀਪੁਰ ਦਾ ਦੌਰਾ ਕਰਨ ਲਈ ਕਿਹਾ ਹੈ ਅਤੇ ਰਾਜ ਵਿੱਚ ਆਮ ਵਰਗਾ ਮਾਹੌਲ ਬਣਾਉਣ ਦੀ ਅਪੀਲ ਕੀਤੀ ਹੈ। ਕਾਂਗਰਸ ਪਾਰਟੀ ਦੇ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਕਿਹਾ ਕਿ 21 ਮਹੀਨੇ ਤੋਂ ਜਾਰੀ ਮਨੀਪੁਰ ਹਿੰਸਾ ਵਿੱਚ ਪ੍ਰਧਾਨ ਮੰਤਰੀ ਨੇ ਉਥੋਂ ਦੇ ਲੋਕਾਂ ਨੂੰ ਲਾਵਾਰਿਸ ਛੱਡ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜਨਵਰੀ 2022 ਦੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਪ੍ਰਧਾਨ ਮੰਤਰੀ ਨੇ ਮਨੀਪੁਰ ਦੀ ਧਰਤੀ 'ਤੇ ਕਦਮ ਨਹੀਂ ਰੱਖਿਆ।

ਮਨੀਪੁਰ ਹਿੰਸਾ ਇੱਥੋਂ ਦੀ ਹਾਈਕੋਰਟ ਵੱਲੋਂ ਮੈਤਈ ਭਾਈਚਾਰੇ ਦੀ ਰਾਖਵੇਂ ਕਬੀਲੇ (ਸ਼ਡਿਊਲਡ ਟਰਾਈਬ) ਦੀ ਮੰਗ ਨੂੰ ਸਵੀਕਾਰ ਕਰਨ ਲਈ ਸਰਕਾਰ ਨੂੰ ਦਿੱਤੇ ਗਏ ਹੁਕਮ ਤੋਂ ਬਾਅਦ ਸ਼ੁਰੂ ਹੋਈ ਸੀ। 27 ਅਪ੍ਰੈਲ 2023 ਨੂੰ ਇਸ ਖਿਲਾਫ ਪਹਾੜੀ ਖੇਤਰ ਦੇ ਕੁੱਕੀ ਅਤੇ ਹੋਰ ਕਬੀਲਿਆਂ ਦੇ ਲੋਕਾਂ ਵੱਲੋਂ ਪ੍ਰਦਰਸ਼ਨ ਸ਼ੁਰੂ ਹੋ ਗਏ। ਇਸੇ ਦਰਮਿਆਨ ਪ੍ਰਦਰਸ਼ਨਕਾਰੀਆਂ ਵੱਲੋਂ ਚੁਰਚਾਂਦਪੁਰ ਵਿੱਚ ਇੱਕ ਜਿੰਮ ਸਾੜ ਦਿੱਤਾ ਗਿਆ। ਇਸ ਜਿੰਮ ਦਾ ਉਦਘਾਟਨ ਤਤਕਾਲੀ ਮੁੱਖ ਮੰਤਰੀ ਬੀਰੇਨ ਸਿੰਘ ਨੇ ਕਰਨਾ ਸੀ। ਮਗਰੋਂ ਚੁਰਚਾਂਦਪੁਰ ਤੋਂ ਸ਼ੁਰੂ ਹੋਈ ਇਹ ਹਿੰਸਾ ਰਾਜ ਦੇ ਹੋਰਨਾਂ ਹਿੱਸਿਆਂ ਵਿੱਚ ਫੈਲ ਗਈ। ਇਸ ਤੋਂ ਬਾਅਦ ਮਨੀਪੁਰ ਵਿਧਾਨ ਸਭਾ ਦੇ ਸਾਰੇ ਕੁੱਕੀ ਮੈਂਬਰ ਆਪਣੇ ਭਾਈਚਾਰੇ ਲਈ ਵੱਖਰੇ ਪ੍ਰਸ਼ਾਸਨਿਕ ਖੇਤਰ ਦੀ ਮੰਗ ਕਰਨ ਲੱਗ ਪਏ ਸਨ। 19 ਜੁਲਾਈ 2023 ਨੂੰ ਦੋ ਕੁੱਕੀ ਔਰਤਾਂ ਦੀ ਮੈਤਈ ਭੀੜ ਵੱਲੋਂ ਨਗਨ ਪ੍ਰੇਡ ਕਰਵਾਈ ਗਈ ਅਤੇ ਇਸ ਦੀ ਵੀਡੀਓ ਇੰਟਰਨੈਟ 'ਤੇ ਪਾ ਦਿੱਤੀ ਗਈ। ਅਗਲੇ ਦਿਨ ਪ੍ਰਧਾਨ ਮੰਤਰੀ ਵੱਲੋਂ ਇਸ ਮਸਲੇ 'ਤੇ ਆਪਣੀ ਚੁੱਪ ਤੋੜੀ ਗਈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਤਾਂ ਭਾਵੇਂ ਮਈ ਮਹੀਨੇ ਦੇ ਅੰਤ ਵਿੱਚ ਮਨੀਪੁਰ ਦਾ ਦੌਰਾ ਕੀਤਾ ਗਿਆ, ਪਰ ਪ੍ਰਧਾਨ ਮੰਤਰੀ ਨੇ ਹਾਲੇ ਤੱਕ ਵੀ ਇਸ ਹਿੰਸਾ ਦੇ ਮੱਦੇਨਜ਼ਰ ਮਨੀਪੁਰ ਦਾ ਦੌਰਾ ਨਹੀਂ ਕੀਤਾ।

ਇਸ ਕਲੇਸ਼ ਦੌਰਾਨ ਸਰਕਾਰ ਵਿਰੋਧੀ ਪ੍ਰਦਰਸ਼ਨਕਾਰੀਆਂ ਨੇ ਮੁੱਖ ਮੰਤਰੀ ਦੇ ਘਰ ਵਿੱਚ ਦਾਖਲ ਹੋਣ ਦਾ ਵੀ ਯਤਨ ਕੀਤਾ, ਪਰ ਸੁਰੱਖਿਆ ਦਸਤਿਆਂ ਵੱਲੋਂ ਉਨ੍ਹਾਂ ਨੂੰ ਰੋਕ ਦਿੱਤਾ ਗਿਆ। ਪਿਛਲੇ ਸਾਲ ਜੁਲਾਈ ਵਿੱਚ ਕੁੱਕੀ ਪੀਪਲ ਅਲਾਇੰਸ ਵੱਲੋਂ ਸਰਕਾਰ ਤੋਂ ਹਮਾਇਤ ਵਾਪਸ ਲੈ ਲਈ ਗਈ। ਰਾਜ ਵਿੱਚ ਬਹੁਤ ਸਾਰੀਆਂ ਥਾਵਾਂ 'ਤੇ ਕਰਫਿਊ ਲੱਗਿਆ ਰਿਹਾ ਅਤੇ ਲੋਕ ਇਸ ਦੀ ਉਲੰਘਣਾ ਕਰਦੇ ਰਹੇ। ਬੀਤੇ ਵਰ੍ਹੇ 31 ਦਸੰਬਰ ਨੂੰ ਬੀਰੇਨ ਸਿੰਘ ਨੇ ਲੋਕਾਂ ਤੋਂ ਮੁਆਫੀ ਵੀ ਮੰਗੀ ਸੀ, ਪਰ ਮਸਲਾ ਰਿੜਕਦਾ ਰਿਹਾ। ਨਵੰਬਰ 2023 ਵਿੱਚ ਵੀ ਮੈਤਈ ਕਬੀਲੇ ਨਾਲ ਸੰਬੰਧਤ ਸ਼ੱਕੀਆਂ ਵੱਲੋਂ ਇੱਕ ਔਰਤ ਨਾਲ ਬਲਾਤਕਾਰ ਕਰਨ ਤੋਂ ਬਾਅਦ ਉਸ ਨੂੰ ਸਾੜ ਕੇ ਮਾਰ ਦਿੱਤਾ ਗਿਆ ਸੀ। ਇਨ੍ਹਾਂ ਘਟਨਾਵਾਂ ਕਾਰਨ ਮਨੀਪੁਰ ਦੀ ਇੰਫਾਲ ਘਾਟੀ ਦੇ ਮੈਤਈ ਅਤੇ ਪਹਾੜੀ ਕੁੱਕੀ ਲੋਕ ਆਪਸ ਵਿੱਚ ਪੂਰੀ ਤਰ੍ਹਾਂ ਵੰਡੇ ਗਏ।

ਮਨੀਪੁਰ ਦੀ ਭਾਜਪਾ ਸਰਕਾਰ ਦਾ ਮੌਜੂਦਾ ਸੰਕਟ ਉਦੋਂ ਸ਼ੁਰੂ ਹੋਇਆ, ਜਦੋਂ ਮਨੀਪੁਰ ਕਾਂਗਰਸ ਦੇ ਕੁਝ ਅਸੈਂਬਲੀ ਮੈਂਬਰ ਭਾਜਪਾ ਵਿੱਚ ਚਲੇ ਗਏ ਅਤੇ ਬਾਅਦ ਵਿੱਚ ਉਹ ਦਲ ਬਦਲੀ ਕਾਨੂੰਨ ਤਹਿਤ ਡਿਸਕੁਆਲਫਾਈ ਹੋ ਗਏ। ਇਸ ਕਾਰਨ ਮਨੀਪੁਰ ਭਾਜਪਾ ਵਿੱਚ ਫੁੱਟ ਪੈ ਗਈ ਅਤੇ ਵਿਰੋਧੀ ਧਿਰ ਨੇ ਅਵਿਸ਼ਵਾਸ ਮਤਾ ਲਿਆਉਣ ਦਾ ਐਲਾਨ ਕਰ ਦਿੱਤਾ। ਭਾਜਪਾ ਦੀ ਸੀਨੀਅਰ ਲੀਡਰਸ਼ਿਪ ਪਾਰਟੀ ਵਿੱਚ ਪਈ ਇਸ ਫੁੱਟ ਖਤਮ ਕਰਕੇ ਮਨੀਪੁਰ ਸਰਕਾਰ ਨੂੰ ਬਚਾਉਣ ਦਾ ਯਤਨ ਕਰ ਰਹੀ ਹੈ। ਯਾਦ ਰਹੇ, 60 ਸੀਟਾਂ ਵਾਲੀ ਮਨੀਪੁਰ ਵਿਧਾਨ ਸਭਾ ਵਿੱਚ ਭਾਰਤੀ ਜਨਤਾ ਦੇ 32 ਮੈਂਬਰ ਚੁਣੇ ਗਏ ਸਨ। ਜਦਕਿ ਭਾਜਪਾ ਨਾਲ ਮਿਲ ਕੇ ਸਰਕਾਰ ਬਣਾਉਣ ਵਾਲੀ ਨੈਸ਼ਨਲ ਪੀਪਲ ਪਾਰਟੀ ਦੇ 7 ਮੈਂਬਰ ਹਨ। ਇਸ ਤੋਂ ਇਲਾਵਾ ਕੁੱਕੀ ਪੀਪਲ ਅਲਾਇੰਸ ਦੇ 2, ਜਨਤਾ ਦਲ ਯੂਨਾਈਟਿਡ ਦੇ 6, ਕਾਂਗਰਸ ਪਾਰਟੀ ਦੇ 5, ਨਾਗਾ ਪੀਪਲ ਫਰੰਟ ਦੇ 5 ਅਤੇ 3 ਆਜ਼ਾਦ ਅਸੈਂਬਲੀ ਮੈਂਬਰ ਹਨ। ਜਨਤਾ ਦਲ ਯੂਨਾਈਟਿਡ ਦੇ ਮੈਂਬਰ ਵਿਰੋਧੀ ਧਿਰ ਵੱਲੋਂ ਪੱਟ ਲਏ ਗਏ ਹਨ, ਜਦਕਿ 60 ਸੀਟਾਂ ਵਾਲੀ ਮਨੀਪੁਰ ਅਸੈਂਬਲੀ ਵਿੱਚ ਬਹੁਮਤਿ ਲਈ 31 ਮੈਂਬਰ ਲੋੜੀਂਦੇ ਹਨ।

# ਦਿੱਲੀ ਚੋਣ ਨਤੀਜਿਆਂ ਦੇ ਪੰਜਾਬ ਸਰਕਾਰ 'ਤੇ ਅਸਰ ਪੈਣ ਦੇ ਆਸਾਰ

***ਦਿੱਲੀ 'ਚ ਭਾਜਪਾ ਨੂੰ 48 ਅਤੇ 'ਆਪ' ਨੂੰ 22 ਸੀਟਾਂ ਮਿਲੀਆਂ *ਮੁਫਤ ਵਾਲੀਆਂ ਰਿਉੜੀਆਂ ਹੀ ਲੈ ਬੈਠੀਆਂ***

ਪੰਜਾਬੀ ਪਰਵਾਜ਼ ਬਿਊਰੋ

ਦਿੱਲੀ ਵਿੱਚ ਆਮ ਆਦਮੀ ਪਾਰਟੀ ਚੋਣਾਂ ਹਾਰ ਗਈ ਹੈ। ਭਾਰਤੀ ਜਨਤਾ ਪਾਰਟੀ ਨੇ ਦਿੱਲੀ ਵਿਧਾਨ ਸਭਾ ਦੀਆਂ 48 ਸੀਟਾਂ ਜਿੱਤ ਲਈਆਂ ਹਨ, ਜਦਕਿ ਆਮ ਆਦਮੀ ਪਾਰਟੀ ਕੇਵਲ 22 ਸੀਟਾਂ ਹਾਸਲ ਕਰ ਸਕੀ ਹੈ। 70 ਲੋਕ ਸਭਾ ਸੀਟਾਂ ਵਾਲੀ ਦਿੱਲੀ ਵਿਧਾਨ ਸਭਾ ਵਿੱਚ ਬਹੁਮਤਿ ਪ੍ਰਾਪਤ ਕਰਨ ਲਈ ਸਿਰਫ 36 ਸੀਟਾਂ ਜਿੱਤਣ ਦੀ ਜ਼ਰੂਰਤ ਸੀ। 'ਆਪ' ਦੇ ਸਾਰੇ ਵੱਡੇ ਲੀਡਰ, ਜਿਨ੍ਹਾਂ ਵਿੱਚ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ, ਦੁਰਗੇਸ਼ ਪਾਠਕ, ਸਾਬਕਾ ਉੱਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਅਤੇ ਸਤਿੰਦਰ ਜੈਨ ਆਦਿ ਸ਼ਾਮਲ ਹਨ, ਚੋਣਾਂ ਹਾਰ ਗਏ ਹਨ। ਹਾਲਾਂਕਿ ਕੇਜਰੀਵਾਲ ਦੇ ਜੇਲ੍ਹ ਵਿੱਚੋਂ ਬਾਹਰ ਆਉਣ ਤੋਂ ਬਾਅਦ ਦਿੱਲੀ ਦੀ ਮੁੱਖ ਮੰਤਰੀ ਬਣੀ ਆਤਿਸ਼ੀ ਸਿੰਘ ਚੋਣ ਜਿੱਤਣ ਵਿੱਚ ਕਾਮਯਾਬ ਰਹੇ ਹਨ।

ਭਾਜਪਾ ਦੀ ਦਿੱਲੀ ਜਿੱਤ ਦੇ ਬਾਵਜੂਦ ਦੋਹਾਂ ਪਾਰਟੀਆਂ ਦੀ ਜਿੱਤ ਹਾਰ ਵਿਚਕਾਰ ਫਰਕ ਸਿਰਫ ਤਿੰਨ ਫੀਸਦੀ ਵੋਟਾਂ ਦਾ ਹੈ। ਕਾਂਗਰਸ ਪਾਰਟੀ ਨੂੰ ਦਿੱਲੀ ਵਿਧਾਨ ਸਭਾ ਦੀ ਕੋਈ ਸੀਟ ਵੀ ਹਾਸਲ ਨਹੀਂ ਹੋਈ ਹੈ, ਪਰ ਕਾਂਗਰਸ ਪਾਰਟੀ ਤਕਰੀਬਨ 12 ਸੀਟਾਂ 'ਤੇ ਇੰਨੇ ਕੁ ਵੋਟ ਜ਼ਰੂਰ ਲੈ ਗਈ, ਜਿਨ੍ਹਾਂ ਨਾਲ 'ਆਪ' ਦੇ ਉਮੀਦਵਾਰ ਹਾਰ ਗਏ। ਇਸ ਤੋਂ ਲਗਦਾ ਹੈ ਕਿ ਵਿਰੋਧੀ ਧਿਰਾਂ ਵੱਲੋਂ ਬਣਾਏ ਗਏ 'ਇੰਡੀਆ' ਗੱਠਜੋੜ ਨਾਲੋਂ ਟੁੱਟਣ ਦੀ ਵੀ 'ਆਪ' ਨੂੰ ਕੀਮਤ ਤਾਰਨੀ ਪਈ ਹੈ। ਇਸੇ ਤੱਥ ਨੂੰ ਮੁੱਖ ਰੱਖਦਿਆਂ ਦਿੱਲੀ ਵਿੱਚ 'ਆਪ' ਦੀ ਹਾਰ 'ਤੇ ਤਨਜ਼ ਕੱਸਦਿਆਂ ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਕਿਹਾ, 'ਹੋਰ ਲੜੋ ਆਪਸ ਵਿੱਚ!' ਆਮ ਆਦਮੀ ਪਾਰਟੀ ਅਤੇ ਕਾਂਗਰਸ ਦਿੱਲੀ ਕੇਸ ਤੋਂ ਕੁਝ ਸਿੱਖਦੇ ਹਨ ਕਿ ਨਹੀਂ, ਇਸ ਦਾ ਪਤਾ ਆਉਣ ਵਾਲੇ ਕੁਝ ਦਿਨਾਂ ਵਿੱਚ ਹੀ ਲੱਗ ਜਾਣਾ ਹੈ, ਕਿਉਂਕਿ ਬਿਹਾਰ ਦੀਆਂ ਵਿਧਾਨ ਸਭਾ ਚੋਣਾਂ ਲਈ ਤਿਆਰੀ ਹੁਣੇ ਤੋਂ ਸ਼ੁਰੂ ਹੋ ਜਾਣੀ ਹੈ।

ਆਮ ਆਦਮੀ ਪਾਰਟੀ ਨੇ ਇਨ੍ਹਾਂ ਚੋਣਾਂ ਵਿੱਚ 43.57 ਫੀਸਦੀ ਵੋਟ ਹਾਸਲ ਕੀਤੇ ਹਨ, ਜਦਕਿ ਭਾਰਤੀ ਜਨਤਾ ਪਾਰਟੀ ਨੂੰ 45.56 ਫੀਸਦੀ ਵੋਟਾਂ ਹਾਸਲ ਹੋਈਆਂ ਹਨ। ਉਂਝ ਪਿਛਲੀ ਵਿਧਾਨ ਸਭਾ ਦੀਆਂ ਚੋਣਾਂ ਦੇ ਮੁਕਾਬਲੇ ਆਮ ਆਦਮੀ ਪਾਰਟੀ ਦਾ ਵੋਟ ਸ਼ੇਅਰ 10 ਫੀਸਦੀ ਘਟ ਗਿਆ ਹੈ ਅਤੇ ਭਾਜਪਾ ਦਾ ਪਿਛਲੀਆਂ ਚੋਣਾਂ ਦੇ ਮੁਕਾਬਲੇ 7 ਫੀਸਦੀ ਵੋਟ ਸ਼ੇਅਰ ਵਧਿਆ ਹੈ। 'ਆਪ' ਨੂੰ 2020 ਦੀਆਂ ਵਿਧਾਨ ਸਭਾ ਚੋਣਾਂ ਵਿੱਚ 53.57 ਫੀਸਦੀ ਵੋਟ ਸ਼ੇਅਰ ਮਿਲਿਆ ਸੀ, ਜਦਕਿ ਭਾਜਪਾ ਨੇ ਉਸ ਚੋਣ ਵਿੱਚ 38.51 ਫੀਸਦੀ ਵੋਟਾਂ ਹਾਸਲ ਕੀਤੀਆਂ ਸਨ। ਇੰਨੇ ਕੁ ਫਰਕ ਦੇ ਬਾਵਜੂਦ ਭਾਰਤੀ ਜਨਤਾ ਪਾਰਟੀ ਦਿੱਲੀ ਵਿਧਾਨ ਸਭਾ ਦੀਆਂ 48 ਸੀਟਾਂ ਜਿੱਤ ਗਈ ਹੈ। ਇਸ ਜਿੱਤ ਦੇ ਨਾਲ ਹੀ ਦਿੱਲੀ ਦੇ ਨਵੇਂ ਮੁੱਖ ਮੰਤਰੀ ਲਈ ਦੌੜ ਸ਼ੁਰੂ ਹੋ ਗਈ ਹੈ, ਜਿਸ ਵਿੱਚ ਮਨਜਿੰਦਰ ਸਿੰਘ ਸਰਸਾ ਦਾ ਨਾਮ ਵੀ ਲਿਆ ਜਾ ਰਿਹਾ ਹੈ। ਇਸ ਕਿਸਮ ਦੀਆਂ ਖ਼ਬਰਾਂ ਵੀ ਹਨ ਕਿ ਭਾਜਪਾ ਪੰਜਾਬ ਵਿੱਚ ਆਪਣੇ ਪੈਰ ਜਮਾਉਣ ਅਤੇ ਬਿਹਾਰ ਵਿੱਚ ਸਾਲ ਦੇ ਅੰਤ ਵਿੱਚ ਆ ਰਹੀਆਂ ਚੋਣਾਂ ਜਿੱਤਣ ਲਈ ਇਨ੍ਹਾਂ ਦੋਹਾਂ ਰਾਜਾਂ ਤੋਂ ਦੋ ਉੱਪ ਮੁੱਖ ਮੰਤਰੀ ਵੀ ਬਣਾ ਸਕਦੀ ਹੈ। ਇਨ੍ਹਾਂ ਚੋਣ ਨਤੀਜਿਆਂ ਤੋਂ ਬਾਅਦ ਜਿੱਥੇ ਪ੍ਰਧਾਨ ਮੰਤਰੀ ਨੇ ਅਣਮਿਣਵੀਂ ਖੁਸ਼ੀ ਜ਼ਾਹਰ ਕੀਤੀ, ਉਥੇ 'ਆਪ' ਆਗੂਆਂ ਅਤੇ ਕੈਡਰ ਵਿੱਚ ਵੱਡੀ ਨਿਰਾਸ਼ਾ ਵੇਖਣ ਨੂੰ ਮਿਲੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਮ ਆਦਮੀ ਪਾਰਟੀ ਦੀ ਹਾਰ ਨੂੰ 'ਠੱਗ ਸਿਆਸਤ ਦਾ ਖਾਤਮਾ' ਆਖਿਆ। ਪਾਰਲੀਮੈਂਟ ਵਿੱਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਦਿੱਲੀ ਵਿਧਾਨ ਸਭਾ ਵਿੱਚ ਆਪਣੀ ਪਾਰਟੀ ਦੀ ਕਾਰਗੁਜ਼ਾਰੀ ਬਾਰੇ ਕੁਝ ਨਾ ਕਹਿੰਦਿਆਂ ਦਿੱਲੀ ਸਮੇਤ ਦੇਸ਼ ਦੀ ਤਰੱਕੀ, ਪ੍ਰਦੂਸ਼ਣ, ਮਹਿੰਗਾਈ, ਫਿਰਕਾਪ੍ਰਸਤੀ ਅਤੇ ਭ੍ਰਿਸ਼ਟਾਚਾਰ ਦੇ ਖਾਤਮੇ ਲਈ ਆਪਣੀ ਲੜਾਈ ਜਾਰੀ ਰੱਖਣ ਦਾ ਐਲਾਨ ਕੀਤਾ ਹੈ। ਕਾਂਗਰਸ ਪਾਰਟੀ ਦੇ ਹੋਰ ਆਗੂਆਂ, ਮੈਂਬਰ ਪਾਰਲੀਮੈਂਟ ਪ੍ਰਿਯੰਕਾ ਗਾਂਧੀ ਅਤੇ ਜੈ ਰਾਮ ਰਮੇਸ਼ ਨੇ 'ਆਪ' ਦੀ ਹਾਰ 'ਤੇ ਤਸੱਲੀ ਦਾ ਇਜ਼ਹਾਰ ਕੀਤਾ। ਪ੍ਰਿਯੰਕਾ ਗਾਂਧੀ ਨੇ



ਭਗਵੰਤ ਮਾਨ ਅਤੇ ਅਰਵਿੰਦ ਕੇਜਰੀਵਾਲ

ਆਖਿਆ ਕੇ ਦਿੱਲੀ ਦੇ ਲੋਕ 'ਆਪ' ਤੋਂ ਅੱਕ ਚੁੱਕੇ ਸਨ ਅਤੇ ਉਨ੍ਹਾਂ ਨੇ ਤਬਦੀਲੀ ਲਈ ਵੋਟਾਂ ਪਾਈਆਂ ਹਨ। ਭਾਰਤੀ ਜਨਤਾ ਪਾਰਟੀ ਅਤੇ ਕੇਂਦਰ ਦੇ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਵੀ ਕੁਝ ਇਸੇ ਕਿਸਮ ਦੇ ਵਿਚਾਰ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਇਹ ਆਮ ਆਦਮੀ ਪਾਰਟੀ ਦੀ ਨਹੀਂ, ਸਗੋਂ ਕੇਜਰੀਵਾਲ ਦੇ ਝੂਠ ਅਤੇ ਹੰਕਾਰ ਦੀ ਹਾਰ ਹੋਈ ਹੈ। ਪੰਜਾਬ ਭਾਜਪਾ ਦੇ ਆਗੂ ਸੁਨੀਲ ਜਾਖੜ ਨੇ ਭਾਜਪਾ ਦੀ ਦਿੱਲੀ ਵਿੱਚ ਜਿੱਤ ਲਈ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਨੂੰ ਵਧਾਈ ਦਿੱਤੀ ਹੈ।

'ਆਪ' ਦੀ ਹਾਰ ਨੂੰ ਜੇ ਨਜ਼ਦੀਕ ਤੋਂ ਵੇਖਿਆ ਜਾਵੇ ਤਾਂ ਪਤਾ ਲਗਦਾ ਹੈ ਕਿ ਪਾਰਟੀ ਦਾ ਕੋਰ ਵੋਟ ਬੈਂਕ ਹਾਲੇ ਵੀ ਬਚਿਆ ਹੋਇਆ ਹੈ, ਪਰ ਔਰਤਾਂ ਅਤੇ ਮੱਧ ਵਰਗੀ ਤਬਕਾ ਭਾਰਤੀ ਜਨਤਾ ਪਾਰਟੀ ਵੱਲ ਪਰਤ ਗਿਆ। ਇਹ ਅਸਲ ਵਿੱਚ ਚਲਵਾਂ (ਸਵਿੰਗ) ਵੋਟਰ ਹੀ ਹੈ, ਜਿਹੜਾ ਆਪਣੀ ਵਫਾਦਰੀ ਬਦਲਦਾ ਰਹਿੰਦਾ ਹੈ। ਭਾਜਪਾ ਨੂੰ ਬਹੁਤੀਆਂ ਸੀਟਾਂ ਨਵੀਂ ਦਿੱਲੀ ਅਤੇ ਸਾਊਥ ਦਿੱਲੀ ਵਿੱਚੋਂ ਮਿਲੀਆਂ ਹਨ, ਜਿੱਥੇ ਇਨ੍ਹਾਂ ਤਬਕਿਆਂ ਦਾ ਵਸੇਬਾ ਹੈ। ਇਸ ਤੋਂ ਇਲਾਵਾ ਸਿੱਖ ਵੋਟਰ ਨੇ ਵੀ 'ਆਪ' ਵਿੱਚ ਵਿਸ਼ਵਾਸ ਨਹੀਂ ਪ੍ਰਗਟਾਇਆ। ਸਿੱਖ ਬਹੁਲ ਹਲਕਿਆਂ ਵਿੱਚ ਵੀ ਭਾਰਤੀ ਜਨਤਾ ਪਾਰਟੀ ਜਿੱਤ ਪ੍ਰਾਪਤ ਕਰ ਗਈ ਹੈ। ਦਿੱਲੀ ਚੋਣਾਂ ਵਿੱਚ 5 ਸਿੱਖ ਚਿਹਰੇ ਜਿੱਤੇ ਹਨ, ਜਿਨ੍ਹਾਂ ਵਿੱਚ 4 ਭਾਜਪਾ ਅਤੇ 'ਆਪ' ਵੱਲੋਂ ਜਰਨੈਲ ਸਿੰਘ ਨੇ ਬਾਜ਼ੀ ਮਾਰੀ ਹੈ। ਦਿੱਲੀ ਵਿਚ 'ਆਪ' ਨਾਲ ਸਿੱਖ ਨਾਰਾਜ਼ਗੀ ਸਮਝ ਆਉਂਦੀ ਹੈ। ਕੇਜਰੀਵਾਲ ਨੇ ਦਿੱਲੀ ਵਿੱਚ ਆਪਣੀਆਂ ਸਰਕਾਰਾਂ ਦੇ ਮੰਤਰਾਲਿਆਂ ਵਿੱਚ ਕਿਸੇ ਸਿੱਖ ਨੁਮਾਇੰਦੇ ਨੂੰ ਪ੍ਰਤੀਨਿਧਤਾ ਨਹੀਂ ਦਿੱਤੀ। ਇਸ ਤੋਂ ਇਲਾਵਾ ਸਿੱਖ ਬੰਦੀਆਂ, ਖਾਸ ਕਰਕੇ ਦਵਿੰਦਰ ਸਿੰਘ ਭੁੱਲਰ ਨੂੰ ਰਿਹਾਅ ਕਰਨ ਦੀਆਂ ਅਪੀਲਾਂ 'ਤੇ ਆਮ ਆਦਮੀ ਪਾਰਟੀ ਨੇ ਨਾਂਹ ਮੁਖੀ ਰਵੱਈਆ ਅਪਣਾਇਆ। ਗੰਭੀਰ ਬਿਮਾਰ ਹੋਣ ਦੇ ਬਾਵਜੂਦ ਉਸ ਨੂੰ ਰਿਹਾਅ ਨਹੀਂ ਕੀਤਾ, ਜੋ ਕਿ 'ਆਪ' ਸਰਕਾਰ ਕਰ ਸਕਦੀ ਸੀ। ਫਿਰ ਵੀ ਦਿੱਲੀ ਦੇ ਝੁੱਗੀ ਝੌਂਪੜੀ ਅਤੇ ਗਰੀਬ ਤਬਕੇ ਆਮ ਆਦਮੀ ਪਾਰਟੀ ਨਾਲ ਜੁੜੇ ਰਹੇ ਹਨ। ਇਸੇ ਕਰਕੇ ਵੋਟ ਸ਼ੇਅਰ ਦੇ ਮਾਮਲੇ ਵਿੱਚ 'ਆਪ' ਭਾਜਪਾ ਦੇ ਨੇੜੇ ਚਲੀ ਗਈ ਹੈ।

ਹਿੰਦੁਸਤਾਨ ਦੇ ਕੁਝ ਅੰਗਰੇਜ਼ੀ ਅਖਬਾਰਾਂ ਵਿੱਚ ਛਪੇ ਵਿਸ਼ਲੇਸ਼ਣਾਂ ਅਨੁਸਾਰ ਆਮ ਆਦਮੀ ਪਾਰਟੀ ਦੀ ਕੋਈ ਵਿਚਾਰਧਾਰਾ ਨਾ ਹੋਣ ਦਾ ਪੈਂਤੜਾ ਵੀ ਇਸ ਦੇ ਉਲਟ ਭੁਗਤਿਆ। 'ਵਿਚਾਰਧਾਰਾ ਰਹਿਤ' ਪਾਰਟੀ ਦਾ ਝੰਡਾ ਚੁੱਕਣ ਦੇ ਬਾਵਜੂਦ 'ਆਪ' ਦੀ ਲੀਡਰਸ਼ਿੱਪ 'ਹਨੂੰਮਾਨ ਭਗਤ' ਹੋਣ ਦਾ ਵਿਖਾਵਾ ਕਰਦੀ ਰਹੀ ਹੈ। ਇਸ ਪਾਰਟੀ ਦੇ ਲੀਡਰ ਜਨਤਕ ਤੌਰ 'ਤੇ 'ਹਨੂਮਾਨ ਚਾਲੀਸਾ' ਪੜ੍ਹਦੇ ਰਹੇ ਹਨ। ਅਸਲ ਵਿੱਚ ਆਮ ਆਦਮੀ ਪਾਰਟੀ ਬੀ.ਜੇ.ਪੀ. ਵਾਲੀ ਹਿੰਦੂਤਵੀ ਪਿੱਚ 'ਤੇ ਖੇਡ ਕੇ ਹੀ ਭਾਜਪਾ ਨੂੰ ਹਰਾਉਣ ਦਾ ਯਤਨ ਕਰ ਰਹੀ ਸੀ। ਇਸ ਤੋਂ ਇਲਾਵਾ ਦਿੱਲੀ ਵਿੱਚ ਹੋਏ ਮੁਸਲਿਮ ਵਿਰੋਧੀ ਦੰਗਿਆਂ ਵਿੱਚ ਪਾਰਟੀ ਨੇ ਡੱਕਾ ਤੋੜ ਕੇ ਦੂਹਰਾ ਨਹੀਂ ਕੀਤਾ। ਇੱਥੋਂ ਤੱਕ ਕਿ ਜਿਨ੍ਹਾਂ ਇਲਾਕਿਆਂ ਵਿੱਚ ਦੰਗੇ ਹੋਏ, ਪਾਰਟੀ ਲੀਡਰਸ਼ਿੱਪ ਨੇ ਉਸ ਖੇਤਰ ਦਾ ਦੌਰਾ ਤੱਕ ਨਹੀਂ ਕੀਤਾ। ਇਸ ਕਰਕੇ ਦਿੱਲੀ ਦਾ ਮੁਸਲਿਮ ਵੋਟਰ ਵੀ ਆਮ ਆਦਮੀ ਪਾਰਟੀ ਤੋਂ ਦੂਰ ਹੋ ਗਿਆ। ਕੇਂਦਰ ਸਰਕਾਰ ਵੱਲੋਂ ਇੱਕ ਆਰਡੀਨੈਂਸ ਰਾਹੀਂ ਬਹੁਤੀਆਂ ਸ਼ਕਤੀਆਂ ਲੈਫਟੀਨੈਂਟ ਗਵਰਨਰ ਨੂੰ ਦਿੱਤੇ ਜਾਣ ਨਾਲ 'ਆਪ' ਲੋੜੀਂਦੀਆਂ ਸਿਵਲ ਸੇਵਾਵਾਂ ਪ੍ਰਦਾਨ ਕਰਨ ਦੇ ਮਾਮਲੇ ਵਿੱਚ ਵੀ ਅਪੰਗ ਹੋ ਗਈ। ਦਿੱਲੀ ਨਗਰ ਨਿਗਮ 'ਤੇ ਪਾਰਟੀ ਦਾ ਕਬਜਾ ਹੋਣ ਦੇ ਬਾਵਜੂਦ ਸੀਵਰੇਜ, ਪੀਣ ਵਾਲੇ ਪਾਣੀ ਦੀ ਸਪਲਾਈ ਅਤੇ ਟ੍ਰੈਫਿਕ ਅਨਾਰਕੀ ਨੇ ਦਿੱਲੀ ਦੇ ਮੱਧ ਵਰਗ ਦਾ 'ਆਪ' ਤੋਂ ਮੋਹ ਭੰਗ ਕਰ ਦਿੱਤਾ। ਇਸ ਤੋਂ ਇਲਾਵਾ ਵੋਟਰਾਂ ਵਿੱਚ ਮੁਫਤ ਸਹੂਲਤਾਂ ਵੰਡਣ ਵਾਲੀ ਸਿਆਸਤ ਵੀ ਆਮ ਆਦਮੀ ਪਾਰਟੀ ਦੇ ਉਲਟ ਭੁਗਤੀ। ਕੇਜਰੀਵਾਲ ਵੱਲੋਂ ਆਪਣੀ ਦਿੱਲੀ ਮੁਹਿੰਮ ਦੌਰਾਨ ਔਰਤਾਂ ਨੂੰ 2100 ਰੁਪਏ ਮਹੀਨਾ ਦੇਣ ਦਾ ਵਾਅਦਾ ਕੀਤਾ ਗਿਆ, ਪਰ ਵਿਰੋਧੀਆਂ ਨੇ ਪੰਜਾਬ ਵਿੱਚ ਵਾਅਦੇ ਅਨੁਸਾਰ 1000/- ਨਾ ਦੇਣ ਦਾ ਮੁੱਦਾ ਉਠਾ ਦਿੱਤਾ। ਭਾਜਪਾ ਨੇ ਦਿੱਲੀ ਵਿੱਚ ਔਰਤਾਂ ਨੂੰ ਹਰ ਮਹੀਨੇ 2500/- ਰੁਪਏ ਦੇਣ ਦਾ ਵਾਅਦਾ ਚੋਣ 'ਬਜ਼ਾਰ ਵਿੱਚ ਸੁੱਟ ਦਿੱਤਾ। ਇਸ ਦੇ ਨਾਲ ਹੀ ਦੀਵਾਲੀ-ਹੋਲੀ ਮੌਕੇ ਦੋ ਗੈਸ ਸਿਲੰਡਰ ਮੁਫਤ। ਭਾਜਪਾ ਨੇ ਆਪਣਾ ਅੰਤਿਮ ਕਿੱਲ ਪਹਿਲੀ ਫਰਵਰੀ ਨੂੰ ਚੋਣਾਂ ਤੋਂ ਐਨ ਪਹਿਲਾਂ ਟੈਕਸ ਛੋਟਾਂ ਦਾ ਐਲਾਨ ਕਰਕੇ ਗੱਡਿਆ। ਇਸ ਤੋਂ ਇਲਾਵਾ ਥਾਂ-ਥਾਂ ਉਛਲਦੇ ਸੀਵਰੇਜ਼, ਬੀਤੀਆਂ ਗਰਮੀਆਂ ਵਿੱਚ ਪਾਣੀ ਦੀ ਕਮੀ ਅਤੇ ਆਮ ਆਦਮੀ ਪਾਰਟੀ ਦੇ ਸਾਰੇ ਵੱਡੇ ਆਗੂਆਂ 'ਤੇ ਲੱਗੇ ਭ੍ਰਿਸ਼ਟਾਚਾਰ ਦੇ ਦੋਸ਼ਾਂ, ਜੇਲ੍ਹ ਦੇ ਚੱਕਰਾਂ ਨੇ ਵੀ ਆਪਣੀ ਭੂਮਿਕਾ ਨਿਭਾਈ। ਕੇਜਰੀਵਾਲ ਵੱਲੋਂ ਮੁੱਖ ਮੰਤਰੀ ਦੀ ਰਿਹਾਇਸ਼ ਨੂੰ ਸ਼ਾਹਾਨਾ ਸਹੂਲਤਾਂ ਨਾਲ ਲੈਸ ਕਰਨ ਦਾ ਯਤਨ ਵੀ 'ਆਪ' ਦੇ ਵਿਰੁਧ ਭੁਗਤਿਆ। ਇਸ ਨੂੰ ਭਾਜਪਾ ਨੇ ਚੋਣਾਂ ਵਿੱਚ 'ਸ਼ੀਸ਼ ਮਹਿਲ' ਨਾਲ ਤੁਲਨਾ ਦਿੰਦਿਆਂ ਮੁੱਖ ਮੁੱਦਾ ਬਣਾਇਆ। ਦੇਸ਼ ਨੂੰ ਭ੍ਰਿਸ਼ਟਾਚਾਰ ਤੋਂ ਮੁਕਤ ਕਰਨ ਦਾ ਨਾਹਰਾ ਦੇ ਕੇ ਸੱਤਾ ਵਿੱਚ ਆਈ ਪਾਰਟੀ ਨੂੰ 'ਭ੍ਰਿਸ਼ਟਾਚਾਰ' ਦਾ ਦੋਸ਼ ਹੀ ਲੈ ਬੈਠਿਆ। ਸ਼ਰਾਬ ਘੁਟਾਲੇ ਵਾਲਾ ਕਥਿਤ ਦੋਸ਼ ਇਸ ਦੀ ਸ਼ੁਰੂਆਤ ਸੀ।

ਦਿੱਲੀ ਵਿੱਚ ਆਮ ਆਦਮੀ ਪਾਰਟੀ ਦੀ ਹਾਰ ਦੇ ਪੰਜਾਬ ਦੀ ਸੱਤਾ 'ਤੇ ਵੀ ਅਸਰ ਪੈਣ ਦੀ ਸੰਭਾਵਨਾ ਹੈ। ਦਿੱਲੀ ਵਿਧਾਨ ਸਭਾ ਤੋਂ ਵਿਹਲੇ ਹੋ ਗਏ 'ਆਪ' ਲੀਡਰਾਂ ਲਈ ਪੰਜਾਬ ਵਿੱਚ ਹੁਕਮ ਚਲਾਉਣ ਦਾ ਝੱਲ ਵੀ ਉੱਠ ਸਕਦਾ ਹੈ। ਇਸ ਦੇ ਉਲਟ ਪੰਜਾਬ 'ਆਪ' ਅਤੇ ਦਿੱਲੀ 'ਆਪ' ਵਿੱਚ ਦੁਫੇੜ ਵੀ ਖੜ੍ਹੀ ਹੋ ਸਕਦੀ ਹੈ, ਖਾਸ ਕਰਕੇ ਜੇ ਭਗਵੰਤ ਮਾਨ ਨੇ ਭਾਰੂ ਪੈਣ ਦਾ ਯਤਨ ਕੀਤਾ। ਇੰਜ 'ਆਪ' ਲੀਡਰਸ਼ਿੱਪ ਨੂੰ ਆਉਣ ਵਾਲੇ ਸਮੇਂ ਵਿੱਚ ਪੰਜਾਬ ਵਿੱਚ ਬਹੁਤ ਸੋਚ ਸਮਝ ਕੇ ਕਦਮ ਚੁੱਕਣੇ ਪੈਣਗੇ, ਨਹੀਂ ਤਾਂ ਇੱਥੇ ਵੀ ਉਨ੍ਹਾਂ ਦੀ ਸੱਤਾ ਨੂੰ ਪਲਟੀ ਵੱਜ ਸਕਦੀ ਹੈ। ਆਪਣੇ ਚੋਣ ਵਾਅਦਿਆਂ 'ਤੇ ਖਰੇ ਨਾ ਉੱਤਰਨ ਕਾਰਨ ਪੰਜਾਬ ਦੇ ਲੋਕਾਂ ਵਿੱਚ ਪਾਰਟੀ ਖਿਲਾਫ ਪਹਿਲਾਂ ਹੀ ਨਾਰਾਜ਼ਗੀ ਦਾ ਮਾਹੌਲ ਵੇਖਣ ਨੂੰ ਮਿਲ ਰਿਹਾ ਹੈ।







# ਇੱਕ ਤੀਰ ਨਾਲ ਕਈ ਸਿਆਸੀ ਨਿਸ਼ਾਨੇ ਵਿੰਨ੍ਹੇ ਕੇਂਦਰ ਨੇ

## ਭਾਰਤੀ ਬਜਟ

ਪੰਜਾਬੀ ਪਰਵਾਜ਼ ਬਿਊਰੋ

ਭਾਰਤੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਵੱਲੋਂ ਸਾਲ 2025-26 ਲਈ 50.65 ਲੱਖ ਕਰੋੜ ਰੁਪਏ ਦਾ ਬਜਟ ਪੇਸ਼ ਕੀਤਾ ਗਿਆ ਹੈ। ਬਜਟ ਦਾ ਪ੍ਰਮੁੱਖ ਆਕਰਸ਼ਣ 12 ਲੱਖ ਰੁਪਏ ਦੀ ਆਮਦਨ ਵਾਲੇ ਲੋਕਾਂ ਨੂੰ ਟੈਕਸ ਮੁਕਤ ਕਰਨਾ ਹੈ। ਉਂਜ ਕੁੱਲ ਮਿਲਾ ਕੇ ਇਹ ਬਜਟ ਮੱਧ ਵਰਗ ਨੂੰ ਰਿਝਾਉਣ ਵਾਲਾ ਤਾਂ ਹੈ, ਪਰ ਇਸ ਬਜਟ ਨਾਲ ਕੇਂਦਰ ਸਰਕਾਰ ਨੇ ਇੱਕ ਤੀਰ ਨਾਲ ਕਈ ਸਿਆਸੀ ਨਿਸ਼ਾਨੇ ਵਿੰਨ੍ਹਣ ਦਾ ਯਤਨ ਵੀ ਕੀਤਾ ਹੈ। ਕੁਝ ਮਹੀਨੇ ਬਾਅਦ ਹੋਣ ਵਾਲੀਆਂ ਬਿਹਾਰ ਚੋਣਾਂ ਨੂੰ ਵੀ ਬਜਟ ਪੇਸ਼ ਕਰਦਿਆਂ ਮੱਦੇਨਜ਼ਰ ਰੱਖਿਆ ਗਿਆ ਹੈ। ਮੱਧ ਵਰਗ ਅਤੇ ਕਿਸਾਨੀ ਕਰਜ਼ੇ ਸਬੰਧੀ ਦੇਸ਼ ਪੱਧਰੀ ਯੋਜਨਾ ਤੋਂ ਇਲਾਵਾ ਬਿਹਾਰ ਲਈ ਕੁਝ ਵਿਸ਼ੇਸ਼ ਆਰਥਕ ਸਕੀਮਾਂ ਦਾ ਐਲਾਨ ਕੀਤਾ ਗਿਆ ਹੈ। ਰੇਲਵੇ ਲਈ 2.52 ਲੱਖ ਕਰੋੜ ਦੇ ਬਜਟ ਦਾ ਐਲਾਨ ਕੀਤਾ ਗਿਆ ਹੈ ਅਤੇ ਇਸ ਤਹਿਤ 17500 ਜਨਰਲ ਕੋਚ, 200 ਵੰਦੇ ਭਾਰਤ ਅਤੇ 100 ਅੰਮ੍ਰਿਤ ਭਾਰਤ ਰੇਲ ਗੱਡੀਆਂ ਦੇ ਨਿਰਮਾਣ ਦੇ ਪ੍ਰਜੈਕਟਾਂ ਨੂੰ ਮਨਜ਼ੂਰੀ ਦਿੱਤੀ ਗਈ ਹੈ। ਸਿੱਖਿਆ ਦੇ ਖੇਤਰ ਲਈ ਇਸ ਵਾਰ 1.28 ਲੱਖ ਕਰੋੜ ਰੁਪਏ ਰੱਖੇ ਗਏ ਹਨ, ਜਦਕਿ ਸਿਹਤ ਸੰਭਾਲ ਲਈ 99 ਹਜ਼ਾਰ ਕਰੋੜ ਰੁਪਏ ਐਲਾਨੇ ਗਏ ਹਨ। ਇੰਜ ਹੀ ਗ੍ਰਹਿ ਵਿਭਾਗ ਲਈ 2.33 ਲੱਖ ਕਰੋੜ, ਖੇਤੀ ਖੇਤਰ ਲਈ 1.71 ਲੱਖ ਕਰੋੜ, ਦਿਹਾਤੀ ਵਿਕਾਸ ਲਈ 1.90 ਲੱਖ ਕਰੋੜ ਅਤੇ ਸੜਕੀ ਆਵਾਜਾਈ ਦੇ ਬੁਨਿਆਦੀ ਢਾਂਚੇ ਲਈ 2.87 ਲੱਖ ਕਰੋੜ ਰੁਪਏ ਐਲਾਨੇ ਗਏ ਹਨ।

ਉਂਝ ਕੇਂਦਰੀ ਅਤੇ ਰਾਜ ਸਰਕਾਰਾਂ ਦੇ ਬਜਟ ਅੰਕੜਿਆਂ ਦੀ ਪੇਸ਼ਕਾਰੀ ਰਸਮੀ ਜਿਹੀ ਖੇਡ ਹੀ ਹੁੰਦੇ ਹਨ। ਅਸਲ ਖਰਚੇ ਭਵਿੱਖੀ ਆਰਥਕ-ਸਿਆਸੀ ਅਮਲ ਵਿੱਚ ਸਮੇਂ ਨਾਲ ਉਧੜਦੀ ਜ਼ਿੰਦਗੀ ਨਾਲ ਜੁੜਿਆ ਹੁੰਦਾ ਹੈ। ਜੇ ਵਿੱਤ ਮੰਤਰੀ ਵੱਲੋਂ ਬਜਟ ਵਿੱਚ ਪੇਸ਼ ਕੀਤੇ ਗਏ ਅੰਕੜਿਆਂ ਨੂੰ ਥੋੜ੍ਹੇ ਜਿਹੇ ਧਿਆਨ ਨਾਲ ਵੇਖਿਆ ਜਾਵੇ ਤਾਂ ਪਤਾ ਲੱਗੇਗਾ ਕਿ ਸਰਕਾਰ ਇੱਕ ਹੱਥ ਨਾਲ ਜੋ ਦਿੰਦੀ ਹੈ, ਦੂਜੇ ਨਾਲ ਵਸੂਲ ਲੈਂਦੀ ਹੈ। ਇਸ ਮਸਲੇ ਨੂੰ ਜਾਣਦਿਆਂ ਦਿਲਚਸਪ ਅੰਕੜੇ ਸਾਹਮਣੇ ਆਉਂਦੇ ਹਨ। ਜੇ ਸਰਕਾਰ ਦੇ ਆਮਦਨ ਸੋਮਿਆਂ 'ਤੇ ਸਰਸਰੀ ਜਿਹੀ ਨਜ਼ਰ ਵੀ ਮਾਰੀਏ ਤਾਂ ਪਤਾ ਲਗਦਾ ਹੈ ਕਿ ਸਰਕਾਰ ਸਭ ਤੋਂ ਵੱਧ ਦਰਮਿਆਨੀ ਆਮਦਨ ਵਾਲਿਆਂ ਦਾ ਸਿਰ ਮੁੰਨਦੀ ਹੈ; ਖਾਸ ਕਰਕੇ ਮੁਲਾਜ਼ਮਾਂ ਦਾ। ਸਰਕਾਰ ਲਈ ਇਹ ਲੋਕ ਉੱਨ ਲਾਹੁਣ ਲਈ ਪਾਲੀਆਂ ਹੋਈਆਂ ਭੇਡਾਂ ਹੁੰਦੀਆਂ ਹਨ, ਜੋ ਕਿਧਰੇ ਭੱਜ ਵੀ ਨਹੀਂ ਸਕਦੀਆਂ ਅਤੇ ਨਾ ਹੀ ਆਪਣੀ ਆਮਦਨ ਨੂੰ ਲੁਕਾ ਸਕਦੀਆਂ ਹਨ। ਇਨ੍ਹਾਂ ਲੋਕਾਂ ਤੋਂ ਸਰਕਾਰ ਆਪਣੀ ਕੁੱਲ ਆਮਦਨ ਦਾ 22 ਫੀਸਦੀ ਆਮਦਨ ਟੈਕਸ ਰਾਹੀਂ ਵਸੂਲਦੀ ਹੈ, ਜਿਸ ਵਿੱਚ ਸਭ ਤੋਂ ਵੱਡੀ ਹੇਰਾਫੇਰੀ ਵਪਾਰੀ ਤਬਕਾ ਕਰਦਾ ਹੈ; ਜਦਕਿ ਕਾਰਪੋਰੇਟ ਸੈਕਟਰ ਤੋਂ ਕੇਂਦਰੀ ਆਮਦਨ ਪੂਲ ਵਿੱਚ 17 ਫੀਸਦੀ ਆਮਦਨ ਆਉਂਦੀ ਹੈ।

ਜੀ.ਐਸ.ਟੀ. ਤੋਂ 18 ਫੀਸਦੀ ਟੈਕਸ ਇਕੱਠਾ ਹੁੰਦਾ ਹੈ। ਆਪਣੇ ਆਮਦਨ-ਖਰਚ ਦਾ ਸੰਤੁਲਨ ਬਿਠਾਉਣ ਲਈ ਸਰਕਾਰ 24 ਫੀਸਦੀ ਉਧਾਰ ਜਾਂ ਕਰਜ਼ੇ ਵਗੈਰਾ ਚੁੱਕਦੀ ਹੈ। ਇਸ ਤੋਂ ਇਲਾਵਾ ਕੇਂਦਰੀ ਐਕਸਾਈਜ਼ ਡਿਊਟੀ ਤੋਂ 5 ਫੀਸਦੀ, ਕਸਟਮ ਤੋਂ 04 ਫੀਸਦੀ, ਗੈਰ-ਪੂੰਜੀਗਤ ਸੋਮਿਆਂ ਤੋਂ 01 ਫੀਸਦੀ ਅਤੇ ਗੈਰ-ਕਰ ਖੇਤਰਾਂ ਤੋਂ 9 ਫੀਸਦੀ ਆਮਦਨ ਆਉਂਦੀ ਹੈ। ਸੋ, ਸਪਸ਼ਟ ਹੈ ਕਿ ਟੈਕਸਾਂ ਦੀ ਮਾਰ ਸਭ ਤੋਂ ਵੱਧ ਮੱਧ ਵਰਗ ਨੂੰ ਪੈਂਦੀ ਹੈ। ਦੂਹਰੇ-ਤੀਹਰੇ ਟੈਕਸ ਇਨ੍ਹਾਂ ਲੋਕਾਂ ਨੂੰ ਕੋਡੇ ਕਰੀ ਰੱਖਦੇ ਹਨ। ਜਦਕਿ ਗਰੀਬ ਤਬਕੇ ਉਂਝ ਹੀ ਮੁਸ਼ਕਲ ਨਾਲ ਆਪਣੇ ਜੀਵਨ ਦਾ ਨਿਰਬਾਹ ਕਰਦੇ ਹਨ। ਰੋਡ ਟੈਕਸ, ਗਊ ਸੈਸ, ਪੈਟਰੋਲ-ਡੀਜ਼ਲ 'ਤੇ ਵੱਖਰਾ ਟੈਕਸ ਅਤੇ ਨਾਲ ਆਧੁਨਿਕ ਜਜ਼ੀਆ ਵਸੂਲਣ ਵਾਲੇ ਟੋਲ ਪਲਾਜ਼ੇ ਵੀ।



*ਮਨੁੱਖੀ ਸੱਭਿਅਤਾ ਦੇ ਇਤਿਹਾਸ ਵਿੱਚ ਹਮੇਸ਼ਾ ਇੰਦਾਂ ਹੀ ਹੁੰਦਾ ਆਇਆ ਹੈ। ਮੱਧ ਏਸ਼ੀਆ ਦੇ ਅਰਫਾਤ ਅਤੇ ਟਿਗਰਿਸ ਦਰਿਆ ਦੇ ਕੰਢੇ ਜਦੋਂ ਖੇਤੀ ਆਧਾਰਤ ਮੁਢਲੀਆਂ ਸਟੇਟਾਂ (ਰਾਜ) ਹੋਂਦ ਵਿੱਚ ਆਈਆਂ ਤਾਂ ਕੰਮ ਕਰਨ ਵਾਲੀ ਆਬਾਦੀ ਹੀ ਇਨ੍ਹਾਂ ਦੀ ਆਮਦਨ ਦਾ ਮੁੱਖ ਸੋਮਾ ਹੁੰਦੀ ਸੀ। ਜਦੋਂ ਕਿਸੇ ਕਾਰਨ ਆਬਾਦੀ ਖਿੰਡ ਜਾਂਦੀ ਸੀ ਤਾਂ ਸਟੇਟਾਂ ਟੁੱਟ ਜਾਇਆ ਕਰਦੀਆਂ ਸਨ। ਇਸ ਆਬਾਦੀ ਨੂੰ ਭੱਜਣ ਤੋਂ ਰੋਕਣ ਲਈ ਉਨ੍ਹਾਂ ਦੁਆਲੇ ਹਾਕਮ ਕਈ ਵਾਰ ਖੂੰਖਾਰ ਕੁੱਤੇ ਛੱਡ ਦਿੰਦੇ ਸਨ। ਇਸ ਦੇ ਮੁਕਾਬਲੇ ਆਧੁਨਿਕ ਸਟੇਟ ਕੋਲ ਹਥਿਆਰਾਂ ਨਾਲ ਲੈਸ ਸੁਰੱਖਿਆ ਦਸਤੇ ਆ ਗਏ ਹਨ।*

ਮਨੁੱਖੀ ਸੱਭਿਅਤਾ ਦੇ ਇਤਿਹਾਸ ਵਿੱਚ ਹਮੇਸ਼ਾ ਇੰਦਾਂ ਹੀ ਹੁੰਦਾ ਆਇਆ ਹੈ। ਮੱਧ ਏਸ਼ੀਆ ਦੇ ਅਰਫਾਤ ਅਤੇ ਟਿਗਰਿਸ ਦਰਿਆ ਦੇ ਕੰਢੇ ਜਦੋਂ ਖੇਤੀ ਆਧਾਰਤ ਮੁਢਲੀਆਂ ਸਟੇਟਾਂ (ਰਾਜ) ਹੋਂਦ ਵਿੱਚ ਆਈਆਂ ਤਾਂ ਕੰਮ ਕਰਨ ਵਾਲੀ ਆਬਾਦੀ ਹੀ ਇਨ੍ਹਾਂ ਦੀ ਆਮਦਨ ਦਾ ਮੁੱਖ ਸੋਮਾ ਹੁੰਦੀ ਸੀ। ਜਦੋਂ ਕਿਸੇ ਕਾਰਨ ਆਬਾਦੀ ਖਿੰਡ ਜਾਂਦੀ ਸੀ ਤਾਂ ਸਟੇਟਾਂ ਟੁੱਟ ਜਾਇਆ ਕਰਦੀਆਂ ਸਨ। ਇਸ ਆਬਾਦੀ ਨੂੰ ਭੱਜਣ ਤੋਂ ਰੋਕਣ ਲਈ ਉਨ੍ਹਾਂ ਦੁਆਲੇ ਹਾਕਮ ਕਈ ਵਾਰ ਖੂੰਖਾਰ ਕੁੱਤੇ ਛੱਡ ਦਿੰਦੇ ਸਨ। ਇਸ ਦੇ ਮੁਕਾਬਲੇ ਆਧੁਨਿਕ ਸਟੇਟ ਕੋਲ ਹਥਿਆਰਾਂ ਨਾਲ ਲੈਸ ਸੁਰੱਖਿਆ ਦਸਤੇ ਆ ਗਏ ਹਨ।

ਖੈਰ! ਚਾਲੂ ਵਿੱਤੀ ਵਰ੍ਹੇ ਦੇ ਭਾਰਤੀ ਬਜਟ ਵਿੱਚ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਸੂਬਿਆਂ ਨੂੰ ਪੰਜਾਹ ਸਾਲਾਂ ਲਈ ਬਿਨਾ ਵਿਆਜ ਤੋਂ ਡੇਢ ਲੱਖ ਕਰੋੜ ਰੁਪਏ ਦਾ ਕਰਜ਼ਾ ਦੇਣ ਦੀ ਵੀ ਤਜਵੀਜ਼ ਰੱਖੀ ਗਈ ਹੈ। ਇਵੇਂ ਹੀ ਛੋਟੇ ਉਦਯੋਗਾਂ ਲਈ ਕਰੈਡਿਟ ਲਿਮਿਟ 10 ਕਰੋੜ ਰੁਪਏ ਤੋਂ ਵਧਾ ਕੇ 25 ਕਰੋੜ ਕਰ ਦਿੱਤੀ ਗਈ ਹੈ। ਕਿਸਾਨਾਂ ਦੀ ਕਰੈਡਿਟ ਲਿਮਿਟ 3 ਲੱਖ ਤੋਂ ਵਧਾ ਕੇ 5 ਲੱਖ ਕਰਨ ਦਾ ਐਲਾਨ ਕੀਤਾ ਗਿਆ। ਹਵਾਈ ਖੇਤਰ ਵਿੱਚ ਵੱਡੀ ਯੋਜਨਾ ਦਾ ਖੁਲਾਸਾ ਕਰਦਿਆਂ ਵਿੱਤ ਮੰਤਰੀ ਨੇ ਕਿਹਾ ਹੈ ਕਿ ਇਸ ਯੋਜਨਾ ਤਹਿਤ ਦੇਸ਼ ਦੀਆਂ 120 ਨਵੀਆਂ ਥਾਵਾਂ ਨੂੰ ਹਵਾਈ ਸੰਪਰਕ ਨਾਲ ਜੋੜਿਆ ਜਾਵੇਗਾ।

ਜਿਥੇ ਪ੍ਰਧਾਨ ਮੰਤਰੀ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਬਜਟ ਦੀ ਸਿਫਤ ਸਲਾਹ ਕੀਤੀ ਹੈ, ਵਿਰੋਧੀ ਧਿਰ ਦੇ ਆਗੂਆਂ ਦਾ ਆਖਣਾ ਹੈ ਕਿ ਬਜਟ ਅਮੀਰਾਂ ਦਾ ਪੱਖ ਪੂਰਦਾ ਹੈ ਅਤੇ ਗਰੀਬ ਵਰਗਾਂ ਨਾਲ ਧੋਖੇ ਭਰੇ ਵਾਅਦੇ ਕਰਦਾ ਹੈ। ਪਾਰਲੀਮੈਂਟ ਵਿੱਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਕਿਹਾ ਕਿ ਇਹ ਬਜਟ ਦੇਸ਼ ਦੇ ਸਿਰਫ ਅਮੀਰ ਲੋਕਾਂ ਨੂੰ ਫਾਇਦਾ ਪਹੁੰਚਾਉਣ ਲਈ ਪੇਸ਼ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਬਜਟ ਦਾ ਅਸਲ ਉਦੇਸ਼ ਦੇਸ਼ ਦੇ 20-25 ਫੀਸਦੀ ਲੋਕਾਂ ਨੂੰ ਲਾਭ ਪਹੁੰਚਾਉਣਾ ਹੈ। ਉਨ੍ਹਾਂ ਇੱਕ ਮਹੱਤਵਪੂਰਨ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਬਜਟ ਤਿਆਰ ਕਰਨ ਵਾਲੇ 90 ਨੌਕਰਸ਼ਾਹਾਂ ਵਿੱਚੋਂ 9 ਪਛੜੀਆਂ ਸ੍ਰੇਣੀਆਂ, ਅਨੁਸੂਚਿਤ ਜਾਤੀਆਂ ਅਤੇ ਆਦਿਵਾਸੀਆਂ ਨਾਲ ਸੰਬੰਧ ਰੱਖਦੇ ਹਨ। ਅਸਲ ਵਿੱਚ ਭਾਰਤੀ ਆਰਥਿਕ ਵਿਕਾਸ ਦੀ ਗਤੀ ਵਿੱਚ ਆਈ ਕਮੀ ਵੀ ਕੁਝ ਛੋਟਾਂ ਦਾ ਕਾਰਨ ਬਣੀ ਹੈ। ਵਿਕਾਸ ਗਤੀ ਵਿੱਚ ਕਮੀ ਲੋਕਾਂ ਦੀ ਆਮਦਨ ਘਟਣ, ਮਹਿੰਗਾਈ ਅਤੇ ਸਿੱਕੇ ਦਾ ਫੈਲਾਅ ਵਧਣ ਕਾਰਨ ਦਰਜ ਕੀਤੀ ਗਈ ਹੈ। ਇਸ ਹਾਲਤ ਕਾਰਨ ਲੋਕਾਂ ਦੀ ਖਰੀਦ ਸ਼ਕਤੀ ਅਤੇ ਖਪਤ ਘਟ ਗਈ ਹੈ। ਇਸ ਨੂੰ ਉਗਾਸਾ ਦੇਣ ਲਈ ਇੱਕ ਪਾਸੇ ਤਾਂ ਕੇਂਦਰੀ ਰਿਜ਼ਰਵ ਬੈਂਕ ਵੱਲੋਂ ਵਿਆਜ਼ ਦਰਾਂ (ਰੈਪੋ ਰੇਟਸ) ਵਿੱਚ ਕੁਝ ਕਮੀ ਕੀਤੀ ਗਈ ਹੈ, ਦੂਜੇ ਪਾਸੇ ਆਮਦਨ ਟੈਕਸ ਵਿੱਚ ਛੋਟ ਦਾ ਐਲਾਨ ਕੀਤਾ ਗਿਆ ਹੈ। ਫਸਲਾਂ ਦੀ ਖਰੀਦ ਲਈ ਐਮ.ਐਸ.ਪੀ. ਦੀ ਗਾਰੰਟੀ ਲਈ ਸੰਘਰਸ਼ ਕਰ ਰਹੇ ਕਿਸਾਨਾਂ ਲਈ ਕਰਜ਼ੇ ਤੋਂ ਬਿਨਾ ਬਜਟ ਵਿੱਚ ਕੁਝ ਨਹੀਂ ਹੈ। ਨਾ ਹੀ ਪੰਜਾਬ ਲਈ ਕਿਸੇ ਵਿਸ਼ੇਸ਼ ਸਕੀਮ ਦਾ ਕੋਈ ਐਲਾਨ ਕੀਤਾ ਗਿਆ ਹੈ। ਦਿੱਲੀ ਚੋਣਾਂ ਤੋਂ ਬਾਅਦ ਇਸ ਸਾਲ ਦੇ ਅੰਤ ਵਿੱਚ ਬਿਹਾਰ ਚੋਣਾਂ ਵੀ ਬਜਟ ਵਿੱਚ ਵਿਖਾਈ ਇਸ ਫਰਾਖ਼ ਦਿਲੀ ਦਾ ਕਾਰਨ ਹੈ।

ਇਸ ਦੇ ਉਲਟ ਬਜਟ ਬਾਰੇ ਗੱਲ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਕੇਂਦਰੀ ਬਜਟ ਨੇ ਦੇਸ਼ ਦੇ ਹਰ ਪਰਿਵਾਰ ਦੀ ਝੋਲੀ ਖੁਸ਼ੀਆਂ ਨਾਲ ਭਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਭਾਰਤ ਦੀ ਆਜ਼ਾਦੀ ਮਗਰੋਂ 12 ਲੱਖ ਰੁਪਏ ਦੀ ਆਮਦਨ ਵਾਲੇ ਲੋਕਾਂ ਨੂੰ ਕਦੇ ਵੀ ਅਜਿਹੀ ਰਾਹਤ ਨਹੀਂ ਦਿੱਤੀ ਗਈ। ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਵਿੱਤ ਮੰਤਰੀ ਵੱਲੋਂ ਪੇਸ਼ ਕੀਤਾ ਗਿਆ ਬਜਟ ਭਾਰਤ ਨੂੰ ਵਿਕਸਤ ਦੇਸ਼ ਬਣਾਉਣ ਦੀ ਦਿਸ਼ਾ ਵਿੱਚ ਇੱਕ ਕਦਮ ਹੈ। ਇਹ ਸਵੈ-ਨਿਰਭਰ ਭਾਰਤ ਦੇ ਪ੍ਰਧਾਨ ਮੰਤਰੀ ਦੇ ਸੁਪਨੇ ਦਾ ਰੋਡ ਮੈਪ ਹੈ। ਭਾਰਤੀ ਜਨਤਾ ਪਾਰਟੀ ਦੇ ਆਗੂ ਜੇ.ਪੀ. ਨੱਢਾ ਨੇ ਕਿਹਾ ਕਿ ਬਜਟ ਵਿੱਚ ਅਗਲੀ ਪੀੜ੍ਹੀ ਦੇ ਵਿਕਾਸ ਲਈ ਖਾਕਾ ਤਿਆਰ ਕੀਤਾ ਗਿਆ ਹੈ।

## ਜਾਣਕਾਰੀ

# ਆਲਮੀ ਤਪਸ਼ ਕਿ ਆਲਮੀ ਉਬਾਲ!



ਅਸ਼ਵਨੀ ਚਤਰਥ
ਫੋਨ:+91-6284220595

ਵਾਤਾਵਰਨ, ਧਰਤੀ ਦੀ ਸਤ੍ਹਾ ਅਤੇ ਸਮੁੰਦਰਾਂ ਦੇ ਪਾਣੀ ਆਦਿ ਦੇ ਲਗਾਤਾਰ ਵਧਦੇ ਤਾਪਮਾਨ ਨੂੰ ਆਲਮੀ ਤਪਸ਼ ਜਾਂ ਗਲੋਬਲ ਵਾਰਮਿੰਗ ਆਖਿਆ ਜਾਂਦਾ ਹੈ। ਧਰਤੀ ਦੀ ਆਬੋ-ਹਵਾ ਵਿੱਚ ਲਗਾਤਾਰ ਪੈਦਾ ਹੋ ਰਹੇ ਵਿਗਾੜ ਪ੍ਰਤੀ ਵਿਸ਼ਵ ਭਰ ਦੇ ਵਿਗਿਆਨੀਆਂ ਵੱਲੋਂ ਪ੍ਰਗਟਾਈਆਂ ਚਿੰਤਾਵਾਂ ਨੂੰ ਧਿਆਨ ਵਿੱਚ ਰੱਖ ਕੇ ਸੰਯੁਕਤ ਰਾਸ਼ਟਰ ਸੰਘ ਦੀ ਵਾਤਾਵਰਨ ਸਬੰਧੀ ਸੰਸਥਾ (ਯੂ.ਐਨ.ਈ.ਪੀ.) ਵੱਲੋਂ ਸੰਨ 1988 ਵਿੱਚ ਵਾਤਾਵਰਨ ਤਬਦੀਲੀ ਕੌਮਾਂਤਰੀ ਪੈਨਲ ਨਾਂ ਦੇ ਸੰਗਠਨ ਦਾ ਗਠਨ ਕੀਤਾ ਗਿਆ ਸੀ। ਉਕਤ ਪੈਨਲ ਵੱਲੋਂ ਸੰਨ 2018 ਵਿੱਚ ਪੇਸ਼ ਕੀਤੀ ਗਈ ਇੱਕ ਵਿਸ਼ੇਸ਼ ਰਿਪੋਰਟ ਵਿੱਚ ਕਿਹਾ ਗਿਆ ਸੀ ਕਿ ਪਿਛਲੇ ਕਰੀਬ ਡੇਢ ਸੌ ਸਾਲਾਂ ਵਿੱਚ ਧਰਤੀ ਪ੍ਰਣਾਲੀ ਦੇ ਤਾਪਮਾਨ ਵਿੱਚ ਇੱਕ ਡਿਗਰੀ ਸੈਲਸੀਅਸ ਦਾ ਵਾਧਾ ਹੋ ਚੁੱਕਾ ਹੈ। ਇਹ ਵਾਧਾ ਮਨੁੱਖੀ ਕਿਰਿਆਵਾਂ ਖਾਸ ਕਰਕੇ ਉਦਯੋਗਾਂ 'ਚ ਵਰਤੇ ਜਾਂਦੇ ਕੋਲਾ, ਪੈਟਰੋਲ ਅਤੇ ਡੀਜ਼ਲ ਆਦਿ ਜਿਹੇ ਬਾਲਣਾਂ ਦੇ ਬਲਣ ਤੋਂ ਨਿਕਲਦੀਆਂ ਗੈਸਾਂ ਜਿਵੇਂ ਕਾਰਬਨ ਡਾਈਆਕਸਾਈਡ, ਮੀਥੇਨ, ਨਾਈਟਰਸ ਆਕਸਾਈਡ, ਸੀ.ਐਫ.ਸੀ. ਅਤੇ ਐਚ.ਸੀ.ਐਫ.ਸੀ. ਗੈਸਾਂ, ਜਿਨ੍ਹਾਂ ਨੂੰ 'ਗ੍ਰੀਨ ਹਾਊਸ ਗੈਸਾਂ' ਵੀ ਕਿਹਾ ਜਾਂਦਾ ਹੈ, ਕਰਕੇ ਹੁੰਦਾ ਹੈ। ਹਵਾ ਵਿੱਚ ਵਧ ਰਹੀ ਇਨ੍ਹਾਂ ਗੈਸਾਂ ਦੀ ਮਾਤਰਾ ਸੂਰਜ ਤੋਂ ਆ ਰਹੀ ਗਰਮੀ ਨੂੰ ਆਪਣੇ ਅੰਦਰ ਸੋਖ ਕੇ ਧਰਤੀ ਦੇ ਸਮੁੱਚੇ ਵਾਤਾਵਰਨ ਨੂੰ ਗਰਮ ਕਰਨ ਦਾ ਕੰਮ ਕਰ ਰਹੀ ਹੈ।

ਵਿਗਿਆਨੀਆਂ ਦਾ ਦਾਅਵਾ ਹੈ ਕਿ ਤਾਪਮਾਨ ਵਿੱਚ ਇਹ ਵਾਧਾ ਜ਼ਿਆਦਾਤਰ ਵਿਸ਼ਵ ਭਰ ਵਿੱਚ ਉਦਯੋਗਿਕ ਕ੍ਰਾਂਤੀ ਆਉਣ ਤੋਂ ਬਾਅਦ ਹੀ ਸ਼ੁਰੂ ਹੋਇਆ ਹੈ। ਗੱਲ ਕਰੀਏ ਜੇਕਰ ਧਰਤੀ ਦੇ ਤਾਪਮਾਨ ਦੀ, ਤਾਂ ਵਾਤਾਵਰਨ ਵਿਗਿਆਨੀਆਂ ਵੱਲੋਂ ਕੀਤੇ ਗਏ ਇੱਕ ਸਰਵੇ ਅਨੁਸਾਰ ਸੰਨ 1980 ਵਿੱਚ ਧਰਤੀ ਗ੍ਰਹਿ ਦਾ ਔਸਤ ਤਾਪਮਾਨ 14 ਡਿਗਰੀ ਸੈਲਸੀਅਸ ਸੀ, ਜੋ ਮੌਜੂਦਾ ਸਮੇਂ ਵਿੱਚ ਵਧ ਕੇ 14.9 ਡਿਗਰੀ ਸੈਲਸੀਅਸ ਹੋ ਚੁੱਕਾ ਹੈ। ਉਨ੍ਹਾਂ ਵੱਲੋਂ ਆਲਮੀ ਭਾਈਚਾਰੇ ਨੂੰ ਚੌਕੰਨਾ ਕਰਦਿਆਂ ਕਿਹਾ ਗਿਆ ਹੈ ਕਿ ਆਲਮੀ ਤਪਸ਼ ਕਰਕੇ ਪਿਛਲੀ ਇੱਕ ਸਦੀ ਵਿੱਚ ਸਮੁੰਦਰ ਦੇ ਪਾਣੀ ਦਾ ਪੱਧਰ 30 ਸੈਂਟੀਮੀਟਰ ਦੇ ਕਰੀਬ ਵਧ ਚੁੱਕਾ ਹੈ। ਜੇਕਰ ਇਹ ਰੁਝਾਨ ਇਸੇ ਤਰ੍ਹਾਂ ਜਾਰੀ ਰਿਹਾ ਤਾਂ ਇੱਕ ਦਿਨ ਅਜਿਹਾ ਵੀ ਆ ਸਕਦਾ ਹੈ, ਜਦੋਂ ਤਾਪਮਾਨ ਵਾਧੇ ਕਾਰਨ ਧਰਤੀ ਦੇ ਧਰੁਵਾਂ, ਪਹਾੜਾਂ ਅਤੇ ਬਰਫਾਨੀ ਤੋਦਿਆਂ ਉੱਤੇ ਜੰਮੀ ਬਰਫ ਪਿਘਲ ਕੇ ਸਮੁੰਦਰੀ ਪਾਣੀ ਦਾ ਪੱਧਰ ਇੰਨਾ ਉੱਚਾ ਕਰ ਦਏਗੀ, ਜਿਸ ਨਾਲ ਸਮੁੰਦਰਾਂ ਕੰਢੇ ਵੱਸੇ ਵੱਡੇ-ਵੱਡੇ ਸ਼ਹਿਰ ਜਿਵੇਂ ਬੈਂਕਾਕ, ਮੁੰਬਈ, ਜਕਾਰਤਾ, ਵੈਨਿਸ, ਮਿਆਮੀ ਅਤੇ ਨਿਊ ਓਰਲੀਅਨਸ ਆਦਿ ਪਾਣੀ ਵਿੱਚ ਡੁੱਬ ਸਕਦੇ ਹਨ ਅਤੇ ਇਨ੍ਹਾਂ ਇਲਾਕਿਆਂ ਵਿੱਚ ਵੱਸਦੇ ਪੌਦੇ ਅਤੇ ਜੀਵ-ਜੰਤੂਆਂ ਦਾ ਜੀਵਨ ਖਤਰੇ ਵਿੱਚ ਪੈ ਸਕਦਾ ਹੈ। ਨਾਲ ਹੀ ਨੀਵੇਂ ਤੱਟੀ ਇਲਾਕਿਆਂ ਦੀ ਜ਼ਰਖੇਜ਼ ਜ਼ਮੀਨ ਸਮੁੰਦਰ ਦੇ ਖਾਰੇ ਪਾਣੀ ਨਾਲ ਬੰਜਰ ਹੋ ਜਾਏਗੀ। ਸਿੱਟੇ ਵਜੋਂ ਵੱਡੀ ਮਨੁੱਖੀ ਆਬਾਦੀ ਨੂੰ ਬੇਘਰ ਹੋਣਾ ਪੈ ਸਕਦਾ ਹੈ ਅਤੇ ਰੋਜ਼ੀ-ਰੋਟੀ ਦੀ ਕਮੀ ਦੇ ਨਾਲ-ਨਾਲ ਬੇਰੁਜ਼ਗਾਰੀ ਦਾ ਸਾਹਮਣਾ ਵੀ ਕਰਨਾ ਪੈ ਸਕਦਾ ਹੈ। ਪਹਾੜਾਂ ਦੀ ਬਰਫ ਤੇਜ਼ੀ ਨਾਲ ਪਿਘਲ ਕੇ ਦਰਿਆਵਾਂ ਅਤੇ ਨਹਿਰਾਂ ਵਿੱਚ ਹੜ੍ਹ ਵਰਗੇ ਹਾਲਾਤ ਪੈਦਾ ਕਰ ਸਕਦੀ ਹੈ, ਜਿਸ ਨਾਲ ਵੱਡੇ ਪੱਧਰ ਦੇ ਜਾਨੀ ਅਤੇ ਮਾਲੀ ਨੁਕਸਾਨ ਹੋਣ ਦਾ ਖਦਸ਼ਾ ਵਧ ਜਾਏਗਾ।

ਆਲਮੀ ਤਪਸ਼ ਤੋਂ ਪੈਦਾ ਹੋਣ ਵਾਲੇ ਸੰਕਟ ਦੇ ਹੱਲ ਲੱਭਣ ਲਈ ਸੰਯੁਕਤ ਰਾਸ਼ਟਰ ਸੰਘ ਵੱਲੋਂ ਪਿਛਲੇ ਤਕਰੀਬਨ ਤੀਹ ਸਾਲਾਂ ਵਿੱਚ ਇਸ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਦੇ ਨਾਲ-ਨਾਲ ਸਮੱਸਿਆ ਦੇ ਹੱਲ ਲਈ ਅਨੇਕਾਂ ਸੰਜੀਦਾ ਕੋਸ਼ਿਸ਼ਾਂ ਵੀ ਕੀਤੀਆਂ ਗਈਆਂ ਹਨ। ਸੰਨ 1992 ਵਿੱਚ ਰੀਓ ਡੀ ਜਨੇਰੀਓ ਵਿਖੇ ਹੋਏ ਅਰਥ ਸਮਿਟ ਤੋਂ ਬਾਅਦ ਵਾਤਾਵਰਨ ਪਰਿਵਰਤਨ ਸਬੰਧੀ ਕਾਨਫਰੰਸਾਂ ਦੀ ਸ਼ੁਰੂਆਤ ਕੀਤੀ ਗਈ ਸੀ। ਇਸ ਸਬੰਧੀ ਪਹਿਲੀ ਮੀਟਿੰਗ ਸੰਨ 1995 ਵਿੱਚ ਜਰਮਨੀ ਵਿਖੇ ਹੋਈ ਸੀ। ਕੌਮਾਂਤਰੀ ਭਾਈਚਾਰੇ ਵੱਲੋਂ ਵਾਤਾਵਰਨ ਸਬੰਧੀ ਜ਼ਾਹਿਰ ਕੀਤੇ ਗਏ ਖਦਸ਼ਿਆਂ ਦੇ ਨਿਪਟਾਰੇ ਲਈ ਦਸੰਬਰ 1997 ਵਿੱਚ ਜਪਾਨ ਦੇ ਸ਼ਹਿਰ ਕਯੋਟੋ ਵਿਖੇ ਇੱਕ ਅਹਿਮ ਇਜਲਾਸ ਬੁਲਾਇਆ ਗਿਆ ਸੀ, ਜਿਸ ਨੂੰ ਕਯੋਟੋ ਪ੍ਰੋਟੋਕੋਲ ਦਾ ਨਾਂ ਦਿੱਤਾ ਗਿਆ ਸੀ। ਇਸ ਇਜਲਾਸ ਵਿੱਚ ਕੁਝ ਅਹਿਮ ਫੈਸਲੇ ਲਏ ਗਏ ਸਨ ਅਤੇ ਇਹ ਵੀ ਅਹਿਦ ਲਿਆ ਗਿਆ ਸੀ ਕਿ ਸੰਸਾਰ ਭਰ ਦੇ ਵਿਕਸਿਤ ਦੇਸ਼ ਆਪਣੇ-ਆਪਣੇ ਮੁਲਕਾਂ ਵਿੱਚ

***ਮੁੱਦਾ ਵਾਤਾਵਰਨੀ ਗੜਬੜੀ ਦਾ**

ਗਰੀਨ ਹਾਊਸ ਗੈਸਾਂ ਦੀ ਨਿਕਾਸੀ ਨੂੰ ਘੱਟ ਕਰਕੇ ਹਵਾ ਵਿੱਚ ਇਨ੍ਹਾਂ ਗੈਸਾਂ ਦੀ ਮਾਤਰਾ ਨੂੰ ਸੰਨ 1990 ਦੇ ਪੱਧਰ ਤੋਂ 6 ਤੋਂ 8 % ਤੱਕ ਹੇਠਾਂ ਲੈ ਕੇ ਜਾਣ ਦਾ ਪ੍ਰਬੰਧ ਕਰਨਗੇ। ਵਾਤਾਵਰਨ ਦੀ ਸਾਂਭ-ਸੰਭਾਲ ਲਈ ਕੀਤੀਆਂ ਜਾਂਦੀਆਂ ਕੋਸ਼ਿਸ਼ਾਂ ਨੂੰ ਉਦੋਂ ਵੱਡਾ ਬਲ ਮਿਲਿਆ, ਜਦੋਂ ਸੰਨ 2015 ਵਿੱਚ ਫ਼ਰਾਂਸ ਦੀ ਰਾਜਧਾਨੀ ਪੈਰਿਸ ਵਿਖੇ ਸੰਸਾਰ ਭਰ ਦੇ 190 ਦੇ ਕਰੀਬ ਦੇਸ਼ਾਂ ਅਤੇ ਸੰਗਠਨਾਂ ਨੇ ਭਾਗ ਲਿਆ ਸੀ।

ਮਨੁੱਖੀ ਚੌਗਿਰਦੇ ਨੂੰ ਗੰਭੀਰ ਸੰਕਟਾਂ ਤੋਂ ਮੁਕਤ ਕਰਵਾਉਣ ਦੀ ਦਿਸ਼ਾ ਵੱਲ ਪੈਰਿਸ ਸੰਮੇਲਨ ਨੂੰ ਇੱਕ ਇਤਿਹਾਸਕ ਕਦਮ ਕਿਹਾ ਜਾ ਸਕਦਾ ਹੈ, ਜਿਸ ਵਿੱਚ ਸਾਰੀਆਂ ਧਿਰਾਂ ਨੇ ਮਿਲ ਕੇ ਇੱਕ ਪ੍ਰਸਤਾਵ ਪਾਸ ਕੀਤਾ ਸੀ, ਜਿਸ ਨੂੰ ਪੈਰਿਸ ਸਮਝੌਤੇ ਦਾ ਨਾਂ ਦਿੱਤਾ ਗਿਆ ਸੀ। ਇਸ ਵਿੱਚ ਅਹਿਦ ਲਿਆ ਗਿਆ ਸੀ ਕਿ ਵਿਕਸਿਤ ਦੇਸ਼ਾਂ ਸਮੇਤ ਸਾਰੇ ਹੀ ਮੁਲਕ ਧਰਤੀ ਦੇ ਵਾਤਾਵਰਨ ਦੇ ਤਾਪਮਾਨ ਵਿੱਚ ਹੋਣ ਵਾਲੇ ਵਾਧੇ ਨੂੰ ਠੱਲ੍ਹ ਪਾਉਣ ਲਈ ਅਤੇ ਇਸ ਵਾਧੇ ਨੂੰ 1.5 ਡਿਗਰੀ ਸੈਲਸੀਅਸ ਤੋਂ ਹੇਠਾਂ ਰੱਖਣ ਲਈ ਆਪਣੀ ਉਸਾਰੂ ਭੂਮਿਕਾ ਨਿਭਾਉਣਗੇ। ਸੰਮੇਲਨ ਵਿੱਚ ਗਰੀਨ ਹਾਊਸ ਗੈਸਾਂ ਨੂੰ ਘੱਟ ਕਰਨ ਲਈ 20/20/20 ਦਾ ਫਾਰਮੂਲਾ ਵੀ ਪੇਸ਼ ਕੀਤਾ ਗਿਆ ਸੀ। ਇਸ ਦਾ ਮਤਲਬ ਹੈ ਕਿ ਉਕਤ ਗੈਸਾਂ ਦੀ ਨਿਕਾਸੀ ਨੂੰ 20 ਫ਼ੀਸਦ ਤੱਕ ਘੱਟ ਕਰਨਾ, ਊਰਜਾ ਦੇ ਨਵਿਆਉਣ ਯੋਗ ਸਾਧਨਾਂ ਦੀ ਵਰਤੋਂ ਵਿੱਚ 20 ਫ਼ੀਸਦ ਦਾ ਵਾਧਾ ਕਰਨਾ ਅਤੇ ਮਸ਼ੀਨਾਂ ਦੀ ਊਰਜਾ ਸਮਰੱਥਾਵਾਂ ਵਿੱਚ 20 ਫ਼ੀਸਦ ਦਾ ਵਾਧਾ ਕਰਨਾ। ਇੱਥੇ ਇਹ ਦੱਸਣਯੋਗ ਹੈ ਕਿ ਅਮਰੀਕਾ ਵੱਲੋਂ ਪਹਿਲਾਂ ਇਸ ਸਮਝੌਤੇ ਤੋਂ ਪਿੱਛੇ ਹੱਟਣ ਦੇ ਸੰਕੇਤ ਦਿੱਤੇ ਗਏ ਸਨ, ਪਰ ਉਸ ਤੋਂ ਬਾਅਦ ਆਪਣੇ ਰਣਨੀਤੀ ਵਿੱਚ ਤਬਦੀਲੀ ਲਿਆਉਂਦਿਆਂ ਤਤਕਾਲੀ ਰਾਸ਼ਟਰਪਤੀ ਜੋਅ ਬਾਇਡਨ ਨੇ ਪੈਰਿਸ ਸਮਝੌਤੇ ਨੂੰ ਇੰਨ-ਬਿੰਨ ਲਾਗੂ ਕਰਨ ਦਾ ਭਰੋਸਾ ਦੁਆਇਆ ਸੀ।

ਅਫ਼ਸੋਸ ਦੀ ਗੱਲ ਇਹ ਹੈ ਕਿ ਕੌਮਾਂਤਰੀ ਸੰਸਥਾਵਾਂ ਵੱਲੋਂ ਐਨੀਆਂ ਜ਼ਿਆਦਾ ਕੋਸ਼ਿਸ਼ਾਂ ਕਰਨ ਦੇ ਬਾਵਜੂਦ ਅਤੇ ਵਿਕਸਤ ਦੇਸ਼ਾਂ ਦੇ ਨੇਤਾਵਾਂ ਵੱਲੋਂ ਵੱਡੇ-ਵੱਡੇ ਵਾਅਦੇ ਕਰਨ ਤੋਂ ਬਾਅਦ ਵੀ ਹਾਲਾਤ ਸੁਧਰਨ ਦੀ ਬਜਾਏ ਪਹਿਲੇ ਨਾਲੋਂ ਹੋਰ ਜ਼ਿਆਦਾ ਵਿਗੜਦੇ ਨਜ਼ਰ ਆ ਰਹੇ ਹਨ। ਆਲਮੀ ਤਪਸ਼ ਹੁਣ ਆਲਮੀ ਉਬਾਲ ਦਾ ਰੂਪ ਲੈ ਰਹੀ ਹੈ। ਹਾਲ ਹੀ 'ਚ ਜਾਰੀ ਅੰਕੜਿਆਂ ਅਨੁਸਾਰ ਸਾਲ 2024 ਇਤਿਹਾਸ ਦਾ ਸਭ ਤੋਂ ਵੱਧ ਗਰਮ ਸਾਲ ਰਿਹਾ ਹੈ ਤੇ ਧਰਤੀ ਗ੍ਰਹਿ ਦਾ ਔਸਤ ਤਾਪਮਾਨ ਉਦਯੋਗਿਕ ਕ੍ਰਾਂਤੀ ਦੇ ਪਹਿਲੇ ਦੇ ਤਾਪਮਾਨ ਤੋਂ 1.5 ਡਿਗਰੀ ਸੈਲਸੀਅਸ ਤਾਪਮਾਨ ਦੇ ਬਰਾਬਰ ਵੱਧ ਚੁੱਕਾ ਹੈ- ਹੋਇਆ ਉਹੀ ਜਿਸ ਦਾ ਡਰ ਸੀ। ਵਿਗਿਆਨੀਆਂ ਵੱਲੋਂ ਹੁਣ ਖਦਸ਼ਾ ਇਹ ਪ੍ਰਗਟਾਇਆ ਜਾ ਰਿਹਾ ਹੈ ਕਿ ਜੇਕਰ ਹਾਲਾਤ ਇਹੀ ਰਹੇ ਤਾਂ ਸਾਲ 2025 ਹੋਰ ਵੀ ਜ਼ਿਆਦਾ ਗਰਮ ਸਾਲ ਹੋਏਗਾ ਭਾਵ ਇਸ ਸਾਲ ਧਰਤੀ ਦੇ ਔਸਤ ਤਾਪਮਾਨ ਵਾਧੇ ਦੇ ਸਾਰੇ ਰਿਕਾਰਡ ਟੁੱਟ ਜਾਣਗੇ।

ਸਵਾਲ ਹੈ ਕਿ ਆਲਮੀ ਤਪਸ਼ ਨੂੰ ਰੋਕਣ ਲਈ ਸਰਕਾਰਾਂ ਕੀ ਕਦਮ ਚੁੱਕਣ? ਸਰਕਾਰਾਂ ਨੂੰ ਚਾਹੀਦਾ ਹੈ ਕਿ ਈ-ਵਾਹਨਾਂ ਦੇ ਉਤਪਾਦਨ ਤੇ ਵਿਕਰੀ ਨੂੰ ਉਤਸ਼ਾਹਿਤ ਕਰਨ ਲਈ ਲੋਕਾਂ ਨੂੰ ਸਬਸਿਡੀ ਭਾਵ ਸਰਕਾਰੀ ਮਦਦ ਦੇਣ। ਬਿਜਲੀ ਪੈਦਾ ਕਰਨ ਵਾਲੇ ਕਾਰਖਾਨਿਆਂ ਵਿੱਚ ਸੂਰਜੀ ਊਰਜਾ ਦੀ ਵਰਤੋਂ ਜ਼ਿਆਦਾ ਤੋਂ ਜ਼ਿਆਦਾ ਕਰਕੇ ਕੋਲੇ, ਪੈਟਰੋਲ ਅਤੇ ਡੀਜ਼ਲ ਦੀ ਵਰਤੋਂ ਨੂੰ ਘੱਟ ਕੀਤਾ ਜਾਵੇ। ਨਿਊਕਲੀ ਊਰਜਾ ਵਾਲੇ ਜ਼ਿਆਦਾ ਤੋਂ ਜ਼ਿਆਦਾ ਕਾਰਖਾਨੇ ਲਗਾ ਕੇ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਨੂੰ ਘੱਟ ਕੀਤਾ ਜਾ ਸਕਦਾ ਹੈ। ਸਰਕਾਰਾਂ ਨੂੰ ਚਾਹੀਦਾ ਹੈ ਕਿ ਸੋਲਰ ਪਲਾਂਟ ਲਗਾਉਣ ਵਾਸਤੇ ਲੋਕਾਂ ਨੂੰ ਸਬਸਿਡੀ ਦੇ ਕੇ ਹਰੀ ਊਰਜਾ ਨੂੰ ਉਤਸ਼ਾਹਿਤ ਕਰੇ। ਇੱਕ ਆਮ ਆਦਮੀ ਵੀ ਆਲਮੀ ਤਪਸ਼ ਨੂੰ ਘੱਟ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਅ ਸਕਦਾ ਹੈ। ਸਮਾਜ ਦੇ ਹਰੇਕ ਵਰਗ ਨੂੰ ਚਾਹੀਦਾ ਹੈ ਕਿ ਉਹ ਆਪਣੇ ਘਰਾਂ, ਸਕੂਲਾਂ-ਕਾਲਜਾਂ, ਦਫ਼ਤਰਾਂ, ਕਾਰਖਾਨਿਆਂ ਤੇ ਕੰਮ-ਕਾਜ ਵਾਲੀਆਂ ਥਾਂਵਾਂ ਉੱਤੇ ਬਿਜਲੀ ਅਤੇ ਹੋਰ ਊਰਜਾ ਦੇ ਸਾਧਨਾਂ ਦੀ ਉੱਚਿਤ ਵਰਤੋਂ ਕਰੇ। ਇੱਕ ਆਮ ਆਦਮੀ ਆਵਾਜਾਈ ਦੇ ਨਿੱਜੀ ਸਾਧਨਾਂ ਦੀ ਵਰਤੋਂ ਕਰਨ ਦੀ ਬਜਾਏ ਜਨਤਕ ਸਾਧਨਾਂ ਦੀ ਵਰਤੋਂ ਕਰਕੇ ਪੈਟਰੋਲ ਅਤੇ ਡੀਜ਼ਲ ਆਦਿ ਜਿਹੇ ਬਾਲਣਾਂ ਦੇ ਬਲਣ ਤੋਂ ਨਿਕਲਣ ਵਾਲੀਆਂ ਨੁਕਸਾਨਦਾਇਕ ਗੈਸਾਂ ਨੂੰ ਘੱਟ ਕਰ ਸਕਦਾ ਹੈ ਅਤੇ ਈ-ਵਾਹਨਾਂ ਦੀ ਵਰਤੋਂ ਕਰਕੇ ਧਰਤੀ ਦੇ ਸਮੂਹ ਜੀਵਾਂ ਨੂੰ ਆਲਮੀ ਤਪਸ਼ ਦੇ ਹੋਣ ਵਾਲੇ ਨਾਂਹ-ਪੱਖੀ ਪ੍ਰਭਾਵਾਂ ਤੋਂ ਬਚਾਅ ਸਕਦਾ ਹੈ।

# ਅਕਾਲ ਤਖ਼ਤ ਸਾਹਿਬ ਦੇ ਫੈਸਲੇ ਕੌਮੀ ਦਿਸ਼ਾ 'ਚ ਹਨ?

## *ਅਕਾਲ ਤਖ਼ਤ ਸਾਹਿਬ ਦੇ ਫੈਸਲਿਆਂ ਪ੍ਰਤੀ ਅਕਾਲੀ ਦਲ ਦੀ ਧੱਕੇਸ਼ਾਹੀ ਦਰੁੱਸਤ!

**ਪੰਥਕ ਮਸਲੇ**

**ਦਿਲਜੀਤ ਸਿੰਘ ਬੇਦੀ**
**ਫੋਨ: +91-7657968570**



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸਕੱਤਰ ਦੇ ਅਹੁਦੇ ਤੋਂ ਸੇਵਾਮੁਕਤ ਹੋਏ ਡਾ. ਰੂਪ ਸਿੰਘ, "ਹੁਕਮਨਾਮੇ ਆਦੇਸ਼ ਸੰਦੇਸ਼ ਸ੍ਰੀ ਅਕਾਲ ਤਖ਼ਤ ਸਾਹਿਬ" ਨਾਮੀ ਪੁਸਤਕ ਵਿੱਚ ਲਿਖਦੇ ਹਨ ਕਿ "ਹੁਕਮਨਾਮਿਆਂ ਦਾ ਇਤਿਹਾਸ ਗੁਰੂ ਕਾਲ ਤੱਕ ਜਾਂਦਾ ਹੈ, ਪਰ ਗੁਰੂ ਕਾਲ ਦੇ ਹੁਕਮਨਾਮਿਆਂ ਦੀ ਵਰਤਮਾਨ ਕਾਲ ਦੇ ਹੁਕਮਨਾਮਿਆਂ ਨਾਲ ਕੋਈ ਵੀ ਸਾਂਝ ਸਥਾਪਤ ਕਰਨੀ ਮੁਸ਼ਕਿਲ ਹੈ।

ਸਿੱਖ ਜਗਤ ਵਿੱਚ ਹੁਕਮਨਾਮਿਆਂ ਪ੍ਰਤੀ ਸ਼ਰਧਾ ਸਤਿਕਾਰ ਅੱਜ ਵੀ ਕਾਇਮ ਹੈ; ਪਰ ਇਸ ਸੁੱਚੀ ਭਾਵਨਾ ਦੇ ਅਪਹਰਣ ਦੀਆਂ ਸੰਭਾਵਨਾਵਾਂ ਵਰਤਮਾਨ ਵਿੱਚ ਪਹਿਲਾਂ ਨਾਲੋਂ ਵਧ ਗਈਆਂ ਹਨ। ਇਹ ਸਥਿਤੀ ਪੈਦਾ ਕਰਨ ਵਿੱਚ ਆਪਣਿਆਂ ਤੇ ਬੇਗਾਨਿਆਂ ਵਿੱਚੋਂ ਕੋਈ ਵੀ ਬਚਿਆ ਹੋਇਆ ਨਹੀਂ ਕਿਹਾ ਜਾ ਸਕਦਾ। ਵਾਰਸ ਜੇ ਅਵੇਸਲੇ, ਅਗਿਆਨੀ ਅਤੇ ਲਾਲਚੀ ਹੋ ਜਾਣ ਤਾਂ ਵਿੱਥ ਤੋਂ ਗੱਲ ਕਰਨ ਵਾਲਿਆਂ ਨੂੰ ਖੁੱਲ੍ਹ ਖੇਡ ਪ੍ਰਾਪਤ ਹੋ ਜਾਂਦੀ ਹੈ। ਗੁਰੂ ਜੁਗਤਿ ਅਨੁਸਾਰ ਆਪਣੀ ਲਕੀਰ ਲੰਮੀ ਖਿਚਣ ਦੀ ਹੈ। ਸਿੱਖ ਮਾਨਸਿਕਤਾ ਰੱਖਣ ਵਾਲੇ ਲੋਕ ਆਪਣੀ ਵਿਰਾਸਤ ਨੂੰ ਸੰਭਾਲਣ ਵਿੱਚ ਵੀ ਸਫਲ ਨਹੀਂ ਰਹੇ। ਆਪਣੀਆਂ ਕੇਂਦਰੀ ਸੰਸਥਾਵਾਂ ਨਾਲ ਸੰਬੰਧਤ ਦਸਤਾਵੇਜ਼ਾਂ ਨੂੰ ਸੰਭਾਲਣ ਦਾ ਸੱਭਿਆਚਾਰ ਅਜੇ ਵੀ ਅਸੀਂ ਪੈਦਾ ਨਹੀਂ ਕਰ ਸਕੇ। ਇਸ ਨਾਲ ਸਿੱਖ ਧਰਮ ਦੇ ਚਿੰਤਨ ਦੀ ਸੁਤੰਤਰ ਸਥਾਪਨਾ ਦਾ ਰਾਹ ਰੁਕਿਆ ਹੈ। ਕੌਮੀ ਆਤਮ ਚਿੰਤਨ ਦੀ ਭੂਮਿਕਾ ਨਾ ਹੀ ਸੰਸਥਾਵਾਂ ਵੱਲੋਂ ਨਿਭਾਈ ਜਾ ਰਹੀ ਹੈ ਅਤੇ ਨਾ ਹੀ ਪ੍ਰਬੰਧਕੀ ਸ਼੍ਰੇਣੀ ਵੱਲੋਂ। ਪਰੰਪਰਾਵਾਂ ਦੀ ਸੁੱਚੀ ਤਾਜਗੀ ਨੂੰ ਅਗਿਆਨ ਕਲਪਿਤ ਵਿਵਾਦਾਂ ਦੀ ਭੇਟ ਚੜ੍ਹਾਇਆ ਜਾ ਰਿਹਾ ਹੈ। ਹੁਣ ਸਮਾਂ ਜ਼ਿੰਮੇਵਾਰੀ ਮਿਥਣ ਦਾ ਨਹੀਂ, ਸਗੋਂ ਜ਼ਿੰਮੇਵਾਰੀ ਕਬੂਲਣ ਦਾ ਆ ਗਿਆ ਹੈ।"

ਸਿੱਖ ਪੰਥ ਨੂੰ ਚੜ੍ਹਦੀਕਲਾ ਵਿੱਚ ਤੇ ਇੱਕਮੁੱਠ ਵੇਖਣ ਲਈ ਸਮੇਂ ਸਮੇਂ ਅਕਾਲੀ ਸੋਚ ਵਾਲੇ ਪੁਰਸ਼ਾਂ ਨੂੰ ਇੱਕ ਪਲੇਟਫਾਰਮ 'ਤੇ ਇਕੱਤਰ ਹੋਣ ਲਈ ਅਕਾਲ ਤਖ਼ਤ ਸਾਹਿਬ ਤੋਂ ਅਦੇਸ਼ ਹੁੰਦੇ ਰਹੇ ਹਨ। ਅੱਜ ਵੀ ਅਕਾਲੀ ਦਲ ਦੇ ਨਾਰਾਜ਼ ਧੜੇ ਨੂੰ ਅਕਾਲੀ ਦਲ ਦੀ ਮੁਖ ਧਾਰਾ ਵਿੱਚ ਮੁੜ ਸ਼ਾਮਲ ਕਰਨ ਬਾਰੇ ਚਰਚਾ ਹੈ। ਅਕਾਲੀ ਦਲ ਦੇ ਨਰਾਜ਼ ਧੜੇ ਦੇ ਆਗੂਆਂ ਵੱਲੋਂ ਅਜੇ ਤੀਕ ਭਰਤੀ ਦੀ ਪ੍ਰੀਕਿਰਿਆ ਸ਼ੁਰੂ ਨਹੀਂ ਕੀਤੀ ਗਈ, ਕੇਵਲ ਕਾਬਜ ਧੜੇ ਵੱਲੋਂ ਹੀ ਭਰਤੀ ਦਾ ਸਿਲਸਿਲਾ ਜਾਰੀ ਹੈ। ਇਹ ਰੇੜਕਾ ਹਾਲੇ ਖਤਮ ਨਹੀਂ ਹੋਇਆ। ਬੀਬੀ ਜਗੀਰ ਕੌਰ, ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਸੁਰਜੀਤ ਸਿੰਘ ਰੱਖੜਾ, ਗੁਰਪ੍ਰਤਾਪ ਸਿੰਘ ਵਡਾਲਾ ਵਾਲੀ ਟੀਮ ਫਿਲਹਾਲ ਅੱਡਰੀ ਤੁਰੀ ਫਿਰਦੀ ਹੈ। ਇਹ ਸਾਰੇ ਅਕਾਲੀ ਦਲ ਦੇ ਸਿਰਕੱਢ ਸੀਨੀਅਰ ਆਗੂ ਹਨ।

---

ਮਿਤੀ 01-05-1994 ਨੂੰ ਅਕਾਲੀ ਲੀਡਰਸ਼ਿਪ ਵੱਲੋਂ ਇੱਕ ਪ੍ਰਣ ਪੱਤਰ ਜਾਰੀ ਕੀਤਾ ਗਿਆ ਸੀ, ਜਿਸ ਵਿੱਚ ਲਿਖਿਆ ਸੀ ਕਿ "ਅਸੀਂ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ੍ਰੀ ਦਰਬਾਰ ਸਾਹਿਬ ਦੀ ਪਾਵਨ ਧਰਤੀ 'ਤੇ ਜੁੜੇ ਪੰਥਕ ਇਕੱਠ ਵਿੱਚ ਏਕਤਾ ਸਿਧਾਂਤ ਆਧਾਰਿਤ ਇਹ ਪ੍ਰਣ ਗੁਰੂ ਸੰਗਤਾਂ ਦੇ ਸਾਹਮਣੇ ਕਰਦੇ ਹਾਂ ਕਿ ਅੱਜ ਤੋਂ ਅਸੀਂ ਸਾਰੇ ਮਤਭੇਦ ਭੁਲਾ ਕੇ ਕੌਮੀ ਹਿੱਤਾਂ ਦੀ ਖ਼ਾਤਰ ਇਕੱਠੇ ਵਿਚਰਾਂਗੇ। ਪੰਥ ਦੋਖੀਆਂ ਦੀਆਂ ਸਾਜਿਸ਼ਾਂ ਅਧੀਨ ਆਪਸੀ ਖਿੱਚੋਤਾਣ ਦੇ ਸ਼ਿਕਾਰ ਹੋਣ ਤੋਂ ਪੂਰਨ ਤੌਰ 'ਤੇ ਮੁਕਤ ਰਹਾਂਗੇ। ਸਾਡੀ ਸੋਚ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ ਹੈ। ਅਸੀਂ ਹਰ ਉਸ ਕਾਰਜ ਲਈ ਹਮੇਸ਼ਾ ਯਤਨਸ਼ੀਲ ਹੋਵਾਂਗੇ, ਜੋ ਸਾਨੂੰ ਖ਼ਾਲਸਾ ਪੰਥ ਦੀਆਂ ਪ੍ਰੇਰਨਾਵਾਂ 'ਚੋਂ ਪ੍ਰਾਪਤ ਹੈ ਤੇ ਪ੍ਰਾਪਤ ਹੋਵੇਗਾ। ਖ਼ਾਲਸਾਈ ਰਵਾਇਤਾਂ ਦੀ ਪਾਲਣਾ ਲਈ ਆਪਣਾ ਤਨ, ਮਨ, ਧਨ ਕੌਮ ਨੂੰ ਸਮਰਪਿਤ ਕਰਦਿਆਂ ਅਸੀਂ ਹਰ ਸੰਭਵ ਯਤਨ ਕਰ ਕੇ ਸਮੁੱਚੀਆਂ ਪੰਥਕ ਜਥੇਬੰਦੀਆਂ ਨੂੰ ਇੱਕ ਪਲੇਟਫਾਰਮ 'ਤੇ ਇਕੱਠੇ ਕਰ ਕੇ ਕੌਮੀ ਕਾਜ ਲਈ ਲੋਕਤੰਤਰੀ ਢੰਗ ਤਰੀਕੇ ਨਾਲ ਸਦੀਵੀ ਤੌਰ 'ਤੇ ਜੂਝਦੇ ਰਹਾਂਗੇ। ਕਿਸੇ ਵੀ ਸੂਰਤ ਵਿੱਚ ਕੌਮ ਨਾਲ ਵਿਸ਼ਵਾਸਘਾਤ ਨਹੀਂ ਕਰਾਂਗੇ। ਇੱਕ ਸੇਵਕ ਦੀ ਹੈਸੀਅਤ ਵਿੱਚ ਵਿਚਾਰਾਂਗੇ।

ਗੁਰੂ ਪੰਥ ਦੇ ਦਾਸ: ਗੁਰਚਰਨ ਸਿੰਘ ਟੌਹੜਾ, ਭਾਈ ਮਨਜੀਤ ਸਿੰਘ, ਜਸਮੇਰ ਸਿੰਘ ਬਾਲਾ ਕਰਨਲ (ਰਿਟਾ.), ਜਗਦੇਵ ਸਿੰਘ ਤਲਵੰਡੀ, ਅਮਰਿੰਦਰ ਸਿੰਘ, ਸਿਮਰਨਜੀਤ ਸਿੰਘ ਮਾਨ, ਸੁਰਜੀਤ ਸਿੰਘ ਬਰਨਾਲਾ।

---



"ਅਸੀਂ ਸ਼੍ਰੋਮਣੀ ਅਕਾਲੀ ਦਲ ਦੇ ਸੇਵਾਦਾਰ ਖ਼ਾਲਸਾ ਪੰਥ ਅਤੇ ਸਮੂਹ ਪੰਜਾਬ ਦੇ ਸੰਤਾਪ ਨੂੰ ਨਿਵਾਰਨ ਹਿੱਤ ਇੱਕ ਸ਼੍ਰੋਮਣੀ ਅਕਾਲੀ ਦਲ ਦੀ ਹੋਂਦ ਬਣਾਉਣ ਅਤੇ ਪਰਸਪਰ ਏਕਤਾ ਦਾ ਨਿਸ਼ਚਾ ਕਰਦੇ ਹਾਂ ਤੇ ਸਿਰ ਜੋੜ ਕੇ ਬੈਠਣ ਦੀ ਵਚਨਬੱਧਤਾ ਦੁਹਰਾਉਂਦੇ ਹਾਂ। ਇਹ ਵੀ ਬਚਨ ਕਰਦੇ ਹਾਂ ਕਿ ਪਿਛਲੇ ਕੁਝ ਸਮੇਂ ਦੇ ਹਾਲਾਤ ਤੇ ਅਜੋਕੀ ਪ੍ਰਸਥਿਤੀ ਨੂੰ ਮੁੱਖ ਰੱਖਦੇ ਹੋਏ ਸ਼੍ਰੋਮਣੀ ਅਕਾਲੀ ਦਲ ਦਾ ਆਪਣਾ ਰਾਜਸੀ ਮਨੋਰਥ, ਜਥੇਬੰਦਕ ਬਣਤਰ ਅਤੇ ਵਿਧਾਨਕ ਤੇ ਸੰਬੰਧਤ ਮਾਮਲਿਆਂ ਨੂੰ ਵਿਸਾਖੀ ਦੇ ਦਿਹਾੜੇ ਤੱਕ ਵਿਚਾਰ-ਵਟਾਂਦਰਾ ਕਰ ਕੇ ਫ਼ੈਸਲਾ ਕਰਨ ਦੇ ਪਾਬੰਦ ਹੋਵਾਂਗੇ। ਅਸੀਂ ਸਮੂਹ ਅਕਾਲੀ ਵਰਕਰਾਂ ਤੇ ਆਗੂਆਂ ਨੂੰ ਅਪੀਲ ਕਰਦੇ ਹਾਂ ਕਿ ਮਾਹੌਲ ਨੂੰ ਸੁਖਾਵਾਂ ਬਣਾਉਣ ਲਈ ਸਾਂਝਾ ਉਦਮ ਕਰਨ, ਤਾਂ ਕਿ ਬੀਤੇ ਸਮੇਂ ਵਿੱਚ ਪੈਦਾ ਹੋਈ ਕੁੜੱਤਣ ਤੇ ਵਿੱਥ ਨੂੰ ਸਮਾਪਤ ਕੀਤਾ ਜਾ ਸਕੇ। ਅਸੀਂ ਆਪਣੇ ਕੀਤੇ ਹੋਏ ਇਸ ਪ੍ਰਣ ਨੂੰ ਦੁਹਰਾਉਂਦੇ ਹਾਂ ਕਿ ਇੱਕ ਦੂਜੇ ਵਿਰੁੱਧ ਕੋਈ ਬਿਆਨ ਨਹੀਂ ਦੇਵਾਂਗੇ ਅਤੇ ਨਾ ਹੀ ਅਸੀਂ ਕਿਸੇ ਸਾਥੀ ਨੂੰ ਅਜਿਹਾ ਕਰਨ ਦੇਵਾਂਗੇ। ਇਸ 'ਤੇ ਪੂਰੀ ਸੁਹਿਰਦਤਾ ਨਾਲ ਪਹਿਰਾ ਦੇਵਾਂਗੇ।" ਪ੍ਰਣ ਤੇ ਦਸਤਖਤ: ਰਣਜੀਤ ਸਿੰਘ ਬ੍ਰਹਮਪੁਰਾ, ਭਾਈ ਮਨਜੀਤ ਸਿੰਘ, ਜਗਦੇਵ ਸਿੰਘ ਤਲਵੰਡੀ, ਅਮਰਿੰਦਰ ਸਿੰਘ, ਪ੍ਰਕਾਸ਼ ਸਿੰਘ ਬਾਦਲ, ਸੁੱਚਾ ਸਿੰਘ ਛੋਟੇਪੁਰ, ਪ੍ਰਕਾਸ਼ ਸਿੰਘ ਮਜੀਠਾ, ਅਸ਼ੋਕ ਸਿੰਘ ਭਾਈ, ਜਸਮੇਰ ਸਿੰਘ ਬਾਲਾ, ਕੁਲਦੀਪ ਸਿੰਘ ਵਡਾਲਾ, ਬਲਵਿੰਦਰ ਸਿੰਘ, ਗੁਰਚਰਨ ਸਿੰਘ ਟੌਹੜਾ, ਸੁਰਜੀਤ ਸਿੰਘ ਬਰਨਾਲਾ, ਸੁਖਦੇਵ ਸਿੰਘ ਢੀਂਡਸਾ।

ਪਰ ਲੀਡਰ ਆਪਣੇ ਨਿਜੀ ਮੁਫਾਦ ਲਈ ਇੱਕਮੁੱਠ ਨਾ ਰਹਿ ਸਕੇ। ਅੱਜ ਵੀ ਅਕਾਲੀ ਦਲ ਦੀ ਸਮੁੱਚੀ ਲੀਡਰਸ਼ਿਪ ਉਹੀ ਹਲਾਤਾਂ ਦੇ ਸਨਮੁਖ ਖੜ੍ਹੀ ਹੈ। ਸੁਖਬੀਰ ਸਿੰਘ ਬਾਦਲ ਪਹਿਲੇ ਸਿਆਸੀ ਆਗੂ ਅਤੇ ਅਕਾਲੀ ਦੇ ਪ੍ਰਧਾਨ ਨਹੀਂ ਹਨ, ਜਿਨ੍ਹਾਂ ਨੂੰ ਅਕਾਲ ਤਖ਼ਤ ਸਾਹਿਬ ਤੋਂ ਤਨਖਾਹ ਲਾਈ ਗਈ ਹੈ। ਇੱਥੋਂ ਪ੍ਰੋ. ਗੁਰਮੁਖ ਸਿੰਘ, ਬਾਬੂ ਤੇਜਾ ਸਿੰਘ, ਬਾਬਾ ਕਰਤਾਰ ਸਿੰਘ, ਮਾਸਟਰ ਤਾਰਾ ਸਿੰਘ, ਗਿਆਨੀ ਭਾਗ ਸਿੰਘ, ਜਥੇਦਾਰ ਜਗਦੇਵ ਸਿੰਘ ਤਲਵੰਡੀ, ਜਥੇਦਾਰ ਸੰਤੋਖ ਸਿੰਘ ਦਿੱਲੀ, ਬਾਬਾ ਸੰਤਾ ਸਿੰਘ, ਗਿਆਨੀ ਜੈਲ ਸਿੰਘ, ਬੂਟਾ ਸਿੰਘ, ਸੁਰਜੀਤ ਸਿੰਘ ਬਰਨਾਲਾ, ਜਥੇਦਾਰ ਰਛਪਾਲ ਸਿੰਘ ਦਿੱਲੀ, ਰਣਜੀਤ ਸਿੰਘ ਬ੍ਰਹਮਪੁਰਾ, ਅਵਤਾਰ ਸਿੰਘ ਹਿੱਤ ਦਿੱਲੀ ਵੀ ਤਨਖਾਹ ਲਵਾ ਚੁਕੇ ਹਨ। ਇਵੇਂ ਜਥੇਦਾਰ ਗੁਰਚਰਨ ਸਿੰਘ ਟੌਹੜਾ, ਕੈਪਟਨ ਅਮਰਿੰਦਰ ਸਿੰਘ, ਪ੍ਰਕਾਸ਼ ਸਿੰਘ ਬਾਦਲ, ਸਿਮਰਨਜੀਤ ਸਿੰਘ ਮਾਨ ਆਦਿ ਨੂੰ ਅਕਾਲ ਤਖ਼ਤ ਸਾਹਿਬ ਤੋਂ ਏਕਤਾ ਆਦਿ ਲਈ ਅਦੇਸ਼ ਹੁੰਦੇ ਰਹੇ ਹਨ। ਭਾਵੇਂ ਹਵਾਲੇ ਨਾਵਾਂ ਵਿੱਚ ਬਹੁਤ ਆਗੂ ਅਕਾਲ ਚਲਾਣਾ ਕਰ ਚੁੱਕੇ ਹਨ ਤੇ ਇੱਕ ਦੋ ਹੀ ਜ਼ਿੰਦਾ ਹਨ।

ਆਮ ਕਹਾਵਤ ਪ੍ਰਚਲਤ ਹੈ ਕਿ ਅਕਾਲੀ ਲਿਆਉਂਦੇ ਸ਼ਾਨੋ ਸ਼ੌਕਤ ਨਾਲ ਹਾਥੀ 'ਤੇ ਚੜ੍ਹਾ ਕੇ, ਲੇਕਿਨ ਕੱਢਦੇ ਗਧੇ 'ਤੇ! ਮੌਜੂਦਾ ਘਟਨਾਕ੍ਰਮ ਅਨੁਸਾਰ ਸਿੱਖ ਧਰਮ ਦੇ ਤਖ਼ਤਾਂ ਦੇ ਜਥੇਦਾਰ ਆਜ਼ਾਦ ਹੈਸੀਅਤ ਬਿਲਕੁਲ ਹੀ ਨਹੀਂ ਰੱਖਦੇ। ਉਹ ਕੌਮੀ ਤੌਰ 'ਤੇ ਕੋਈ ਵੱਡਾ ਫੈਸਲਾ ਵੀ ਨਹੀਂ ਲੈ ਸਕਦੇ। ਉਨ੍ਹਾਂ ਦੀ ਕਾਰਗੁਜ਼ਾਰੀ ਆਮ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਮੁਲਾਜ਼ਮਾਂ ਵਾਲੀ ਹੈ। ਸਿੱਖ ਜਗਤ ਉਨ੍ਹਾਂ ਦਾ ਸਤਿਕਾਰ ਇਸ ਲਈ ਕਰਦਾ ਹੈ ਕਿ ਉਹ ਗੁਰੂ ਸਾਹਿਬ ਦੇ ਤਖ਼ਤ ਸਾਹਿਬ ਵਿਖੇ ਬਤੌਰ ਮੁਖੀ, ਜਥੇਦਾਰ, ਸੇਵਾ ਸੰਭਾਲ ਦੇ ਮੁਖੀ ਵਜੋਂ ਸੇਵਾ ਨਿਭਾਉਂਦੇ ਹਨ। ਉਨ੍ਹਾਂ ਦਾ ਨਿਯੁਕਤੀ ਸਥਾਨ ਅਤੇ ਸੇਵਾਮੁਕਤ ਹੋਣ ਦੀ ਵਿਧੀ ਵਿਧਾਨ ਵੀ ਸ਼੍ਰੋਮਣੀ ਕਮੇਟੀ ਕੋਲ ਹੈ। ਜਿਨ੍ਹਾਂ ਚਿਰ ਆਜ਼ਾਦਦਾਨਾ ਤੌਰ 'ਤੇ ਇਨ੍ਹਾਂ ਦੀ 'ਨਿਯੁਕਤੀ-ਸੇਵਾਮੁਕਤੀ' ਦੀ ਵਿਧੀ ਤਿਆਰ ਨਹੀਂ ਕੀਤੀ ਜਾਂਦੀ, ਉਨ੍ਹਾਂ ਚਿਰ ਇਸ ਤਰ੍ਹਾਂ ਦੇ ਦੁਖਦ ਹਿਰਦੇਵੇਧਕ ਫੈਸਲੇ ਹੁੰਦੇ ਰਹਿਣਗੇ ਅਤੇ ਜਥੇਦਾਰਾਂ ਨੂੰ ਬੇਪੱਤ ਕਰ ਕੇ ਕੱਢਿਆ ਜਾਂਦਾ ਰਹੇਗਾ। ਪਿਛਲੇ ਚਾਰ ਦਹਾਕਿਆਂ ਤੋਂ ਕੋਈ ਵੀ ਤਖ਼ਤ ਸਾਹਿਬ ਦਾ ਜਥੇਦਾਰ ਸ਼ਾਨੋ-ਸ਼ੌਕਤ ਤੇ ਨਿਯਮਤ ਸੇਵਾਵਾਂ ਅਨੁਸਾਰ ਸਤਿਕਾਰ ਸਾਹਿਤ ਮੁਕਤ ਨਹੀਂ ਹੋ ਸਕਿਆ। ਸਭ ਨੂੰ ਬੇਪਤ ਕਰਕੇ ਤੋਰਿਆ ਜਾਂਦਾ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੀ ਲੀਡਰਸ਼ਿਪ ਨੇ ਸਵੈ-ਚਿੰਤਨ ਕਰਨ ਦੀ ਪਰੰਪਰਾ ਵੀ ਤਿਆਗ ਦਿੱਤੀ ਹੈ।

2 ਦਸੰਬਰ 2024 ਨੂੰ ਬਹੁਤ ਦੇਰ ਬਾਅਦ ਅਕਾਲ ਤਖ਼ਤ ਸਾਹਿਬ ਤੋਂ ਇੱਕ ਕੌਮੀ ਪੱਧਰ ਦਾ ਇਤਿਹਾਸਕ ਹੁਕਮਨਾਮਾ ਹੋਇਆ, ਜਿਸ ਦਾ ਸਮੁੱਚੇ ਸਿੱਖ ਜਗਤ ਨੇ ਸਵਾਗਤ ਕੀਤਾ। ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਉਸ ਦੇ ਸਾਥੀਆਂ ਨੇ ਲੱਗੀ ਸੇਵਾ ਦੀ ਤਨਖਾਹ ਤਾਂ ਪੂਰੀ ਕਰ ਲਈ, ਪਰ ਅਕਾਲੀ ਦਲ ਦੀ ਭਰਤੀ ਪ੍ਰਤੀ ਬਣਾਈ 7 ਮੈਂਬਰੀ ਕਮੇਟੀ ਦਾ ਮਾਮਲਾ ਲੀਰੋ-ਲੀਰ ਕਰ ਦਿੱਤਾ। ਸੁਖਬੀਰ ਸਿੰਘ ਬਾਦਲ ਨੇ ਅਸਤੀਫਾ ਬਹੁਤ ਮੁਸ਼ਕਲ ਨਾਲ ਹੀ ਦਿੱਤਾ, ਪਰ ਉਸ ਨੇ ਆਪਣਾ ਜਾਨਸ਼ੀਨ ਬਲਵਿੰਦਰ ਸਿੰਘ ਭੂੰਦੜ ਨੂੰ ਕਾਰਜਕਾਰੀ ਪ੍ਰਧਾਨ ਬਣਾ ਲਿਆ ਹੈ, ਜਦੋਂ ਮਰਜ਼ੀ ਅਸਤੀਫਾ ਲੈ ਕੇ ਮੁੜ ਪ੍ਰਧਾਨਗੀ ਹਥਿਆਈ ਜਾ ਸਕਦੀ ਹੈ। ਅਜੇ ਸਕਰੀਨਿੰਗ ਕਮੇਟੀ ਨੇ ਕੰਮ ਕਰਨਾ ਵੀ ਸ਼ੁਰੂ ਨਹੀਂ ਕੀਤਾ ਤੇ ਜਬਰੀ ਅਕਾਲੀ ਦਲ ਵੱਲੋਂ ਭਰਤੀ ਵੀ ਕਰ ਲਈ ਗਈ। ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦਾ ਬਿਆਨ ਆਉਂਦਾ ਰਿਹਾ ਹੈ ਕਿ ਸੱਤ ਮੈਂਬਰੀ ਕਮੇਟੀ ਪਹਿਲਾਂ ਦੀ ਤਰ੍ਹਾਂ ਕਾਇਮ ਹੈ। ਉਸ ਦੀ ਨਿਗਰਾਨੀ ਹੇਠ ਹੀ ਭਰਤੀ ਹੋਵੇਗੀ। 10 ਫਰਵਰੀ 2025 ਨੂੰ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿੱਚ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਪ੍ਰਤੀ ਬਣਾਈ ਤਿੰਨ ਮੈਂਬਰੀ ਕਮੇਟੀ ਦੀ ਰਿਪੋਰਟ ਆਧਾਰਤ ਉਨ੍ਹਾਂ ਨੂੰ ਜਥੇਦਾਰੀ ਪੱਦ ਤੋਂ ਸੇਵਾ ਮੁਕਤ ਕਰ ਦਿੱਤਾ ਗਿਆ ਹੈ। ਇਹ ਫੈਸਲਾ ਨਵਾਂ ਨਹੀਂ, ਲੋਕਾਂ ਨੂੰ ਪਹਿਲਾਂ ਹੀ ਇਸ ਬਾਰੇ ਗਿਆਨ ਸੀ; ਕਿਉਂਕਿ ਇਹ ਵੀ ਇੱਕ ਰਾਜਸੀ ਤੇ ਧੱਕੜਸ਼ਾਹੀ ਵਾਲਾ ਫੈਸਲਾ ਹੈ। ਹੁਣ ਰਾਜਸੀ ਦਲ ਦੇ ਦਬਾਅ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਵੱਲੋਂ ਭਰਤੀ ਪ੍ਰਤੀ ਬਣਾਈ ਸੱਤ ਮੈਂਬਰੀ ਸਕਰੀਨਿੰਗ ਕਮੇਟੀ ਦੀ ਇੱਕ ਮੀਟਿੰਗ ਕੀਤੀ ਗਈ ਹੈ, ਪਰ ਉਸ ਵਿੱਚ ਵੀ ਕੋਈ ਸਾਰਥਿਕ ਫੈਸਲਾ ਨਹੀਂ ਲਿਆ ਗਿਆ। ਲੱਖਾਂ ਦੀ ਗਿਣਤੀ ਵਿੱਚ ਕੀਤੀ ਭਰਤੀ ਕਿਵੇਂ ਸਾਰਥਿਕ ਗਿਣੀ ਜਾਵੇਗੀ! ਇਹ ਤਾਂ ਅਕਾਲ ਤਖ਼ਤ ਦੇ ਹੁਕਮ ਤੋਂ ਭਗੌੜੇ ਹੋਣ ਵਾਲੀ ਗੱਲ ਹੈ। ਇਸ ਤਰ੍ਹਾਂ ਦੇ ਰਾਜਸੀ ਜਬਰੀ ਫੈਸਲੇ ਕੌਮ ਦਾ ਕੁੱਝ ਨਹੀਂ ਸੰਵਾਰ ਸਕਦੇ। ਅਕਾਲੀ ਦਲ ਇਸ ਸੋਚ ਦਾ ਧਾਰਨੀ ਬਣ ਰਿਹਾ ਹੈ ਕਿ ਭਵਿੱਖ ਵਿੱਚ 2027 ਨੂੰ ਹੋਣ ਜਾ ਰਹੀਆਂ ਪੰਜਾਬ ਅਸੈਂਬਲੀ ਦੀਆਂ ਚੋਣਾਂ ਵਿੱਚ ਅਕਾਲੀ ਦਲ ਭਾਜਪਾ ਨਾਲ ਗਠਜੋੜ ਕਰਕੇ ਸਰਕਾਰ ਬਣਾਉਣ ਦੇ ਆਹਦ ਵਿੱਚ ਪੂਰਾ ਉਤਰੇਗਾ, ਪਰ ਲੋਕ ਸ਼ਕਤੀ ਬਹੁਤ ਬਲਵਾਨ ਹੈ, ਆਮ ਆਦਮੀ ਪਾਰਟੀ ਦੀ ਸਰਕਾਰ ਨੇ ਦਸ ਸਾਲ ਦਿੱਲੀ ਵਿੱਚ ਰਾਜ ਕੀਤਾ ਹੈ, ਪਰ ਇਸ ਵਾਰ ਜਨਤਾ ਨੇ ਉਸ ਨੂੰ ਬੁਰੀ ਤਰ੍ਹਾਂ ਨਕਾਰ ਦਿੱਤਾ ਹੈ। 21 ਸਾਲਾਂ ਬਾਅਦ ਦਿੱਲੀ 'ਤੇ ਭਾਜਪਾ ਕਾਬਜ ਹੋਈ ਹੈ।

ਅਕਾਲ ਤਖ਼ਤ ਦੀ ਮਾਣ ਮਰਯਾਦਾ ਨੂੰ ਢਾਹ ਲਾਉਣ ਵਾਲੇ ਕਦੀ ਵੀ ਰਾਜ ਸੱਤਾ ਨਹੀਂ ਭੋਗ ਸਕਦੇ। ਜਥੇਦਾਰ ਰਣਜੀਤ ਸਿੰਘ, ਗਿਆਨੀ ਪੂਰਨ ਸਿੰਘ, ਜੋਗਿੰਦਰ ਸਿੰਘ ਵੇਦਾਂਤੀ, ਗਿਆਨੀ ਗੁਰਬਚਨ ਸਿੰਘ ਤੇ ਹੁਣ ਗਿਆਨੀ ਹਰਪ੍ਰੀਤ ਸਿੰਘ ਰਾਜਸੀ ਧੱਕੜਸ਼ਾਹੀ ਦਾ ਸ਼ਿਕਾਰ ਹੋਏ ਹਨ। ਇਸ ਤੋਂ ਪਹਿਲਾਂ ਪ੍ਰੋ. ਦਰਸ਼ਨ ਸਿੰਘ, ਹਰਚਰਨ ਸਿੰਘ ਦਿੱਲੀ, ਪ੍ਰੋ. ਮਨਜੀਤ ਸਿੰਘ, ਗਿਆਨੀ ਕੇਵਲ ਸਿੰਘ ਵੀ ਇਸੇ ਕਤਾਰ ਦੇ ਬੈਲ ਹਨ। ਤਿੰਨ-ਚਾਰ ਜਥੇਦਾਰਾਂ ਨਾਲ ਮੇਰਾ ਨਿਜੀ ਵਾਹ ਵੀ ਰਿਹਾ ਹੈ। ਮੈਂ ਅਗਾਊਂ ਉਨ੍ਹਾਂ ਨੂੰ ਸੁਚੇਤ ਕਰਦਾ ਰਿਹਾ ਹਾਂ ਕਿ ਰਾਜਸੀ ਟਕਰਾਅ ਤੁਹਾਡੇ ਲਈ ਠੀਕ ਨਹੀਂ, ਤੁਹਾਨੂੰ ਭਾਣਾ ਮੰਨਣਾ ਹੀ ਪੈਣਾ ਹੈ ਜਾਂ ਇਸ ਅਹੁਦੇ ਤੋਂ ਲਾਂਭੇ ਹੋ ਜਾਵੋ। ਉਹ ਸਾਰੇ ਹੀ ਏਸੇ ਰਾਜਸੀ ਦਲ ਦੀ ਧੱਕੇਜੋਰੀ ਤੇ ਬੇਇਨਸਾਫੀ ਦਾ ਸ਼ਿਕਾਰ ਹੋਏ ਹਨ। ਅਕਾਲ ਤਖ਼ਤ ਸਾਹਿਬ ਦੀ ਮਾਣ-ਮਰਯਾਦਾ ਤੇ ਉਚੇ ਸੁੱਚੇ ਸਿਧਾਂਤਾਂ ਨੂੰ ਪਿਛਲੇ ਲੰਮੇ ਸਮੇਂ ਤੋਂ ਭੰਨਣ ਤੋੜਨ ਤੇ ਪੈਰਾਂ 'ਚ ਰੋਲਣ ਦਾ ਕੰਮ ਅਕਾਲੀ ਲੀਡਰਸ਼ਿਪ ਪੂਰੀ ਜ਼ਿੰਮੇਵਾਰੀ ਨਾਲ ਕਰਦੀ ਆ ਰਹੀ ਹੈ। ਕੌਮ ਦੀ ਹਮੇਸ਼ਾ ਮੰਗ ਰਹੀ ਹੈ ਕਿ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਵਰਗਾ ਹੋਵੇ। ਜੋ ਹਾਕਮਾਂ, ਰਜਵਾੜਾਸ਼ਾਹੀ, ਹੁਕਮਰਾਨਾਂ ਨੂੰ ਵੀ ਨੱਥ ਪਾ ਸਕਦਾ ਹੋਵੇ; ਪਰ ਉਹ ਕਿਵੇਂ ਹੋਵੇ? ਇਸ ਬਾਰੇ ਕਿਸੇ ਨੇ ਅੱਜ ਤੀਕ ਫਾਰਮੂਲਾ ਅਕਾਲੀ ਦਲ ਜਾਂ ਸ਼੍ਰੋਮਣੀ ਕਮੇਟੀ ਨੂੰ ਨਹੀਂ ਦਿੱਤਾ। ਜਥੇਦਾਰ ਵੇਦਾਂਤੀ ਇਸ ਸਬੰਧੀ ਬਹੁਤ ਜ਼ੋਰ ਨਾਲ ਹਰ ਸਟੇਜ 'ਤੇ ਰੌਲਾ ਪਾਉਂਦੇ ਰਹੇ ਹਨ ਕਿ ਅਜਿਹਾ ਵਿਧੀ ਵਿਧਾਨ ਬਨਣਾ ਚਾਹੀਦਾ ਹੈ, ਪਰ ਅਸਲ ਵਿੱਚ ਅੱਜ ਤੀਕ ਕੁੱਝ ਵੀ ਨਹੀਂ ਹੋ ਸਕਿਆ। 2 ਦਸੰਬਰ 2024 ਨੂੰ ਹੋਏ ਗੁਰਮਤਿਆਂ 'ਤੇ ਤਖ਼ਤਾਂ ਦੇ ਜਥੇਦਾਰ ਡਟਵਾਂ ਪਹਿਰਾ ਨਹੀਂ ਦੇ ਸਕਦੇ, ਤਾਂ ਉਨ੍ਹਾਂ ਨੂੰ ਆਪਣੀ ਨੌਕਰੀ ਬਣਾਈ ਰੱਖਣ ਲਈ ਸੁਖਬੀਰ ਸਿੰਘ ਬਾਦਲ ਤੋਂ ਭੁਲ ਬਖਸ਼ਾ ਲੈਣੀ ਚਾਹੀਦੀ ਹੈ!

ਭਾਵੇਂ ਹਰਿਮੰਦਰ ਸਾਹਿਬ ਦੀਆਂ ਧਾਰਮਿਕ ਸ਼ਖਸੀਅਤਾਂ ਅੰਦਰ ਵੀ ਅਹੁਦੇ ਨੂੰ ਲੈ ਕੇ ਕਸ਼ਮਕਸ਼ ਲਗਾਤਾਰ ਜਾਰੀ ਰਹੀ ਹੈ। ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਦਾ ਕਹਿਣਾ ਹੈ ਕਿ ਮੈਂ ਜਥੇਦਾਰ ਅਕਾਲ ਤਖ਼ਤ ਸਾਹਿਬ ਤੋਂ ਵੱਡਾ ਹਾਂ, ਜਥੇਦਾਰ ਅਕਾਲ ਤਖ਼ਤ ਦਾ ਮੰਨਣਾ ਕਿ ਕੌਮ ਦੀ ਅਗਵਾਈ ਮੈਂ ਕਰਦਾ ਹਾਂ, ਮੈਂ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖੀ ਗ੍ਰੰਥੀ ਤੋਂ ਵੱਡਾ ਹਾਂ। ਹੁਣ ਇਹ ਦੋਵੇਂ ਅਹੁਦੇ ਇੱਕੋ ਸਖ਼ਸੀਅਤ ਪਾਸ ਹਨ। ਕੇਸਗੜ੍ਹ ਸਾਹਿਬ ਦੇ ਜਥੇਦਾਰ ਆਪਣੇ ਕੰਮ ਦੇ ਨਾਲ ਨਾਲ ਕਾਰਜਕਾਰੀ ਤੌਰ 'ਤੇ ਅਕਾਲ ਤਖ਼ਤ ਸਾਹਿਬ ਦਾ ਕਾਰਜ ਭਾਰ ਸੰਭਾਲਦੇ ਰਹੇ ਹਨ। ਨਿਜੀ ਕਿੜਾਂ ਕਾਰਨ ਅਕਾਲੀ ਦਲ ਦਾ ਕੱਦ-ਕਾਠ ਵਧਿਆ ਨਹੀਂ, ਪਹਿਲਾਂ ਨਾਲੋਂ ਵੀ ਘਟਿਆ ਹੈ। ਪ੍ਰਕਾਸ਼ ਸਿੰਘ ਬਾਦਲ ਨੂੰ ਫ਼ਖ਼ਰੇ-ਏ-ਕੌਮ ਅਕਾਲ ਤਖ਼ਤ ਸਾਹਿਬ ਤੋਂ ਦਿੱਤਾ ਐਵਾਰਡ ਵਾਪਸ ਲੈਣਾ, ਅਕਾਲੀ ਦਲ ਦੇ ਸੁਪਰੀਮੋ ਅਤੇ ਸਮੁੱਚੀ ਲੀਡਰਸ਼ਿਪ ਸਮੇਤ ਤਲਬ ਕਰਨਾ, ਧਾਰਮਿਕ ਸਜ਼ਾ ਲਾਉਣੀ, ਇਹ ਸੁਖਬੀਰ ਸਿੰਘ ਬਾਦਲ ਨੂੰ ਪਚ ਨਹੀਂ ਸਕਿਆ। ਉਸ ਨੇ ਉਲਟੀ ਗੰਗਾ ਵਹਾਉਂਦਿਆਂ ਜਥੇਦਾਰ ਦੀ ਛੁੱਟੀ ਕਰਨੀ ਬੇਹਤਰ ਸਮਝੀ ਹੈ।

# ਜਥੇਦਾਰ ਹਰਪ੍ਰੀਤ ਸਿੰਘ ਨੂੰ ਅਹੁਦੇ ਤੋਂ ਹਟਾਉਣ ਖਿਲਾਫ ਸਿੱਖਾਂ 'ਚ ਵਿਆਪਕ ਵਿਰੋਧ

ਨਾਲ ਖਿਲਵਾੜ ਕਰਨ ਦਾ ਰੁਝਾਨ ਜਾਰੀ ਹੈ। ਉਨ੍ਹਾਂ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਅਪੀਲ ਕੀਤੀ ਕਿ ਉਹ ਇਸ ਗੈਰ-ਸਿਧਾਂਤਕ ਕਾਰਵਾਈ 'ਤੇ ਸਖਤ ਸਟੈਂਡ ਲੈਣ। ਉਨ੍ਹਾਂ ਕਿਹਾ ਕਿ ਉਹ ਆਪਣੇ ਸਾਥੀ ਜਥੇਦਾਰਾਂ ਅਤੇ ਪੰਥਕ ਪਵਿੱਤਰਤਾ ਦੀ ਬਹਾਲੀ ਕਰਨ। ਬਾਬਾ ਸਰਬਜੋਤ ਸਿੰਘ ਬੇਦੀ ਅਤੇ ਸੰਤ ਸੇਵਾ ਸਿੰਘ ਰਾਮਪੁਰ ਨੇ ਵੀ ਗਿਆਨੀ ਹਰਪ੍ਰੀਤ ਸਿੰਘ ਖਿਲਾਫ ਕੀਤੀ ਗਈ ਕਾਰਵਾਈ ਦੀ ਨਿਖੇਧੀ ਕੀਤੀ ਹੈ। ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਕਰਨੈਲ ਸਿੰਘ ਪੰਜੋਲੀ ਨੇ ਇਸ ਫੈਸਲੇ ਦਾ ਵਿਰੋਧ ਕਰਦਿਆਂ ਕਿਹਾ ਕਿ ਗਿਆਨੀ ਹਰਪ੍ਰੀਤ ਸਿੰਘ ਦੀਆਂ ਸੇਵਾਵਾਂ ਖਤਮ ਕਰਨ ਪਿੱਛੇ ਸੁਖਬੀਰ ਸਿੰਘ ਬਾਦਲ ਅਤੇ ਵਿਰਸਾ ਸਿੰਘ ਵਲਟੋਹਾ ਦਾ ਬਹੁਤ ਵੱਡਾ ਹੱਥ ਹੈ। ਸਾਬਕਾ ਮੰਤਰੀ ਰਹੇ ਸੀਨੀਅਰ ਸਿੱਖ ਆਗੂ ਬਲਦੇਵ ਸਿੰਘ ਮਾਨ ਨੇ ਇਸ ਮਸਲੇ 'ਤੇ ਆਪਣਾ ਪ੍ਰਤੀਕਰਮ ਪ੍ਰਗਟ ਕਰਦਿਆਂ ਕਿਹਾ ਕਿ ਜਥੇਦਾਰ ਵਿਰੁੱਧ ਕਾਰਵਾਈ ਕਰਨ ਦਾ ਸ਼੍ਰੋਮਣੀ ਕਮੇਟੀ ਨੂੰ ਕੋਈ ਅਧਿਕਾਰ ਨਹੀਂ ਹੈ। ਸ਼੍ਰੋਮਣੀ ਕਮੇਟੀ ਮੈਂਬਰ ਅਤੇ 'ਅਕਾਲ ਪੁਰਖ ਕੀ ਫੌਜ' ਦੇ ਕਨਵੀਨਰ ਐਡਵੋਕੇਟ ਜਸਵਿੰਦਰ ਸਿੰਘ ਨੇ ਕਿਹਾ ਕਿ ਜਿੰਨਾ ਚਿਰ ਅਸੀਂ ਜਥੇਦਾਰਾਂ ਦੀ ਚੋਣ ਅਤੇ ਸੇਵਾਵਾਂ ਦੀ ਸਮਾਪਤੀ ਸੰਬੰਧੀ ਕੋਈ ਵਿਧੀ ਵਿਧਾਨ ਨਹੀਂ ਬਣਾਉਂਦੇ, ਇਹ ਕੁਝ ਵਾਪਰਦਾ ਰਹੇਗਾ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਇਹ ਸਿੱਖ ਇਤਿਹਾਸ ਵਿੱਚ ਇੱਕ ਕਾਲਾ ਦਿਨ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਇਹ ਬਦਲਾਖੋਰੀ ਦੀ ਕਾਰਵਾਈ ਹੈ। ਸ਼੍ਰੋਮਣੀ ਕਮੇਟੀ ਮੈਂਬਰ ਸੰਤ ਚਰਨਜੀਤ ਸਿੰਘ ਜੱਸੋਵਾਲ ਨੇ ਕਿਹਾ ਕਿ ਅੰਤਰਿੰਗ ਕਮੇਟੀ ਦਾ ਇਹ ਫੈਸਲਾ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੇ ਉਸ ਵਿਚਾਰ ਦੇ ਉਲਟ ਹੈ, ਜਿਸ ਵਿੱਚ ਉਨ੍ਹਾਂ ਕਿਹਾ ਸੀ ਕਿ ਜਥੇਦਾਰਾਂ ਵਿਰੁੱਧ ਪੜਤਾਲ ਅਕਾਲ ਤਖਤ ਸਾਹਿਬ ਵੱਲੋਂ ਹੀ ਕਰਵਾਈ ਜਾ ਸਕਦੀ ਹੈ। ਇਸੇ ਤਰ੍ਹਾਂ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਜਗਤਾਰ ਸਿੰਘ ਨੇ ਕਿਹਾ ਕਿ ਬਾਦਲ ਦਲ ਵਾਲੇ ਸ਼੍ਰੋਮਣੀ ਕਮੇਟੀ ਨੂੰ ਆਪਣੇ ਸਿਆਸੀ ਲਾਲਚਾਂ ਲਈ ਵਰਤ ਰਹੇ ਹਨ। ਅਕਾਲੀ ਦਲ ਬਾਦਲ ਨੂੰ ਇਸ ਦੀ ਵੱਡੀ ਕੀਮਤ ਚੁਕਾਉਣੀ ਪਏਗੀ।

ਇਸੇ ਦੌਰਾਨ ਯੁਨਾਈਟਿਡ ਖਾਲਸਾ ਦਲ ਯੂ.ਕੇ. ਦੇ ਪ੍ਰਧਾਨ ਨਿਰਮਲ ਸਿੰਘ ਸੰਧੂ ਅਤੇ ਜਨਰਲ ਸਕੱਤਰ ਭਾਈ ਲਵਸਿੰਦਰ ਸਿੰਘ ਨੇ ਕਿਹਾ ਕਿ ਇਸ ਫੈਸਲੇ ਨੂੰ ਸਿੱਖ ਪੰਥ ਕਦੇ ਬਰਦਾਸ਼ਤ ਨਹੀਂ ਕਰੇਗਾ। ਉਨ੍ਹਾਂ ਕਿਹਾ ਕਿ ਹੁਣ ਇਹ ਵੇਖਣ ਵਾਲਾ ਹੋਏਗਾ ਕਿ ਕਮੇਟੀ ਦੇ ਇਸ ਫੈਸਲੇ 'ਤੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਕੀ ਰੁਖ ਅਪਣਾਉਂਦੇ ਹਨ। ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਕਿਰਨਜੋਤ ਕੌਰ ਨੇ ਇਸ ਫੈਸਲੇ ਦਾ ਜ਼ੋਰਦਾਰ ਵਿਰੋਧ ਕਰਦਿਆਂ ਕਿਹਾ ਕਿ ਜਥੇਦਾਰ ਸਾਹਿਬਾਨ ਨੂੰ ਜ਼ਲੀਲ ਕਰ ਕੇ ਕੱਢਣਾ ਪੰਥਕ ਰਵਾਇਤ ਨਹੀਂ। ਉਨ੍ਹਾਂ ਕਿਹਾ ਕਿ ਇਹ ਸਿਆਸੀ ਲੋਕ ਤੁੱਛ ਜਿਹੀ ਆਪਣੀ ਸ਼ਕਤੀ ਨੂੰ ਸਤਿਗੁਰੂ ਦੇ ਅਸੀਮ ਬਲ ਤੋਂ ਵੀ ਉਪਰ ਮੰਨੀਂ ਬੈਠੇ ਹਨ। ਸ੍ਰੀ ਦਰਬਾਰ ਸਾਹਿਬ ਵਿਖੇ ਕੀਰਤਨ ਕਰਨ ਵਾਲੇ ਤੇ ਹੁਣ ਗੁਰਦੁਆਰਾ ਸੰਤ ਸਾਗਰ ਨਿਊ ਯਾਰਕ ਅਤੇ ਸੈਕਰਾਮੈਂਟੋ ਦੇ ਮੁਖੀ ਸੱਜਣ ਸਿੰਘ ਅਤੇ ਨਰਿੰਦਰਪਾਲ ਸਿੰਘ ਹੁੰਦਲ ਨੇ ਗਿਆਨੀ ਹਰਪ੍ਰੀਤ ਸਿੰਘ ਦੀ ਬਰਖਾਸਤਗੀ ਨੂੰ ਨਾ ਬਰਦਾਸ਼ਤ ਕਰਨ ਯੋਗ ਦੱਸਿਆ ਹੈ। ਉਨ੍ਹਾਂ ਕਿਹਾ ਕਿ ਅਜਿਹਾ ਕਰਨ ਵਾਲੇ ਆਗੂਆਂ ਦਾ ਯੂ.ਐਸ.ਏ. ਆਉਣ 'ਤੇ ਜ਼ੋਰਦਾਰ ਵਿਰੋਧ ਕੀਤਾ ਜਾਵੇਗਾ।

# ਆਰਥਿਕ ਨਿਘਾਰ ਦੀਆਂ ਸੰਸਾਰ ਪੱਧਰੀ ਚੁਣੌਤੀਆਂ

ਦਰਬਾਰਾ ਸਿੰਘ ਕਾਹਲੋਂ

ਆਰਥਿਕ ਤੌਰ ’ਤੇ ਕੋਵਿਡ-19 ਮਹਾਮਾਰੀ ਦਾ ਭੰਨਿਆ ਵਿਸ਼ਵ ਅਜੇ ਤੱਕ ਨਿਘਾਰ ਦੀ ਜ਼ਿੱਲ੍ਹਣ ਵਿੱਚੋਂ ਉੱਭਰ ਨਹੀਂ ਸਕਿਆ ਹੈ। ਵਿਸ਼ਵ ਦੇ ਕੁਝ ਵਿਕਸਤ ਅਤੇ ਵਿਕਾਸਸ਼ੀਲ ਦੇਸ਼ਾਂ ਨੇ ਇਸ ਆਰਥਿਕ ਨਿਘਾਰ ਨੂੰ 2007-08 ਵਾਲੀ ਆਰਥਿਕ ਮੰਦੀ ਜਿਹੀ ਆਫ਼ਤ ਬਣਨ ਤੋਂ ਰੋਕਣ ਲਈ ਹਰ ਖੇਤਰ ਨੂੰ ਜੀਵਤ ਰੱਖਣ, ਲੋਕਾਂ ਦੇ ਕਾਰੋਬਾਰ, ਵਪਾਰ, ਸਨਅਤ ਨੂੰ ਠੁੰਮਣਾ ਦੇਣ ਲਈ ਖ਼ੂਬ ਧਨ ਵਹਾਇਆ ਪਰ ਹਕੀਕਤ ਵਿੱਚ ਪਿਛਲੇ ਅੱਧੇ ਦਹਾਕੇ ਵਿੱਚ ਵਿਸ਼ਵ ਦੇ ਵੱਖ-ਵੱਖ ਵਰਗਾਂ ਵਿੱਚ ਸਿਮਟੇ ਦੇਸ਼ ਜਿਵੇਂ ਵਿਕਸਤ, ਵਿਕਾਸਸ਼ੀਲ, ਪੱਛੜੇ ਆਦਿ ਆਰਥਿਕ ਮੰਦਹਾਲੀ ਦੇ ਦੌਰ ਵਿੱਚ ਬਾਹਰ ਨਹੀਂ ਨਿਕਲ ਸਕੇ।

ਹਕੀਕਤ ਇਹ ਵੀ ਹੈ ਕਿ ਸਾਲ 2025 ਵਿੱਚ ਵੀ ਇਨ੍ਹਾਂ ਦੇ ਆਰਥਿਕ ਨਿਘਾਰ ਦੀ ਜ਼ਿੱਲ੍ਹਣ ਵਿਚੋਂ ਉੱਭਰਨ ਦੇ ਆਸਾਰ ਨਜ਼ਰ ਨਹੀਂ ਆ ਰਹੇ। ਭੁੱਖਮਰੀ, ਬੇਰੁਜ਼ਗਾਰੀ, ਉਤਪਾਦਨ ਵਿੱਚ ਵਾਧਾ ਨਾ ਹੋ ਸਕਣਾ, ਵਿਸ਼ਵ ਦੇ ਵੱਖ-ਵੱਖ ਖਿੱਤਿਆਂ ਵਿੱਚ ਅੰਦਰੂਨੀ ਤੇ ਬਾਹਰੀ ਜੰਗਾਂ ਜਿਵੇਂ ਅਫਗਾਨਿਸਤਾਨ, ਕਾਂਗੋ, ਸੂਡਾਨ, ਇਥੋਪੀਆ, ਬੁਰਕੀਨਾ ਫਾਸੋ, ਚਾਡ, ਸੋਮਾਲੀਆ, ਯਮਨ, ਕੈਮਰੂਨ, ਮਿਆਂਮਾਰ ਆਦਿ ਵਿੱਚ ਗ੍ਰਹਿ ਯੁੱਧ, ਫ਼ਲਿਸਤੀਨ ਤੇ ਇਜ਼ਰਾਇਲ, ਯੂਕਰੇਨ ਤੇ ਰੂਸ ਦਰਮਿਆਨ ਭਿਅੰਕਰ ਯੁੱਧ, ਅਮਰੀਕਾ ਤੇ ਚੀਨ ਤੋਂ ਇਲਾਵਾ ਹੋਰ ਅਨੇਕ ਦੇਸ਼ਾਂ ਵਿਚਕਾਰ ਵਪਾਰਕ ਯੁੱਧ, ਤਕਨੀਕੀ ਅਤੇ ਸਾਇੰਸੀ ਖੋਜ ਗਤੀ ਵਿੱਚ ਖੜੋਤ, ਵਿਸ਼ਵ ਭਰ ਵਿੱਚ ਲਗਾਤਾਰ ਉੱਭਰ ਰਿਹਾ ਕਿਸਾਨੀ ਸੰਕਟ ਆਦਿ ਐਸੇ ਕਾਰਨ ਹਨ ਜੋ ਆਰਥਿਕ ਬਹਾਲੀ ਅੱਗੇ ਦੀਵਾਰ ਬਣ ਕੇ ਖੜ੍ਹੇ ਹਨ।

ਵਿਸ਼ਵ ’ਚ ਕੋਵਿਡ-19 ਮਹਾਮਾਰੀ ਦੀ ਮਾਰ ਨੇ ਮਾਨਵ ਦੀਆਂ ਅਗਲੀਆਂ ਪੀੜ੍ਹੀਆਂ ਦੇ ਮਾਨਸਿਕ, ਸਰੀਰਕ ਅਤੇ ਬੌਧਿਕ ਵਿਕਾਸ ’ਤੇ ਵੱਡਾ ਮਾਰੂ ਅਸਰ ਪਾਇਆ ਹੈ। ਫਲਸਰੂਪ, ਪੂਰੇ ਵਿਸ਼ਵ ਵਿੱਚ ਵਿਦਿਆਰਥੀਆਂ ਅੰਦਰ ਮਾਨਸਿਕ, ਬੌਧਿਕ ਅਤੇ ਸਰੀਰਕ ਅਪੰਗਤਾ ਨੋਟ ਕੀਤੀ ਗਈ ਹੈ, ਜਿਸ ਕਰ ਕੇ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿੱਚ ਪੜ੍ਹਨ ਵਾਲਿਆਂ ਦੀ ਗਿਣਤੀ ਵਿੱਚ ਕਮੀ ਆਈ ਹੈ। ਬੇਰੁਜ਼ਗਾਰੀ ਵਿੱਚ ਵਾਧਾ ਹੋਇਆ ਹੈ। ਗਲੋਬਲ ਪੱਧਰ ’ਤੇ ਆਰਥਿਕ ਅਤੇ ਵਪਾਰਕ ਸਪਲਾਈ ਲਾਈਨ ਡਾਵਾਂਡੋਲ ਹੋ ਕੇ ਰਹਿ ਗਈ ਹੈ। ਹਰ ਦੇਸ਼ ਵਿੱਚ ਮਹਿੰਗਾਈ ਅਤੇ ਭੁੱਖਮਰੀ ਸਿਰ ਚੜ੍ਹ ਕੇ ਬੋਲਣ ਲੱਗੀ ਹੈ, ਬੇਘਰਿਆਂ ਦੀ ਤਦਾਦ ਵਧਣ ਲੱਗੀ ਹੈ, ਜਲਵਾਯੂ ਤਬਦੀਲੀ ਕਰ ਕੇ ਮੌਸਮ ਵਿੱਚ ਉਤਰਾਅ-ਚੜ੍ਹਾਅ ਤਕਲੀਫਦੇਹ ਸਿੱਧ ਹੋਣ ਲੱਗੇ ਹਨ।

2024 ਹੁਣ ਤੱਕ ਦਾ ਸਭ ਤੋਂ ਗਰਮ ਸਾਲ ਰਿਹਾ ਹੈ। ਗਰਮੀ ਕਰ ਕੇ ਚੀਨ, ਯੂਰਪ ਅਤੇ ਹੋਰ ਥਾਵਾਂ ’ਤੇ ਹੜ੍ਹ, ਯੂਰਪ ਤੋਂ ਅਫਰੀਕਾ, ਦੱਖਣੀ ਅਮਰੀਕਾ ਵਿੱਚ ਸੋਕੇ ਪਏ, ਅਮਰੀਕਾ-ਚੀਨ ਵਿੱਚ ਮੁਕਾਬਲੇਬਾਜ਼ੀ ਵਧੀ, ਆਰਥਿਕ ਤੇ ਵਪਾਰਕ ਸਪਲਾਈ ਚੇਨ ਵਿੱਚ ਰੋਕਾਂ ਅਤੇ ਬ੍ਰੇਕਾਂ ਦੇਖੀਆਂ ਗਈਆਂ। ਗਲੋਬਲ ਭੂ-ਆਰਥਿਕਤਾ ਵਿੱਚ ਵੱਡੀਆਂ ਦੁਸ਼ਵਾਰੀਆਂ ਪੈਦਾ ਹੋਈਆਂ। ਵਪਾਰਕ ਰੋਕਾਂ ਵਿੱਚ ਤਿੱਗਣਾ ਵਾਧਾ ਹੋਇਆ। 2024 ਵਿੱਚ ਲਗਭਗ ਹਰ ਦੇਸ਼ ’ਚ ਕਰਜ਼ਿਆਂ ਵਿੱਚ ਵਾਧਾ ਦੇਖਣ ਨੂੰ ਮਿਲਿਆ।

ਸਾਲ 2024 ਗਲੋਬਲ ਪੱਧਰ ’ਤੇ ‘ਵੋਟਰ ਸਾਲ’ ਵਜੋਂ ਸਥਾਪਿਤ ਹੋਇਆ। ਕਰੀਬ 70 ਦੇਸ਼ਾਂ ਵਿੱਚ ਚੋਣਾਂ ਹੋਈਆਂ। ਵਿਸ਼ਵ ਦੀ ਅੱਧੀ ਵਸੋਂ ਨੇ ਇਨ੍ਹਾਂ ਵਿੱਚ ਭਾਗ ਲਿਆ। ਮਹਿੰਗਾਈ, ਬੇਰੁਜ਼ਗਾਰੀ, ਭੁੱਖਮਰੀ, ਅਸੁਰੱਖਿਆ, ਜੀਵਨ ਮਿਆਰ ਨੂੰ ਲਗਾਤਾਰ ਖੋਰਾ ਲੱਗਣ, ਸੱਤਾ ਖ਼ਾਤਰ ਮੁਫ਼ਤਖੋਰੀਆਂ ਦਾ ਸਹਾਰਾ ਲੈਣ, ਆਮ ਆਦਮੀ ਦੀ ਖਰੀਦ ਸ਼ਕਤੀ ਘਟਣ, ਧੁੰਦਲੇ ਆਰਥਿਕ ਭਵਿੱਖ ਦੀ ਦਸਤਕ ਆਦਿ ਕਰ ਕੇ ਵੋਟਰਾਂ ਨੇ ਭਾਰਤ ਤੋਂ ਦੱਖਣੀ ਅਫਰੀਕਾ, ਯੂਰਪ ਤੋਂ ਅਮਰੀਕਾ ਤੱਕ ਸੱਤਾਧਾਰੀ ਆਗੂਆਂ ਨੂੰ ਕਾਂਬੇ ਭਰਿਆ ਰਾਜਨੀਤਕ ਹਲੂਣਾ ਦਿੰਦੇ ਹਰਾਇਆ। ਟਰੰਪ ਦੀ ਅਮਰੀਕੀ ਰਾਸ਼ਟਰਪਤੀ ਵਜੋਂ ਮੁੜ ਵਾਪਸੀ ਵਾਕਿਆ ਹੀ ਵਿਲੱਖਣ ਰਾਜਨੀਤਕ ਘਟਨਾ ਹੈ।

***2025 ਗਲੋਬਲ ਅਰਥ ਵਿਵਸਥਾ ਪ੍ਰਭਾਵਿਤ ਹੋਵੇਗੀ। ਅਮਰੀਕਾ ਦਾ ਆਰਥਿਕ ਅਤੇ ਰਾਜਨੀਤਕ ਭਾਰ ਅਜੇ ਵੀ ਮਜ਼ਬੂਤ ਹੈ, ਪਰ ਘੱਟ ਰਿਹਾ ਹੈ। ਦੁਨੀਆ ਭਰ ਵਿੱਚ ਰਾਜਨੀਤਿਕ ਵੰਡ, ਵਿਸ਼ਵੀਕਰਨ ਦੀ ਮਾਰ, ਅਨਿਸ਼ਚਿਤਤਾ, ਕਮਜ਼ੋਰ ਬਹੁ-ਪੱਖੀਵਾਦ, ਮਾੜੀ ਆਰਥਿਕ ਨੀਤੀ ਅਤੇ ਦਰਮਿਆਨੀ ਲੀਡਰਸ਼ਿਪ ਗਲੋਬਲ ਤਾਣੇ-ਬਾਣੇ ਦੇ ਕਮਜ਼ੋਰ ਹੋਣ ਨੂੰ ਤੇਜ਼ ਕਰੇਗੀ।***



ਸਭ ਤੋਂ ਚਿੰਤਾਜਨਕ ਸਥਿਤੀ ਇਹ ਰਹੀ ਹੈ ਕਿ ਕਈ ਦੇਸ਼ਾਂ ਵਿੱਚ ਰਾਜਨੀਤਕ ਖੜੋਤ ਦੇਖਣ ਨੂੰ ਮਿਲੇ ਹਨ। ਰੈਡੀਕਲ ਅਤੇ ਧੁਰ ਸੱਜੇ ਪੱਖੀ ਪਾਰਟੀਆਂ ਤੇ ਗਰੁੱਪ ਕੌਮੀ ਪੱਧਰ ’ਤੇ ਭਾਰੂ ਹੁੰਦੇ ਦੇਖੇ ਜਾ ਰਹੇ ਹਨ। ਜਰਮਨੀ ਅਤੇ ਫਰਾਂਸ ਅੰਦਰ ਇਨ੍ਹਾਂ ਕਰ ਕੇ ਫੈਦਾ ਹੋਈ ਖੜੋਤ ਪੂਰੇ ਯੂਰਪ ਨੂੰ ਪ੍ਰਭਾਵਤ ਕਰ ਰਹੀ ਹੈ। ਬੰਗਲਾਦੇਸ਼ ਅੰਦਰ ਅਵਾਮੀ ਲੀਗ ਆਗੂ ਸ਼ੇਖ ਹਸੀਨਾ ਦਾ ਸ਼ਾਸਨ ਮੂਲਵਾਦੀ ਸ਼ਕਤੀਆਂ ਵੱਲੋਂ ਪਲਟਣ ਕਰ ਕੇ ਭਾਰਤੀ ਉੱਪ ਮਹਾਂਦੀਪ ਅੰਦਰ ਟਕਰਾਓ ਭਰੀਆਂ ਸਥਿਤੀਆਂ ਉੱਭਰ ਰਹੀਆਂ ਹਨ। ਵਿਸ਼ਵ ਬੈਂਕ ਅਨੁਸਾਰ ਗਰੀਬ ਅਤੇ ਪੱਛੜੇ ਦੇਸ਼ ਪਿਛਲੇ ਦੋ ਦਹਾਕਿਆਂ ਤੋਂ ਬਹੁਤ ਭੈੜੀ ਆਰਥਿਕ ਦੁਰਦਸ਼ਾ ਵਿੱਚੋਂ ਗੁਜ਼ਰ ਰਹੇ ਹਨ। ਕਮਜ਼ੋਰ ਵਪਾਰ, ਆਰਥਿਕ ਪਾਬੰਦੀਆਂ, ਫੰਡਾਂ ਅਤੇ ਮੁੱਢਲੇ ਢਾਂਚੇ ਦੀ ਘਾਟ ਉਨ੍ਹਾਂ ਨੂੰ ਹੋਰ ਬੁਰੀ ਤਰ੍ਹਾਂ ਲਤਾੜ ਰਹੀ ਹੈ। ਯੂਰਪੀਅਨ ਸੈਂਟਰਲ ਬੈਂਕ ਪ੍ਰੈਜ਼ੀਡੈਂਟ ਕ੍ਰਿਸਟੀਨ ਲਗਾਰਡ ਅਨੁਸਾਰ, 2025 ਵਿੱਚ ਵੀ ਅਨਿਸਚਿਤਤਾ ਰਹਿਣੀ ਹੈ।

ਆਰਥਿਕ ਮਿਲਵਰਤਣ ਅਤੇ ਵਿਕਾਸ ਸੰਸਥਾ (ਓ.ਈ.ਸੀ.ਡੀ.) ਅਤੇ ਗੋਲਡਮੈਨ ਸਾਚਸ ਖੋਜ ਸੰਸਥਾ ਦੀਆਂ ਤਾਜ਼ੀਆਂ ਰਿਪੋਰਟਾਂ ਸਾਲ 2025 ਵਿੱਚ ਗਲੋਬਲ ਆਰਥਿਕ ਸਥਿਤੀਆਂ ਦੇ ਕੁਝ ਸੰਭਾਲਣ ਦਾ ਸੰਕੇਤ ਦੇ ਰਹੀਆਂ ਹਨ। ਓ.ਈ.ਸੀ.ਡੀ. ਦੀ ਤਾਜ਼ਾ ਰਿਪੋਰਟ ਦਰਸਾਉਂਦੀ ਹੈ ਕਿ 2025 ਅਤੇ 2026 ਵਿੱਚ ਗਲੋਬਲ ਜੀ.ਡੀ.ਪੀ. ਵਿਕਾਸ ਦਰ 3.3 ਪ੍ਰਤੀਸ਼ਤ ਰਹੇਗੀ। 2024 ਵਿੱਚ ਇਹ 3.2 ਪ੍ਰਤੀਸ਼ਤ ਸੀ।

2025 ਅਤੇ 2026 ਵਿੱਚ ਜੀ-20 ਦੇਸ਼ਾਂ ਵਿੱਚ ਸਭ ਤੋਂ ਉੱਚੀ ਵਿਕਾਸ ਦਰ ਭਾਰਤ ਦੀ 6.8 ਤੋਂ 6.9 ਪ੍ਰਤੀਸ਼ਤ ਰਹਿਣ ਦੀ ਸੰਭਾਵਨਾ ਹੈ। ਇੰਡੋਨੇਸ਼ੀਆ ਦੀ 5.1, ਚੀਨ ਦੀ 4.9, ਰੂਸ ਦੀ 3.9, ਤੁਰਕੀ ਦੀ 3.5, ਬ੍ਰਾਜ਼ੀਲ ਦੀ 3.2, ਸਪੇਨ ਦੀ 3, ਅਮਰੀਕਾ ਦੀ 2.8, ਦੱਖਣੀ ਕੋਰੀਆ ਦੀ 2.3, ਮੈਕਸਿਕੋ 1.4, ਕੈਨੇਡਾ 1.1, ਆਸਟਰੇਲੀਆ ਦੀ 1 ਪ੍ਰਤੀਸ਼ਤ, ਜਪਾਨ ਦੀ 0.3, ਜਰਮਨੀ ਦੀ ਜ਼ੀਰੋ ਅਤੇ ਯੂ.ਕੇ. ਦੀ 0.9 ਪ੍ਰਤੀਸ਼ਤ ਰਹੇਗੀ। ਲੇਬਰ ਮਾਰਕੀਟ ਵਿੱਚ ਸੁਧਾਰ ਦੇਖਣ ਨੂੰ ਮਿਲੇਗਾ। ਇਤਿਹਾਸਕ ਸਟੈਂਡਰਡ ਤੋਂ ਬੇਰੁਜ਼ਗਾਰੀ ਘੱਟ ਰਹੇਗੀ, ਮਹਿੰਗਾਈ ਵਿੱਚ ਸਾਹ ਸੌਖਾ ਹੋਣ ਨੂੰ ਮਿਲੇਗਾ, ਜਿਸ ਨਾਲ ਘਰੇਲੂ ਆਮਦਨ ਵਧੇਗੀ, ਪਰ ਖਪਤ ਵਿੱਚ ਨਿਘਾਰ ਰਹਿ ਸਕਦਾ ਹੈ, ਜਿਸ ਕਰ ਕੇ ਖਪਤਕਾਰ ਵਿੱਚ ਉਤਸ਼ਾਹ ਦੇਖਣ ਨੂੰ ਨਹੀਂ ਮਿਲੇਗਾ। ਫਿਰ ਵੀ ਗਲੋਬਲ ਵਪਾਰ ਵਿੱਚ ਸੁਧਾਰ ਦੇਖਣ ਨੂੰ ਮਿਲੇਗਾ, ਜੋ 3.6 ਪ੍ਰਤੀਸ਼ਤ ਦਰ ਤੱਕ ਵਧੇਗਾ।

ਅਮਰੀਕੀ ਜੀ.ਡੀ.ਪੀ. ਜੋ 2025 ਵਿੱਚ 2.8 ਰਹੇਗੀ, 2026 ਵਿੱਚ ਘਟ ਕੇ 2.4 ਪ੍ਰਤੀਸ਼ਤ ਹੋ ਸਕਦੀ ਹੈ। ਯੂਰਪ ਵਿੱਚ ਘਰੇਲੂ ਆਮਦਨ ਅਤੇ ਲੇਬਰ ਖੇਤਰ ਵਿੱਚ ਕਸਾਅ ਰਹੇਗਾ। ਨੀਤੀਗਤ ਵਿਆਜ ਦਰ ਵਿੱਚ ਕਟੌਤੀ ਦੇਖਣ ਨੂੰ ਮਿਲ ਸਕਦੀ ਹੈ। ਯੂਰੋ ਖੇਤਰ ਦੀ ਜੀ.ਡੀ.ਪੀ. 2025 ਵਿੱਚ 1.3 ਅਤੇ 2026 ਵਿੱਚ 1.5 ਪ੍ਰਤੀਸ਼ਤ ਰਹੇਗੀ। ਚੀਨ ਦੀ 2025 ਵਿੱਚ 4.9 ਦੇ ਮੁਕਾਬਲੇ 2026 ਵਿੱਚ 4.4 ਪ੍ਰਤੀਸ਼ਤ ਰਹੇਗੀ। ਓ.ਈ.ਸੀ.ਡੀ. ਸਕੱਤਰ ਜਨਰਲ ਮਾਥੀਅਜ਼ ਕੋਰਮਨ ਅਨੁਸਾਰ ਗਲੋਬਲ ਆਰਥਿਕਤਾ 2025 ਵਿੱਚ ਲਚਕਦਾਰ ਰਹੇਗੀ। ਵਿਕਾਸ ਸਥਿਰ ਰਹੇਗਾ। ਮਹੱਤਵਪੂਰਨ ਚੁਣੌਤੀਆਂ ਰਹਿਣਗੀਆਂ। ਭੂ-ਰਾਜਨੀਤਕ ਟਕਰਾਅ ਜਾਰੀ ਰਹਿਣਗੇ, ਜਨਤਕ ਕਰਜ਼ ਔਸਤ ਉੱਚੀ ਰਹੇਗੀ। ਮੱਧਕਾਲੀ ਵਿਕਾਸ ਸੰਭਵ ਨਹੀਂ ਹੋਵੇਗਾ। ਮਹਿੰਗਾਈ ਦੇ ਦਬਾਅ ’ਤੇ ਲਗਾਮ ਜਾਰੀ ਰਹੇਗੀ ਪਰ ਖ਼ਰਚਿਆਂ ਦਾ ਭਾਰ ਮਹਿਸੂਸ ਹੋਵੇਗਾ।

ਗੋਲਡਮੈਨ ਸਾਚਸ ਖੋਜ ਅਨੁਸਾਰ 2025 ਆਰਥਿਕ ਵਿਕਾਸ ਵਾਲਾ ਸਾਲ ਸਿੱਧ ਹੋਵੇਗਾ। ਅਮਰੀਕਾ ਵਿਕਾਸ ਕਰੇਗਾ, ਪਰ ਇਸ ਵੱਲੋਂ ਦਰਾਮਦ ’ਤੇ ਟੈਰਿਫ ਵਧਾਉਣ ਕਰ ਕੇ ਯੂਰਪੀਅਨ ਯੂਨੀਅਨ ਪ੍ਰਭਾਵਤ ਹੋਵੇਗੀ। ਮਿੱਥੀ ਗਈ ਅਮਰੀਕੀ ਵਿਕਾਸ ਦਰ 1.9 ਤੋਂ ਵਾਧਾ ਦਰਜ ਕਰ ਕੇ 2.5 ਪ੍ਰਤੀਸ਼ਤ ਹੋ ਸਕਦੀ ਹੈ। ਯੂਰਪ ਦੀ ਮਿੱਥੀ ਹੋਈ ਵਿਕਾਸ ਦਰ 1.2 ਤੋਂ ਘਟ ਕੇ 0.8 ਪ੍ਰਤੀਸ਼ਤ ਰਹਿ ਸਕਦੀ ਹੈ। ਗੋਲਡਮੈਨ ਸਾਚਸ ਦੇ ਮੁੱਖ ਅਰਥ ਸ਼ਾਸਤਰੀ ਜਨ ਹੈਤਜ਼ਇਸ ਅਨੁਸਾਰ ਗਲੋਬਲ ਬਾਜ਼ਾਰ ਮੁੜ ਤੋਂ ਸੰਤੁਲਿਤ ਕੀਤਾ ਗਿਆ ਹੈ। ਮਹਿੰਗਾਈ ਘਟੇਗੀ ਅਤੇ ਕੇਂਦਰੀ ਬੈਂਕ ਦੇ ਟੀਚੇ ਦੇ ਕੰਟਰੋਲ ਵਿੱਚ ਰਹੇਗੀ। ਬਹੁਤੇ ਕੇਂਦਰੀ ਬੈਂਕ ਵਿਆਜ ਦਰਾਂ ਵਿੱਚ ਕਟੌਤੀ ਕਰ ਸਕਣਗੇ।

ਅਮਰੀਕਾ ਵੱਲੋਂ ਦੂਸਰੀ ਵੱਡੀ ਆਰਥਿਕਤਾ ਚੀਨ ਦੇ ਦਰਾਮਦ ’ਤੇ 60 ਪ੍ਰਤੀਸ਼ਤ ਟੈਰਿਫ ਠੋਕਣ ਨਾਲ ਉਸ ਦੀ ਵਿਕਾਸ ਦਰ 0.7 ਪ੍ਰਤੀਸ਼ਤ ਘਟ ਸਕਦੀ ਹੈ। ਗੋਲਡਮੈਨ ਸਾਚਸ ਇਹ ਘਾਟਾ 0.2 ਪ੍ਰਤੀਸ਼ਤ ਨਿਸਚਤ ਕਰਦਾ ਹੈ।

ਇਹ ਗਲੋਬਲ ਪੂੰਜੀਵਾਦੀ ਕਾਰਪੋਰੇਟ ਪ੍ਰਭਾਵਤ ਸੰਸਥਾਵਾਂ ਦੀਆਂ ਰਿਪੋਰਟਾਂ ਜੋ ਮਰਜ਼ੀ ਆਰਥਿਕ ਸ਼ੀਸਾ ਦਿਖਾਉਣ, ਡਰ ਇਹ ਹੈ ਕਿ ਅਮਰੀਕੀ ਰਾਸ਼ਟਰਪਤੀ ਟਰੰਪ ਦੀਆਂ ਮਨਮਾਨੀਆਂ ਅਤੇ ਇੱਲਤਾਂ ਕਰ ਕੇ ਸੰਨ 2025 ਗਲੋਬਲ ਆਰਥਿਕਤਾ ’ਤੇ ਭਾਰੂ ਪੈ ਸਕਦਾ ਹੈ। ਦਰਾਮਦ ’ਤੇ ਟੈਰਿਫ ਵਾਧਾ ਵਪਾਰਕ ਜੰਗ ਛੇੜ ਸਕਦਾ ਹੈ; ਇਉਂ ਮਹਿੰਗਾਈ ਵਧੇਗੀ, ਗਲੋਬਲ ਪੱਧਰ ’ਤੇ ਖੜੋਤ ਆਏਗੀ, ਬੇਰੁਜ਼ਗਾਰੀ ਵਧੇਗੀ। ਯੂਕਰੇਨ, ਮੱਧ-ਪੂਰਬ ਜੰਗਾਂ, ਜਰਮਨੀ ਤੇ ਫਰਾਂਸ ਵਿੱਚ ਰਾਜਨੀਤਕ ਉੱਥਲ-ਪੁਥਲ, ਚੀਨ ਦੀ ਆਰਥਿਕਤਾ ’ਤੇ ਉੱਭਰ ਰਹੇ ਕਾਲੇ ਬੱਦਲ, ਜਲਵਾਯੂ ਤਬਦੀਲੀ ਵਿਸ਼ਵਵਿਆਪੀ ਆਰਥਿਕਤਾ ਅਤੇ ਵਿਕਾਸ ਲਈ ਘਾਤਕ ਸਿੱਧ ਹੋ ਸਕਦੇ ਹਨ।

ਗਲੋਬਲ ਆਰਥਿਕਤਾ ਸੰਭਾਲਣ ਲਈ ਵਿਸ਼ਵ ਦੀਆਂ 25 ਮੁੱਖ ਸੰਸਥਾਵਾਂ ਦੇ 40 ਆਰਥਿਕ ਮਾਹਿਰਾਂ ਦੇ ਗਰੁੱਪ ਦੇ ਬੈਂਕਾਂ, ਟੈਕਸ ਸਿਸਟਮ, ਗਲੋਬਲ ਵਿੱਤੀ ਸੁਰੱਖਿਆ, ਜਲਵਾਯੂ ਸੰਭਾਲ ਸਬੰਧੀ ਸੁਧਾਰਾਂ ’ਤੇ ਜੋ ਜ਼ੋਰ ਦਿੱਤਾ ਗਿਆ ਹੈ, ਉਸ ’ਤੇ ਅਮਲ ਕਰਨ ਦੀ ਲੋੜ ਹੈ। ਸਥਾਨਕ, ਕੌਮੀ ਅਤੇ ਕੌਮਾਂਤਰੀ ਵਿਦਿਅਕ ਈਕੋ ਸਿਸਟਮ ਮਜ਼ਬੂਤ ਕਰਨ ਲਈ ਗਲੋਬਲ ਸਾਂਝੇਦਾਰੀ, ਮਾਨਸਿਕ, ਬੌਧਿਕ ਅਤੇ ਸਰੀਰਕ ਤੌਰ ’ਤੇ ਅਪੰਗ ਹੋਏ ਵਿਦਿਆਰਥੀਆਂ ਵੱਲ ਧਿਆਨ ਕੇਂਦਰਤ ਕਰਨ ਦੀ ਲੋੜ ਹੈ। ਵਿਸ਼ਵ ਮੁਦਰਾ ਕੋਸ਼ ਨੇ ਵਿਸ਼ਵ ਆਰਥਿਕ ਖਾਕੇ ਵਿੱਚ ਸਪਸ਼ਟ ਕਿਹਾ ਹੈ ਕਿ ਅਨਿਸ਼ਚਿਤ ਜੋਖ਼ਿਮ ਲਈ ਤਿਆਰ ਰਹੋ।







## ਜ਼ਰੂਰੀ

‘ਪੰਜਾਬੀ ਪਰਵਾਜ਼’ ਵਿੱਚ ਵੱਖ-ਵੱਖ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ ‘ਪੰਜਾਬੀ ਪਰਵਾਜ਼’ ਦੀ ਪਹਿਲ ਹੋਵੇਗੀ।



**Punjabi Parwaz LLC - DBA Punjabi Parwaz**

**Address:**
827 E. Kings Row, Unit# 7, Palatine, IL 60074

**Managed by:**
Anureet Kaur & Kuljeet Singh

**Punjab Incharge:**
Jasvir Singh Mangat

‘ਪੰਜਾਬੀ ਪਰਵਾਜ਼’ ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ



ਪੰਜਾਬੀ ਪਰਵਾਜ਼ Punjabi Parwaz ਬੋਰਡ ਮੈਂਬਰ

ਬਲਵਿੰਦਰ ਸਿੰਘ (ਬੌਬ) ਸੰਧੂ
ਦਵਿੰਦਰ ਸਿੰਘ ਰੰਗੀ
ਮਨਜਿੰਦਰ ਸਿੰਘ (ਮੈਕ) ਭਮਰਾ
ਜੋਧ ਸਿੰਘ ਸਿੱਧੂ
ਬੇਅੰਤ ਸਿੰਘ ਬੋਪਾਰਾਏ
ਅਮਰੀਕ ਸਿੰਘ ਸ਼ਿਕਾਗੋ
ਕਿਰਪਾਲ ਸਿੰਘ ਰੰਧਾਵਾ
ਅੰਮ੍ਰਿਤਪਾਲ ਸਿੰਘ ਗਿੱਲ
ਬਲਵਿੰਦਰ ਸਿੰਘ ਚੱਠਾ
ਦਰਸ਼ਨ ਸਿੰਘ ਪੰਮਾ
ਗੁਰਿੰਦਰਜੀਤ ਸਿੰਘ ਗਰੇਵਾਲ
ਦੀਦਾਰ ਸਿੰਘ ਧਨੋਆ
ਯਾਦਵਿੰਦਰ ਸਿੰਘ (ਰਿੰਪੀ) ਖੱਟੜਾ
ਅਮਰਜੀਤ ਸਿੰਘ ਢੀਂਡਸਾ
ਗੁਰਵਿੰਦਰ ਸਿੰਘ ਬੱਬੂ (ਐਪਲਟਨ)
ਬਿਕਰਮ ਸਿੰਘ ਸਿੱਧੂ
ਮਨਮਿੰਦਰ ਸਿੰਘ ਹੀਰ
ਬਲਜੀਤ ਸਿੰਘ ਸਿੱਧੂ (ਫਲੋਰਿਡਾ)
ਮਿੰਨੀ ਮੁਲਤਾਨੀ
ਗੁਰਪ੍ਰੀਤ ਕੇ. ਸਿੰਘ
ਇੰਦਰ ਹੁੰਜਣ
ਜਿਗਰਦੀਪ ਸਿੰਘ ਢਿੱਲੋਂ
ਅਮਨਦੀਪ ਸਿੰਘ ਕੁਲਾਰ
ਪਰਮਿੰਦਰ ਸਿੰਘ (ਯੂਬਾ ਸਿਟੀ)
ਜਗਜੀਤ ਸਿੰਘ ਖੇੜਾ (ਓਕਲਾਹੋਮਾ)
ਹਰਕੇਵਲ ਸਿੰਘ ਲਾਲੀ

ਮੁੱਦਾ ਵਿਚਾਰਦਿਆਂ...

# ਗ਼ੈਰ-ਕਾਨੂੰਨੀ ਪਰਵਾਸ ਦਾ ਤਾਣਾ-ਬਾਣਾ !

**ਰਾਜਵੀਰ ਗਿੱਲ**

ਅਮਰੀਕਾ ਦੇ ਫ਼ੌਜੀ ਜਹਾਜ਼ ਵਿੱਚ ਵਾਪਸ ਪਰਤੇ ਭਾਰਤੀ/ਪੰਜਾਬੀ ਨੌਜਵਾਨ ਆਪਣੇ ਸੁਫ਼ਨੇ ਟੁੱਟਣ ਅਤੇ ਪਰਿਵਾਰਾਂ ਦੇ ਖ਼ੁਸ਼ਹਾਲ ਹੋਣ ਦੀ ਬਜਾਇ ਕਰਜ਼ੇ 'ਚ ਡੁੱਬ ਜਾਣ ਦੀ ਰਾਹ ਦਾ ਇੱਕ ਖ਼ੌਫ਼ਨਾਕ ਮੰਜ਼ਰ ਪੇਸ਼ ਕਰਦੇ ਹਨ। ਉਨ੍ਹਾਂ ਦੇ ਖ਼ਿਆਲ ਵਿੱਚ ਵੀ ਨਹੀਂ ਸੀ ਕਿ ਉਹ ਅਮਰੀਕੀ ਫ਼ੌਜ ਦੀਆਂ ਬੇੜੀਆਂ ਵਿੱਚ ਜਕੜੇ ਆਪਣੇ ਦੇਸ਼ ਪਰਤਣਗੇ। ਗ਼ੈਰ-ਕਾਨੂੰਨੀ ਪਰਵਾਸੀਆਂ ਖ਼ਿਲਾਫ ਕੀਤੀ ਜਾ ਰਹੀ ਟਰੰਪ ਪ੍ਰਸ਼ਾਸਨ ਦੀ ਕਾਰਵਾਈ ਦੇ ਚੱਲਦਿਆਂ ਬਹੁਤੇ ਨੌਜਵਾਨ ਆਪਣੇ ਭਵਿੱਖ ਨੂੰ ਲੈ ਕੇ ਸੋਚੀਂ ਪਏ ਹੋਏ ਹਨ ਅਤੇ ਉਹ ਕੈਨੇਡਾ ਨੂੰ ਆਪਣੀ ਅਗਲੀ ਪਨਾਹ ਵਜੋਂ ਦੇਖਣ ਲੱਗੇ ਹਨ। ਇਸ ਮੁਹਿੰਮ ਤੋਂ ਬਾਅਦ ਪੰਜਾਬ ਦੇ ਕਈ ਘਰਾਂ ਵਿੱਚ ਡਰ ਦਾ ਮਾਹੌਲ ਪੈਦਾ ਹੋ ਗਿਆ ਹੈ।

ਕਰੀਬ ਮਹੀਨਿਆਂ ਦੀ ਭੁੱਖ ਕੱਟ ਕੇ ਘਰ ਪਹੁੰਚੇ ਇਨ੍ਹਾਂ ਪੰਜਾਬੀਆਂ/ਭਾਰਤੀਆਂ ਨਾਲ ਇੱਕ ਹੋਰ ਤਸਵੀਰ ਜੁੜੀ ਹੈ- ਰੱਬ ਦਾ ਭਾਣਾ ਮੰਨਦੀਆਂ ਮਾਵਾਂ ਦੀ, ਜਿਹੜੀਆਂ ਆਪਣੇ ਪੁੱਤਾਂ-ਧੀਆਂ ਦੇ ਵਾਪਸ ਪਰਤ ਆਉਣ 'ਤੇ ਰੱਬ ਦਾ ਸ਼ੁਕਰ ਕਰ ਰਹੀਆਂ ਹਨ; ਪਰ ਦੂਜਾ ਪਹਿਲੂ ਇਹ ਹੈ ਕਿ ਅਮਰੀਕਾ ਤੋਂ ਡਿਪੋਰਟ ਕੀਤੇ ਗਏ ਜ਼ਿਆਦਾਤਰ ਨੌਜਵਾਨ ਆਰਥਿਕ ਪੱਖੋਂ ਕਮਜ਼ੋਰ ਪਰਿਵਾਰਾਂ ਨਾਲ ਸਬੰਧ ਰੱਖਦੇ ਹਨ। ਉਨ੍ਹਾਂ ਨੇ ਏਜੰਟਾਂ ਨੂੰ ਦੇਣ ਲਈ ਪੈਸੇ ਵੀ ਕਰਜ਼ਾ ਲੈ ਕੇ ਜਾਂ ਫ਼ਿਰ ਰਿਸ਼ਤੇਦਾਰਾਂ ਤੋਂ ਮੋੜਨ ਦਾ ਵਾਅਦਾ ਕਰਕੇ ਲਏ ਸਨ। ਹੁਣ ਇਨ੍ਹਾਂ ਪਰਿਵਾਰਾਂ ਸਿਰ 30 ਤੋਂ 40 ਲੱਖ ਜਾਂ ਇਸ ਤੋਂ ਵੀ ਵੱਧ ਦੀ ਦੇਣਦਾਰੀ ਹੈ।

ਅੰਮ੍ਰਿਤਸਰ ਦੇ ਗੁਰੂ ਰਾਮਦਾਸ ਏਅਰਪੋਰਟ 'ਤੇ ਲੈਂਡ ਹੋਏ ਜਹਾਜ਼ ਵਿੱਚੋਂ ਉਤਰੇ ਬਹੁਤੇ ਹਾਲੇ ਮਹੀਨਿਆਂ ਦੀ ਭੁੱਖ-ਪਿਆਸ ਕੱਟਣ ਤੋਂ ਬਾਅਦ ਅਮਰੀਕਾ ਦੀ ਸਰਹੱਦ 'ਤੇ ਹੀ ਪਹੁੰਚੇ ਸਨ, ਜਿੱਥੋਂ ਉਨ੍ਹਾਂ ਨੂੰ ਡਿਟੈਨਸ਼ਨ ਸੈਂਟਰ (ਜਿੱਥੇ ਗ਼ੈਰ-ਦਸਤਾਵੇਜ਼ੀ ਪਰਵਾਸੀਆਂ ਨੂੰ ਰੱਖਿਆ ਜਾਂਦਾ ਹੈ) ਵਿੱਚ ਭੇਜ ਦਿੱਤਾ ਗਿਆ। ਚਰਚਾ ਹੈ ਕਿ ਡਿਟੈਨਸ਼ਨ ਸੈਂਟਰ ਅੰਦਰ ਕਈ ਅਜਿਹੇ ਨੌਜਵਾਨ ਵੀ ਹਨ, ਜੋ ਕਰੀਬ ਦੋ ਸਾਲਾਂ ਤੋਂ ਨਜ਼ਰਬੰਦ ਹਨ। ਇਹ ਨੌਜਵਾਨ ਸਿਹਤ ਦੇ ਨਾਲ-ਨਾਲ ਮਾਨਸਿਕ ਤੌਰ 'ਤੇ ਵੀ ਟੁੱਟ ਚੁੱਕੇ ਹਨ। ਉਂਜ ਜਿਹੜੇ ਲੋਕਾਂ ਨੇ ਅਮਰੀਕਾ ਵਿੱਚ ਲੀਗਲ ਬੌਂਡ ਭਰ ਕੇ ਸ਼ਰਣ ਲੈ ਲਈ ਹੈ, ਉਨ੍ਹਾਂ ਨੂੰ ਹਾਲ ਦੀ ਘੜੀ ਡਿਪੋਰਟ ਨਹੀਂ ਕੀਤਾ ਜਾ ਰਿਹਾ।

ਆਖ਼ਰ ਪੰਜਾਬ ਸਣੇ ਦੇਸ਼ ਦੇ ਹੋਰ ਸੂਬਿਆਂ ਤੋਂ ਭਾਰਤੀ ਇਨ੍ਹਾਂ ਔਖੇ ਪੈਂਡਿਆਂ ਜ਼ਰੀਏ ਅਮਰੀਕਾ ਪਹੁੰਚਣ ਦਾ ਹੀਆ ਕਿਉਂ ਕਰਦੇ ਹਨ? ਉਹ ਕਿਹੜੇ ਰਾਹ ਹਨ, ਜਿਨ੍ਹਾਂ ਨੂੰ ਭਾਰਤੀ ਅਮਰੀਕਾ ਦਾ ਸੁਫ਼ਨਾ ਗ਼ੈਰ-ਕਾਨੂੰਨੀ ਤਰੀਕੇ ਨਾਲ ਪੂਰਾ ਕਰਨ ਲਈ ਅਪਣਾਉਂਦੇ ਹਨ? ਅਮਰੀਕਾ ਗ਼ੈਰ-ਕਾਨੂੰਨੀ ਪਰਵਾਸੀਆਂ ਪ੍ਰਤੀ ਹੁਣ ਅਗਾਊਂ ਕੀ ਰੁਖ਼ ਅਪਣਾ ਰਿਹਾ ਹੈ? ਗ਼ੈਰ-ਕਾਨੂੰਨੀ ਪਰਵਾਸ ਨਾਲ ਜੁੜੇ ਅਜਿਹੇ ਸਵਾਲਾਂ ਦੇ ਜਵਾਬ ਇਸ ਰਿਪੋਰਟ ਵਿੱਚ ਤਲਾਸ਼ਣ ਦੀ ਕੋਸ਼ਿਸ਼ ਕੀਤੀ ਗਈ ਹੈ। ਪਰਵਾਸ ਸਬੰਧੀ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਪਰਵਾਸ ਕਰਨ ਵਾਲੇ ਬਹੁਤੇ ਲੋਕ ਆਰਥਿਕ ਤੌਰ 'ਤੇ ਹੇਠਲੇ ਤਬਕੇ 'ਚੋਂ ਨਹੀਂ ਹਨ, ਪਰ ਉਨ੍ਹਾਂ ਵਿੱਚੋਂ ਬਹੁਤੇ ਘੱਟ ਸਿੱਖਿਆ ਜਾਂ ਅੰਗਰੇਜ਼ੀ ਵਿੱਚ ਮੁਹਾਰਤ ਦੀ ਘਾਟ ਕਾਰਨ ਅਮਰੀਕਾ ਦਾ ਟੂਰਿਸਟ ਜਾਂ ਵਿਦਿਆਰਥੀ ਵੀਜ਼ਾ ਹਾਸਿਲ ਕਰਨ ਦੇ ਯੋਗ ਨਹੀਂ ਸਨ। ਇਸ ਤੋਂ ਇਲਾਵਾ ਪੰਜਾਬ ਤੋਂ ਵੱਡੀ ਗਿਣਤੀ ਵਿੱਚ ਆਉਂਦੇ ਗ਼ੈਰ-ਕਾਨੂੰਨੀ ਪਰਵਾਸੀਆਂ ਦਾ ਵੱਡਾ ਕਾਰਨ ਪੰਜਾਬ ਵਿੱਚ ਬੇਰੁਜ਼ਗਾਰੀ, ਖੇਤੀਬਾੜੀ ਸੰਕਟ ਅਤੇ ਵਧ ਰਹੀ ਨਸ਼ੇ ਦੀ ਸਮੱਸਿਆ ਸਣੇ ਵਿੱਤੀ ਦਿੱਕਤਾਂ ਹਨ। ਨੌਜਵਾਨਾਂ ਵਿੱਚ ਰੀਸਬਾਜ਼ੀ ਦੇ ਰੁਝਾਨ ਦਾ ਵਧ ਜਾਣਾ ਵੀ ਇੱਕ ਕਾਰਕ ਹੈ। ਇਸੇ ਲਈ ਉਨ੍ਹਾਂ ਨੇ ਏਜੰਟਾਂ ਜ਼ਰੀਏ ਅਮਰੀਕਾ ਪਹੁੰਚਣ ਦਾ ਰਾਹ ਅਖਤਿਆਰ ਕੀਤਾ। ਇਹ ਏਜੰਟ ਸਰਹੱਦੀ ਰੋਕਾਂ ਨੂੰ ਚਕਮਾ ਦੇਣ ਲਈ ਬਣਾਏ ਗਏ ਲੰਬੇ ਅਤੇ ਵਧੇਰੇ ਔਖੇ ਰੂਟਾਂ ਦੀ ਵਰਤੋਂ ਕਰਦੇ ਹਨ। ਇਸ ਦਾ ਇੱਕ ਹੋਰ ਕਾਰਨ ਹੈ, ਅਮਰੀਕਾ ਪਹੁੰਚਣ ਵਿੱਚ ਲੱਗਣ ਵਾਲਾ ਸਮਾਂ। ਉੱਤਰੀ ਸਰਹੱਦ 'ਤੇ ਸਥਿਤ ਕੈਨੇਡਾ, ਭਾਰਤੀਆਂ ਲਈ ਵਧੇਰੇ ਪਹੁੰਚਯੋਗ ਪਰਵੇਸ਼ ਪੁਆਇੰਟ ਬਣ ਗਿਆ ਹੈ, ਜਿਸ ਵਿੱਚ ਵਿਜ਼ਟਰ ਵੀਜ਼ੇ ਦਾ ਪ੍ਰੋਸੈਸਿੰਗ ਸਮਾਂ 76 ਦਿਨ ਹੈ, ਜਦਕਿ ਭਾਰਤ ਵਿੱਚ ਅਮਰੀਕਾ ਦੇ ਵੀਜ਼ੇ ਲਈ ਇੱਕ ਸਾਲ ਦਾ ਸਮਾਂ ਲੱਗਦਾ ਹੈ।

ਮੀਡੀਆਂ ਖ਼ਬਰਾਂ ਮੁਤਾਬਕ ਜ਼ਿਆਦਾਤਰ ਭਾਰਤੀ ਪਰਵਾਸੀ ਮੈਕਸੀਕੋ ਦੇ ਨਾਲ ਲਗਦੀ ਤੇ ਕਾਫੀ ਮਸਰੂਫ਼ ਦੱਖਣੀ ਸਰਹੱਦ ਰਾਹੀਂ ਐੱਲ ਸੈਲਵਾਡੋਰ ਜਾਂ ਨਿਕਾਰਾਗੁਆ ਰਾਹੀਂ ਅਮਰੀਕਾ ਵਿੱਚ ਦਾਖ਼ਲ ਹੁੰਦੇ ਸਨ, ਇਹ ਦੋਵੇਂ ਪਰਵਾਸ ਦੀ ਸਹੂਲਤ ਦਿੰਦੇ ਹਨ। ਰਿਪੋਰਟ ਮੁਤਾਬਕ ਨਵੰਬਰ 2022 ਤੱਕ ਭਾਰਤੀ ਨਾਗਰਿਕਾਂ ਨੂੰ ਐੱਲ ਸੈਲਵਾਡੋਰ ਵਿੱਚ ਵੀਜ਼ਾ-ਮੁਕਤ ਯਾਤਰਾ ਦੀ ਸਹੂਲਤ ਸੀ। ਮੌਜੂਦਾ ਪ੍ਰਚਲਤ ਰੂਟ ਏਕਵਾਡੋਰ ਜ਼ਰੀਏ ਹੈ, ਉੱਥੋਂ ਡੰਕੀ ਰਾਹੀਂ ਕੋਲੰਬੀਆ ਅਤੇ ਫ਼ਿਰ ਪਨਾਮਾ। ਪਨਾਮਾ ਦਾ ਖ਼ਤਰਨਾਕ ਜੰਗਲ ਪਾਰ ਕਰਨ ਤੋਂ ਬਾਅਦ ਕੋਸਟਾ ਰੀਕਾ ਅਤੇ ਇੱਥੋਂ ਨਿਕਾਰਾਗੁਆ ਪਹੁੰਚਿਆ ਜਾਂਦਾ ਹੈ। ਨਿਕਾਰਾਗੁਆ ਤੋਂ ਹੌਂਡੂਰਸ ਵਿੱਚ ਐਂਟਰੀ ਕਰਵਾਈ ਜਾਂਦੀ ਹੈ। ਇੱਥੋਂ ਫਿਰ ਗੁਆਟੇਮਾਲਾ ਤੇ ਮੈਕਸੀਕੋ ਪਹੁੰਚਿਆ ਜਾਂਦਾ ਹੈ। ਮੈਕਸੀਕੋ ਪਹੁੰਚਣ ਤੋਂ ਬਾਅਦ ਸਰਹੱਦ ਪਾਰ ਕਰ ਕੇ ਨੌਜਵਾਨ ਅਮਰੀਕਾ ਵਿੱਚ ਦਾਖਲ ਹੁੰਦੇ ਹਨ। ਕੁਝ ਏਜੰਟ ਬ੍ਰਾਜ਼ੀਲ ਅਤੇ ਵੈਨੇਜ਼ੁਏਲਾ ਰਾਹੀਂ ਵੀ ਨੌਜਵਾਨਾਂ ਨੂੰ ਮੈਕਸੀਕੋ ਲੈ ਕੇ ਜਾਂਦੇ ਹਨ।

ਪਮਾਨਾ ਦੇ ਜੰਗਲਾਂ ਦਾ ਰਸਤਾ ਜ਼ਿਆਦਾਤਰ ਭੁੱਖੇ-ਪਿਆਸੇ ਕੱਟਣਾ ਪੈਂਦਾ ਅਤੇ ਜੇ ਕੋਈ ਗਰੁੱਪ ਦਾ ਸਾਥੀ ਕਿਸੇ ਵੀ ਕਾਰਨ ਕਰਕੇ ਪਿੱਛੇ ਰਹਿ ਜਾਵੇ ਤਾਂ ਬਾਕੀ ਮੈਂਬਰ ਉਸ ਨੂੰ ਹਾਲਾਤ 'ਤੇ ਛੱਡ ਕੇ ਅੱਗੇ ਰਵਾਨਾ ਹੋ ਜਾਂਦੇ ਹਨ। ਡੰਕੀ ਦਾ ਪੈਂਡਾ ਇਸ ਗੱਲ ਉੱਤੇ ਵੀ ਨਿਰਭਰ ਕਰਦਾ ਹੈ ਕਿ ਡੰਕਰ ਦੀ ਸੈਟਿੰਗ ਅਤੇ ਉਸ ਦਾ ਨੈੱਟਵਰਕ ਕਿਸ ਦੇਸ਼ ਵਿੱਚ ਚੰਗਾ ਹੈ। ਇਸ ਤੋਂ ਇਲਾਵਾ ਗ਼ੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਪਹੁੰਚਣ ਦਾ ਇੱਕ ਹੋਰ ਰੂਟ ਯੂਰਪ ਤੋਂ ਹੋ ਕੇ ਵੀ ਹੈ। ਇਸ ਰੂਟ ਤਹਿਤ ਏਜੰਟ ਨੌਜਵਾਨਾਂ ਨੂੰ ਪਹਿਲਾਂ ਸਪੇਨ ਜਾਂ ਫਿਰ ਹਾਲੈਂਡ ਪਹੁੰਚਾਉਂਦੇ ਹਨ। ਨਵਾਂ ਰੂਟ ਹੁਣ ਡੁੱਬਈ ਜ਼ਰੀਏ ਅਮਰੀਕਾ ਪਹੁੰਚਣ ਦਾ ਵੀ ਹੈ।

ਹੋਮਲੈਂਡ ਸਿਕਿਓਰਿਟੀ ਵਿਭਾਗ ਅਤੇ ਪਿਊ ਦੀ 2024 ਦੀ ਰਿਸਰਚ ਦੇ ਅੰਕੜੇ ਦਰਸਾਉਂਦੇ ਹਨ ਕਿ 2022 ਤੱਕ, ਅਮਰੀਕਾ ਵਿੱਚ ਤਕਰੀਬਨ 1.10 ਕਰੋੜ ਗ਼ੈਰ-ਦਸਤਾਵੇਜ਼ੀ ਪਰਵਾਸੀ ਸਨ, ਜੋ ਕਿ ਕੁੱਲ ਆਬਾਦੀ ਦਾ ਤਕਰੀਬਨ 3.3 ਫ਼ੀਸਦ ਹਿੱਸਾ ਬਣਦੇ ਹਨ। ਸੰਖਿਆ 2005 ਤੋਂ ਮੁਕਾਬਲਤਨ ਸਥਿਰ ਰਹੀ ਹੈ। ਹਾਲਾਂਕਿ ਪਿਊ ਨੇ ਚੇਤਾਵਨੀ ਦਿੱਤੀ ਹੈ ਕਿ ਕੁਝ ਕਾਰਕ ਅਜੇ ਵੀ ਅਧਿਕਾਰਤ ਅੰਕੜਿਆਂ ਤੋਂ ਬਾਹਰ ਹੋ ਸਕਦੇ ਹਨ, ਜਿਵੇਂ ਕਿ ਕਿਊਬਾ, ਵੈਨੇਜ਼ੁਏਲਾ, ਹੈਤੀ ਅਤੇ ਨਿਕਾਰਾਗੁਆ ਤੋਂ ਮਾਨਵਤਾਵਾਦੀ ਪਰਮਿਟ ਹਾਸਿਲ ਕਰਕੇ ਪਹੁੰਚੇ 500,000 ਪਰਵਾਸੀ। ਜੇ ਭਾਰਤੀ ਪਰਵਾਸੀਆਂ ਦੀ ਗੱਲ ਕਰੀਏ ਤਾਂ 2020 ਤੋਂ ਅਮਰੀਕਾ ਦੇ ਕਸਟਮ ਅਤੇ ਸਰਹੱਦ ਸੁਰੱਖਿਆ ਅਧਿਕਾਰੀਆਂ ਨੇ ਉੱਤਰੀ ਅਤੇ ਦੱਖਣੀ- ਦੋਵਾਂ ਸਰਹੱਦਾਂ 'ਤੇ ਗ਼ੈਰ-ਕਾਨੂੰਨੀ ਢੰਗ ਨਾਲ ਦਾਖ਼ਲ ਹੋਣ ਵਾਲੇ ਕਰੀਬ 1,70,000 ਭਾਰਤੀ ਪਰਵਾਸੀਆਂ ਨੂੰ ਹਿਰਾਸਤ ਵਿੱਚ ਲਿਆ ਹੈ। ਪਿਊ ਰਿਸਰਚ ਸੈਂਟਰ ਅੰਕੜੇ ਦਰਸਾਉਂਦੇ ਹਨ ਕਿ 2022 ਤੱਕ, ਅੰਦਾਜ਼ਨ 7,25,000 ਭਾਰਤੀ ਬਿਨਾ ਦਸਤਾਵੇਜ਼ਾਂ ਦੇ ਅਮਰੀਕਾ ਵਿੱਚ ਦਾਖ਼ਲ ਹੋਏ ਸਨ।

ਜ਼ਿਆਦਾਤਰ ਗ਼ੈਰ-ਦਸਤਾਵੇਜ਼ੀ ਪਰਵਾਸੀ ਲੰਬੇ ਸਮੇਂ ਤੋਂ ਅਮਰੀਕਾ ਵਿੱਚ ਰਹਿ ਰਹੇ ਹਨ। ਕਰੀਬ 80 ਫ਼ੀਸਦ ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਦੇਸ਼ ਵਿੱਚ ਹਨ। ਇਨ੍ਹਾਂ ਵਿੱਚੋਂ ਤਕਰੀਬਨ ਅੱਧੇ ਮੈਕਸੀਕੋ ਰਾਹੀਂ ਆਉਣ ਵਾਲੇ ਹਨ, ਇਸ ਤੋਂ ਬਾਅਦ ਗੁਆਟੇਮਾਲਾ, ਅਲ ਸੈਲਵਾਡੋਰ ਅਤੇ ਹੌਂਡੂਰਸ ਤੋਂ ਆਏ ਹਨ। ਇਨ੍ਹਾਂ ਪਰਵਾਸੀਆਂ ਦੇ ਟਿਕਾਣੇ ਛੇ ਸੂਬਿਆਂ ਕੈਲੀਫੋਰਨੀਆ, ਟੈਕਸਸ, ਫਲੋਰਿਡਾ, ਨਿਊ ਯਾਰਕ, ਨਿਊ ਜਰਸੀ ਅਤੇ ਇਲੀਨਾਏ ਵਿੱਚ ਹਨ।

ਟਰੰਪ ਪ੍ਰਸ਼ਾਸਨ ਵੱਲੋਂ ਗ਼ੈਰ-ਕਾਨੂੰਨੀ ਪਰਵਾਸੀਆਂ ਦੀ ਗ੍ਰਿਫ਼ਤਾਰੀ ਲਈ ਚਲਾਈ ਗਈ ਮੁਹਿੰਮ ਦੌਰਾਨ ਅਪਰਾਧਿਕ ਅਤੇ ਬਿਨਾ ਅਪਰਾਧ ਵਾਲਾ ਪਿਛੋਕੜ ਰੱਖਣ ਵਾਲੇ ਹਜ਼ਾਰਾਂ ਲੋਕਾਂ ਨੂੰ ਹਿਰਾਸਤ ਵਿੱਚ ਲਿਆ ਹੈ। ਇਮੀਗ੍ਰੇਸ਼ਨ ਅਤੇ ਕਸਟਮ ਐਨਫੋਰਸ (ਆਈ.ਸੀ.ਈ.) ਦੇ ਅੰਕੜਿਆਂ ਮੁਤਾਬਕ ਵ੍ਹਾਈਟ ਹਾਊਸ ਵਿੱਚ ਟਰੰਪ ਦੀ ਵਾਪਸੀ ਤੋਂ ਬਾਅਦ ਹੁਣ ਤੱਕ 3500 ਤੋਂ ਵੱਧ ਗ਼ੈਰ-ਕਾਨੂੰਨੀ ਪਰਵਾਸੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਟਰੰਪ ਦੇ ਬਿਆਨਾਂ 'ਤੇ ਆਲੋਚਕਾਂ ਦੇ ਖ਼ਦਸ਼ਿਆਂ ਨੂੰ ਦਰਕਿਨਾਰ ਕਰਕੇ ਇਤਬਾਰ ਕੀਤਾ ਜਾਵੇ ਤਾਂ ਸਾਰੇ ਗ਼ੈਰ-ਦਸਤਾਵੇਜ਼ੀ ਪਰਵਾਸੀਆਂ ਨੂੰ ਦੇਸ਼ ਨਿਕਾਲਾ ਦਿੱਤਾ ਜਾਵੇਗਾ। ਟਰੰਪ ਨੇ ਗੁਆਂਟਾਨਾਮੋ ਬੇ ਵਿੱਚ ਇੱਕ ਪਰਵਾਸੀ ਨਜ਼ਰਬੰਦੀ ਸਹੂਲਤ ਵਾਲਾ ਸੈਂਟਰ ਬਣਾਉਣ ਦੇ ਹੁਕਮ ਵੀ ਦਿੱਤੇ ਹਨ, ਜਿਸ ਵਿੱਚ 30,000 ਲੋਕਾਂ ਨੂੰ ਰੱਖਿਆ ਜਾ ਸਕਦਾ ਹੈ। ਉਂਜ ਕੁਝ ਮਨੁੱਖੀ ਅਧਿਕਾਰ ਸਮੂਹਾਂ ਵੱਲੋਂ ਇਸ ਦੀ ਆਲੋਚਨਾ ਕੀਤੀ ਗਈ ਹੈ।

ਜ਼ਿਕਰਯੋਗ ਹੈ ਕਿ ਡੋਨਲਡ ਟਰੰਪ ਨੇ 20 ਜਨਵਰੀ ਨੂੰ ਅਮਰੀਕਾ ਦੇ ਰਾਸ਼ਟਰਪਤੀ ਅਹੁਦੇ ਦੀ ਸਹੁੰ ਲੈਣ ਤੋਂ ਬਾਅਦ ਕਈ ਐਗਜ਼ੀਕਿਊਟਿਵ ਆਰਡਸ ਉਪਰ ਦਸਤਖ਼ਤ ਕੀਤੇ ਸਨ, ਜਿਸ ਵਿੱਚ ਦੇਸ਼ ਦੀਆਂ ਸਰਹੱਦਾਂ ਉਪਰ ਰੱਖਿਆ ਦੇ ਲਈ ਅਮਰੀਕੀ ਫੌਜ ਨੂੰ ਅਧਿਕਾਰ ਦਿੱਤੇ ਗਏ ਸਨ। ਟਰੰਪ ਦਾ ਚੋਣ ਵਾਅਦਾ ਵੀ ਦੇਸ਼ ਵਿੱਚੋਂ ਗ਼ੈਰ-ਦਸਤਾਵੇਜ਼ੀ ਪਰਵਾਸੀਆਂ ਨੂੰ ਬਾਹਰ ਦਾ ਰਸਤਾ ਦਿਖਾਉਣ ਦਾ ਸੀ। ਟਰੰਪ ਨੇ ਪਹਿਲਾਂ ਹੀ ਵੱਡੀ ਪੱਧਰ ਉੱਤੇ ਦੇਸ਼ ਨਿਕਾਲੇ ਨੂੰ ਅੰਜਾਮ ਦੇਣ ਲਈ ਅਮਰੀਕੀ ਫ਼ੌਜ ਦੀ ਵਰਤੋਂ ਲਏ ਜਾਣ ਦੀ ਗੱਲ ਆਖੀ ਸੀ। ਟਰੰਪ ਪ੍ਰਸ਼ਾਸਨ ਤੋਂ ਪਹਿਲਾਂ ਵੀ ਅਕਤੂਬਰ 2024 ਵਿੱਚ ਵੀ ਯੂ.ਐੱਸ. ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫ਼ੋਰਸਮੈਂਟ (ਆਈ.ਸੀ.ਈ.-ਆਈਸ) ਨੇ 1000 ਤੋਂ ਵੱਧ ਭਾਰਤੀ ਨਾਗਰਿਕਾਂ ਨੂੰ ਘਰ ਵਾਪਸ ਭੇਜਿਆ ਸੀ। ਇਸ ਤੋਂ ਇਲਾਵਾ ਉਸ ਸਮੇਂ ਅਮਰੀਕਾ ਦੇ ਕਾਰਜਕਾਰੀ ਰੱਖਿਆ ਮੰਤਰੀ ਰੌਬਰਟ ਸੇਲੇਸੇਸ ਨੇ ਇੱਕ ਬਿਆਨ ਵਿੱਚ ਕਿਹਾ ਸੀ ਕਿ ਰੱਖਿਆ ਮੰਤਰਾਲਾ ਦੇਸ਼ ਦੇ ਗ੍ਰਹਿ ਸੁਰੱਖਿਆ ਮੰਤਰਾਲਾ ਨੂੰ ਫੌਜ ਦਾ ਜਹਾਜ਼ ਮੁਹੱਈਆ ਕਰਵਾਏਗਾ ਤਾਂ ਕਿ ਪੰਜ ਹਜ਼ਾਰ ਤੋਂ ਵੱਧ ਗੈਰ-ਕਾਨੂੰਨੀ ਪਰਵਾਸੀਆਂ ਨੂੰ ਵਾਪਸ ਭੇਜਿਆ ਜਾ ਸਕੇ।

ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਜੋਅ ਬਾਇਡਨ ਦੇ ਕਾਰਜਕਾਲ ਵਿੱਚ ਇੱਕ ਲੱਖ ਤੋਂ ਵੱਧ ਲੋਕ ਡਿਪੋਰਟ ਕੀਤੇ ਗਏ ਸਨ। ਅਮਰੀਕਾ ਗੈਰ-ਕਾਨੂੰਨੀ ਪਰਵਾਸੀਆਂ ਨੂੰ ਪਹਿਲਾਂ ਵੀ ਡਿਪੋਰਟ ਕਰਦਾ ਰਿਹਾ ਹੈ, ਪਰ ਇਹ ਗੱਲ ਉਠ ਰਹੀ ਹੈ ਕਿ ਟਰੰਪ ਸਰਕਾਰ ਨੇ ਅਮਰੀਕਾ ਵਿੱਚ ਰਹਿ ਰਹੇ ਗੈਰ-ਕਾਨੂੰਨੀ ਪਰਵਾਸੀਆਂ ਨੂੰ ਫੌਜ ਦੇ ਜਹਾਜ਼ ਵਿੱਚ ਉਨ੍ਹਾਂ ਨੂੰ ਦੇਸ਼ ਨਿਕਾਲਾ ਦੇ ਕੇ ਆਪਣੀ ਸ਼ਕਤੀ ਦਾ ਪ੍ਰਦਰਸ਼ਨ ਕੀਤਾ ਹੈ। ਉਧਰ, ਭਾਰਤ ਵਿੱਚ ਅਮਰੀਕੀ ਐਂਬੈਸੀ ਦੇ ਬੁਲਾਰੇ ਅਨੁਸਾਰ ਅਮਰੀਕਾ ਦੇ ਪਰਵਾਸ ਨਾਲ ਜੁੜੇ ਕਾਨੂੰਨਾਂ ਨੂੰ ਲਾਗੂ ਕਰਨਾ ਅਮਰੀਕਾ ਦੀ ਕੌਮੀ ਸੁਰੱਖਿਆ ਤੇ ਲੋਕਾਂ ਦੀ ਭਲਾਈ ਲਈ ਜ਼ਰੂਰੀ ਹੈ। ਗੈਰ-ਕਾਨੂੰਨੀ ਤਰੀਕੇ ਨਾਲ ਦਾਖਿਲ ਹੋਏ ਲੋਕਾਂ ਖਿਲਾਫ਼ ਕਾਨੂੰਨ ਦੀ ਪਾਲਣਾ ਕਰਨਾ ਅਮਰੀਕਾ ਦੀ ਨੀਤੀ ਹੈ।



## ਗੁਮਾਨ-ਅਪਮਾਨ ਦੀ ਸਿਆਸਤ

**ਉਜਾਗਰ ਸਿੰਘ**
**ਫੋਨ: +91-9417813072**

ਗ਼ੈਰ-ਕਾਨੂੰਨੀ ਤੌਰ 'ਤੇ ਏਜੰਟਾਂ ਦੇ ਧੱਕੇ ਚੜ੍ਹ ਕੇ ਅਮਰੀਕਾ ਗਏ ਭਾਰਤੀਆਂ ਨੂੰ ਅਮਰੀਕਾ ਵੱਲੋਂ ਫ਼ੌਜ ਦੇ ਜਹਾਜ਼ ਰਾਹੀਂ ਹੱਥਕੜੀਆਂ, ਲੱਕ ਅਤੇ ਪੈਰਾਂ ਵਿੱਚ ਬੇੜੀਆਂ ਬੰਨ੍ਹ ਕੇ ਵਾਪਸ ਭਾਰਤ ਵਿੱਚ ਭੇਜਣਾ, ਅੱਜ ਕਲ੍ਹ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਫ਼ੌਜ ਦੇ ਜਹਾਜ਼ ਦੇਸ਼ ਦੀ ਸੁਰੱਖਿਆ ਲਈ ਫ਼ੌਜ ਵੱਲੋਂ ਵਰਤੇ ਜਾਂਦੇ ਹਨ। ਕਿਸੇ ਖਾਸ ਹਾਲਾਤ ਵਿੱਚ ਸੁਰੱਖਿਆ ਕਾਰਨਾਂ ਕਰਕੇ ਫੌਜੀ ਜਹਾਜ਼ ਦੇਸ਼ ਦੇ ਸਰਵਉਚ ਵਿਅਕਤੀਆਂ ਲਈ ਵੀ ਵਰਤੇ ਜਾਂਦੇ ਹਨ। ਵੈਸੇ ਇੰਨੇ ਵੱਡੇ ਜਹਾਜ਼ਾਂ ਦੀ ਵਰਤੋਂ ਫ਼ੌਜ ਦਾ ਸਾਮਾਨ ਟੈਂਕਾਂ ਵਗੈਰਾ ਦੀ ਢੋਅ-ਢੁਆਈ ਲਈ ਕੀਤੀ ਜਾਂਦੀ ਹੈ।

ਜਿਸ ਜਹਾਜ਼ ਰਾਹੀਂ ਭਾਰਤੀਆਂ ਜਾਂ ਹੋਰਨਾਂ ਮੁਲਕਾਂ ਦੇ ਗੈਰ-ਕਾਨੂੰਨੀ ਪਰਵਾਸੀਆਂ ਨੂੰ ਡਿਪੋਰਟ ਕੀਤਾ ਗਿਆ, ਉਸ ਵਿੱਚ ਸੀਟਾਂ ਨਹੀਂ ਸਨ। ਹੱਥਾਂ ਵਿੱਚ ਹੱਥਕੜੀਆਂ, ਲੱਕ ਅਤੇ ਪੈਰਾਂ ਵਿੱਚ ਬੇੜੀਆਂ ਲੱਗੀਆਂ ਹੋਈਆਂ ਸਨ, ਜੋ ਵਾਸ਼ਰੂਮ ਜਾਣ ਸਮੇਂ ਵੀ ਖੋਲ੍ਹੀਆਂ ਨਹੀਂ ਜਾਂਦੀਆਂ ਸਨ। ਇਹ ਸਫਰ ਬਹੁਤ ਹੀ ਬੇਇੰਤਜ਼ਾਮੀ ਵਾਲਾ ਤੇ ਅਣਮਨੁੱਖੀ ਰਿਹਾ, ਇੱਕ ਦੂਜੇ ਨਾਲ ਗੱਲ ਕਰਨ ਅਤੇ ਫਿਰਨ-ਤੁਰਨ ਤੱਕ ਦੀ ਮਨਾਹੀ ਸੀ। ਵੈਸੇ ਅਮਰੀਕਾ ਦਾ ਕਾਨੂੰਨ ਅਮਰੀਕਾ ਵਿੱਚ ਪਹੁੰਚੇ ਵਿਅਕਤੀ ਨੂੰ ਇਸ ਪ੍ਰਕਾਰ ਵਾਪਸ ਭੇਜਣ ਦੀ ਇਜਾਜ਼ਤ ਨਹੀਂ ਦਿੰਦਾ। ਜਿਹੜਾ ਵੀ ਵਿਅਕਤੀ ਇੱਕ ਵਾਰ ਅਮਰੀਕਾ ਵਿੱਚ ਪਹੁੰਚ ਜਾਂਦਾ, ਉਸਨੂੰ ਉਤਨੀ ਦੇਰ ਗ੍ਰਿਫ਼ਤਾਰ ਨਹੀਂ ਕੀਤਾ ਜਾ ਸਕਦਾ, ਜਿਤਨੀ ਦੇਰ ਉਹ ਕੋਈ ਕਰਾਈਮ ਨਹੀਂ ਕਰਦਾ। ਇਨ੍ਹਾਂ ਭਾਰਤੀਆਂ ਨੂੰ ਤਾਂ ਉਥੇ ਗਇਆਂ ਨੂੰ ਅਜੇ ਬਹੁਤ ਥੋੜ੍ਹਾ ਸਮਾਂ ਹੋਇਆ ਸੀ। ਅਮਰੀਕਾ ਦੇ ਕਾਨੂੰਨ ਅਨੁਸਾਰ ਇਨ੍ਹਾਂ ਨੂੰ ਕਚਹਿਰੀ ਵਿੱਚ ਆਪਣੇ ਕੇਸ ਕਰਨ ਦੀ ਇਜਾਜ਼ਤ ਹੁੰਦੀ ਹੈ। ਇਹ ਲੋਕਾਂ ਨੇ ਅਜੇ ਅਪਲਾਈ ਕਰਨਾ ਸੀ, ਪ੍ਰੰਤੂ ਇਨ੍ਹਾਂ ਨੂੰ ਅਪਲਾਈ ਕਰਨ ਹੀ ਨਹੀਂ ਦਿੱਤਾ ਗਿਆ।

ਸਿਆਸੀ ਪਾਰਟੀਆਂ ਅਜਿਹੇ ਨਾਜ਼ੁਕ ਤੇ ਸੰਵੇਦਨਸ਼ੀਲ ਮੁੱਦੇ 'ਤੇ ਆਪਣੀਆਂ ਸਿਆਸੀ ਰੋਟੀਆਂ ਸੇਕਣ ਵਿੱਚ ਪਿੱਛੇ ਨਹੀਂ ਹੱਟ ਰਹੀਆਂ, ਜਿਵੇਂ ਸੁੰਢ ਦੀ ਗੱਠੀ ਦੀ ਕਹਾਵਤ ਦੀ ਤਰ੍ਹਾਂ ਨਵਾਂ ਮੁੱਦਾ ਮੁੱਦਤ ਬਾਅਦ ਲੱਭਿਆ ਹੋਵੇ। ਵੈਸੇ ਭਾਰਤ ਸਰਕਾਰ ਨੂੰ ਵੀ ਸੰਜੀਦਗੀ ਨਾਲ ਸੋਚਣਾ ਚਾਹੀਦਾ ਹੈ ਕਿ ਭਾਰਤੀਆਂ ਨਾਲ ਅਜਿਹਾ ਵਿਹਾਰ ਕਿਉਂ ਹੋਇਆ? ਜਦੋਂ ਕਿ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਭਾਰਤ ਦੇ ਪ੍ਰਧਾਨ ਮੰਤਰੀ- ਦੋਵੇਂ ਇੱਕ ਦੂਜੇ ਨੂੰ ਆਪਣੇ ਮਿੱਤਰ ਕਹਿੰਦੇ ਹਨ।

ਇਹ ਵੀ ਸਹੀ ਗੱਲ ਹੈ ਕਿ ਕਿਸੇ ਵੀ ਦੇਸ਼ ਵਿੱਚ ਗ਼ੈਰ-ਕਾਨੂੰਨੀ ਢੰਗ ਨਾਲ ਉਥੇ ਪਹੁੰਚਣਾ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਉਸ ਦੇਸ਼ ਦਾ ਸੰਵਿਧਾਨ ਹੁੰਦਾ ਹੈ, ਉਸ ਅਨੁਸਾਰ ਉਹ ਗ਼ੈਰ-ਕਾਨੂੰਨੀ ਲੋਕਾਂ ਨੂੰ ਦੇਸ਼ ਨਿਕਾਲਾ ਦੇ ਸਕਦਾ ਹੈ, ਪ੍ਰੰਤੂ ਵਾਪਸ ਭੇਜਣ ਲਈ ਉਨ੍ਹਾਂ ਦੇ ਮਨੁੱਖੀ ਹੱਕਾਂ ਦੀ ਰਾਖੀ ਕਰਨੀ ਜ਼ਰੂਰੀ ਹੁੰਦੀ ਹੈ। ਖਾਸ ਤੌਰ 'ਤੇ ਅਮਰੀਕਾ ਵਰਗੇ ਦੇਸ਼ ਲਈ, ਜਿਹੜਾ ਮਨੁੱਖੀ ਅਧਿਕਾਰਾਂ ਦਾ ਆਪਣੇ ਆਪ ਨੂੰ ਰਖਵਾਲਾ ਸਮਝਦਾ ਹੋਇਆ, ਦੁਨੀਆਂ ਦੇ ਹੋਰ ਦੇਸ਼ਾਂ ਵਿੱਚ ਜੇਕਰ ਮਨੁੱਖੀ ਹੱਕਾਂ ਦੀ ਉਲੰਘਣਾ ਹੁੰਦੀ ਹੈ ਤਾਂ ਤੁਰੰਤ ਦਖ਼ਲ ਦਿੰਦਾ ਰਹਿੰਦਾ ਹੈ। ਉਸ ਵੱਲੋਂ ਭਾਰਤੀਆਂ ਨੂੰ ਵਾਪਸ ਭੇਜਣ ਮੌਕੇ ਕੀਤਾ ਗਿਆ ਅਣਉਚਿਤ ਵਿਹਾਰ ਨਿੰਦਣਯੋਗ ਹੈ।

ਭਾਰਤ ਦਾ ਵਿਦੇਸ਼ ਮੰਤਰੀ ਜੈ ਸ਼ੰਕਰ ਬਿਓਰੋਕਰੇਟ ਤੋਂ ਬਣਿਆ ਸਿਆਸਤਦਾਨ ਹੈ। ਇਹੋ ਸ਼ੁਰੂ ਤੋਂ ਸਿਆਸਤ ਵਿੱਚ ਆਏ ਸਿਆਸਤਦਾਨ ਦਾ ਅੰਤਰ ਹੁੰਦਾ ਹੈ, ਬਿਓਰੋਕਰੇਟ ਸਿਰਫ ਉਸ ਦੇਸ਼ ਦੇ ਕਾਨੂੰਨਾਂ ਨੂੰ ਵੇਖਦਾ ਹੈ, ਆਪਣੇ ਦੇਸ਼ ਦੇ ਨਾਗਰਿਕਾਂ ਬਾਰੇ ਸੋਚਦਾ ਹੀ ਨਹੀਂ। ਇਹ ਹੋ ਸਕਦਾ ਜੇ ਕੋਈ ਸਿਆਸਤਦਾਨ ਵਿਦੇਸ਼ ਮੰਤਰੀ ਹੁੰਦਾ ਤਾਂ ਉਹ ਜ਼ਰੂਰ ਆਪਣੀਆਂ ਵੋਟਾਂ ਅਤੇ ਦੇਸ਼ ਦੇ ਨਾਗਰਿਕਾਂ ਦੇ ਹਿੱਤਾਂ ਦਾ ਧਿਆਨ ਰੱਖਦਾ। ਭਾਰਤ ਦੇ ਵਿਦੇਸ਼ ਮੰਤਰੀ ਕਹਿੰਦੇ ਹਨ ਕਿ 2012 ਤੋਂ ਵਾਪਸ ਭੇਜਣ ਦਾ ਕੰਮ ਅਮਰੀਕਾ ਕਰ ਰਿਹਾ ਹੈ, ਇਹ ਕੋਈ ਨਵਾਂ ਤੇ ਪਹਿਲੀ ਵਾਰ ਹੋਇਆ ਕੰਮ ਨਹੀਂ, ਪ੍ਰੰਤੂ ਉਨ੍ਹਾਂ ਨੂੰ ਇਹ ਵੀ ਵੇਖਣਾ ਚਾਹੀਦਾ ਹੈ ਕਿ ਪਹਿਲਾਂ ਜਿਹੜੇ ਭਾਰਤੀਆਂ ਨੂੰ ਭੇਜਿਆ ਗਿਆ ਹੈ, ਉਨ੍ਹਾਂ ਨੂੰ ਕਦੀ ਵੀ ਇਸ ਪ੍ਰਕਾਰ ਜ਼ੰਜੀਰਾਂ ਨਾਲ ਜਕੜ ਕੇ ਦੁਰਵਿਹਾਰ ਨਾਲ ਨਹੀਂ ਭੇਜਿਆ ਗਿਆ। ਭਾਰਤੀਆਂ ਨਾਲ ਇੰਨੀ ਜ਼ਬਰਦਸਤੀ, ਬਦਸਲੂਕੀ ਅਤੇ ਬੇਇਜ਼ਤੀ ਕਦੀ ਵੀ ਨਹੀਂ ਹੋਈ। ਅਮਰੀਕਾ ਸੰਸਾਰ ਦੇ ਹੋਰ ਦੇਸ਼ਾਂ ਦੇ ਗ਼ੈਰ-ਕਾਨੂੰਨੀ ਨਾਗਰਿਕਾਂ ਨੂੰ ਵੀ ਵਾਪਸ ਭੇਜ ਰਿਹਾ ਹੈ।

⇒ ਬਾਕੀ ਸਫਾ 11 ਉਤੇ ਪੜ੍ਹੋ

# ਪਰਵਾਸ: ਇੱਕ ਸੁਪਨੇ ਲਈ ਮਰ ਜਾਣ ਦੀ ਤ੍ਰਾਸਦੀ

***ਪਰਵਾਸ ਦਾ ਮੁੱਦਾ ਪਿਛਲੇ ਕਾਫੀ ਸਮੇਂ ਤੋਂ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਪਰਵਾਸ ਦੀਆਂ ਅਭਿਲਾਸ਼ਾਵਾਂ ਪਾਲ਼ੀ ਬੈਠੇ ਲੋਕਾਂ- ਉਹ ਭਾਵੇਂ ਭਾਰਤ ਦੇ ਹੋਣ ਜਾਂ ਪਾਕਿਸਤਾਨ ਦੇ, ਜਾਂ ਫਿਰ ਕਿਸੇ ਹੋਰ ਮੁਲਕ ਦੇ, ਉਨ੍ਹਾਂ ਨੇ ਮਰ ਜਾਣ ਤੱਕ ਦਾ ਜੋਖਮ ਲੈ ਕੇ ਵੀ ਇਸ ਸੁਪਨੇ ਨੂੰ ਸਾਕਾਰ ਕਰਨ ਲਈ ਪੈਂਡੇ ਮਾਰੇ ਹਨ। ਜਾਂ ਇਉਂ ਕਹਿ ਲਓ ਕਿ ਆਪਣੇ ਆਪ ਨੂੰ ਇੱਕ ਥਾਂ ਤੋਂ ਖੱਗ ਕੇ ਦੂਜੇ ਥਾਂ ਭਾਵ ਆਰਥਿਕ ਸਰੋਤਾਂ ਵਾਲੀਆਂ ਹਰਿਆਲੀ ਵਾਲੀਆਂ ਚਰਾਂਦਾਂ ਵਿੱਚ ਸ਼ਮੂਲ ਕਰਨ ਲਈ ਤ੍ਰਾਸਦੀਆਂ ਹੰਢਾਈਆਂ ਹਨ। ਇਸੇ ਸੰਦਰਭ ਵਿੱਚ ਪਾਕਿਸਤਾਨ ਵਿੱਚ ਮਨੁੱਖੀ ਤਸਕਰੀ ਦੇ ਨੈਟਵਰਕ ਵਧ ਰਹੇ ਹਨ, ਕਿਉਂਕਿ ਯੂਰਪ ਵਿੱਚ ਇੱਕ ਸਥਿਰ ਭਵਿੱਖ ਦਾ ਲਾਲਚ ਅਮੀਰ ਅਤੇ ਗਰੀਬ- ਦੋਵਾਂ ਨੂੰ ਖਤਰਨਾਕ ਪਰਵਾਸ ਮਾਰਗਾਂ 'ਤੇ ਆਪਣੀ ਜ਼ਿੰਦਗੀ ਦਾ ਜੂਆ ਖੇਡਣ ਲਈ ਪ੍ਰੇਰਿਤ ਕਰਦਾ ਹੈ। ਇਹ ਲੇਖ ਜੀ.ਟੀ. ਰੋਡ ਤੋਂ ਯੂਰਪ ਤੱਕ ਪਾਕਿਸਤਾਨ ਦੇ ਪਰਵਾਸੀ ਸੰਕਟ ਦੀ ਤਸਵੀਰਕਸ਼ੀ ਕਰਦਾ ਹੈ।***

**ਉਮਰ ਰਿਆਜ਼**
(ਪਾਕਿਸਤਾਨੀ ਪੱਤਰਕਾਰ ਤੇ ਲੇਖਕ)



ਕੁਝ ਹਫਤੇ ਪਹਿਲਾਂ ਅਟਲਾਂਟਿਕ ਮਹਾਸਾਗਰ ਨੂੰ ਗੈਰ-ਕਾਨੂੰਨੀ ਢੰਗ ਨਾਲ ਪਾਰ ਕਰਕੇ ਯੂਰਪ ਪਹੁੰਚਣ ਦੀ ਕੋਸ਼ਿਸ਼ ਦੌਰਾਨ ਲਗਭਗ 50 ਪਾਕਿਸਤਾਨੀਆਂ ਦੀ ਇੱਕ ਪਰਵਾਸੀ ਕਿਸ਼ਤੀ ਵਿੱਚ ਮੌਤ ਹੋ ਗਈ ਸੀ, ਜਿਸ ਨੂੰ ਅਟਲਾਂਟਿਕ ਕਿਸ਼ਤੀ ਤ੍ਰਾਸਦੀ ਕਿਹਾ ਜਾਂਦਾ ਹੈ। ਇਹ ਤ੍ਰਾਸਦੀ ਪਹਿਲੀ ਨਹੀਂ ਹੈ। ਜੂਨ 2023 ਵਿੱਚ 300 ਸੌ ਪਾਕਿਸਤਾਨੀ ਪਰਵਾਸੀ ਕਿਸ਼ਤੀ ਦੇ ਹਾਦਸੇ ਵਿੱਚ ਡੁੱਬ ਗਏ ਸਨ। ਕਿਸ਼ਤੀ ਗ੍ਰੀਸ ਦੇ ਤੱਟ 'ਤੇ ਪਲਟ ਗਈ, ਜੋ ਇਟਲੀ ਜਾ ਰਹੀ ਸੀ। ਇਸ ਤੋਂ ਪਹਿਲਾਂ ਅਪ੍ਰੈਲ 2023 ਵਿੱਚ ਲੀਬੀਆ ਦੇ ਤੱਟ 'ਤੇ 57 ਲੋਕਾਂ ਦੀ ਮੌਤ ਹੋ ਗਈ ਸੀ, ਜਿਸ ਵਿੱਚ ਸੱਤ ਪਾਕਿਸਤਾਨੀ ਵੀ ਸ਼ਾਮਲ ਸਨ।

ਪਰਵਾਸੀ ਤਸਕਰੀ ਪਿਛਲੇ ਕੁਝ ਸਾਲਾਂ ਵਿੱਚ ਵਧੇਰੇ ਵਾਰ-ਵਾਰ ਅਤੇ ਖਤਰਨਾਕ ਹੋ ਗਈ ਹੈ, ਇਸ ਰੁਝਾਨ ਨੇ ਦੇਸ਼ ਦੀ ਸਾਖ ਅਤੇ ਇਸ ਵਿੱਚ ਫੜੇ ਗਏ ਲੋਕਾਂ ਦੀਆਂ ਜ਼ਿੰਦਗੀਆਂ- ਦੋਵਾਂ ਨੂੰ ਪ੍ਰਭਾਵਿਤ ਕੀਤਾ ਹੈ। ਯੂ.ਕੇ. ਨੂੰ ਪੂਰੇ ਚੈਨਲ ਵਿੱਚ ਪਰਵਾਸੀਆਂ ਦੇ ਪ੍ਰਵਾਹ ਵਿੱਚ ਵਾਧੇ ਦਾ ਸਾਹਮਣਾ ਕਰਨਾ ਪਿਆ ਹੈ, ਜਦੋਂ ਕਿ ਅਮਰੀਕਾ ਅਤੇ ਆਸਟਰੇਲੀਆ ਹਾਲ ਹੀ ਦੇ ਸਾਲਾਂ ਵਿੱਚ ਪਸੰਦੀਦਾ ਸਥਾਨ ਬਣ ਗਏ ਹਨ।

ਲੋਕ ਆਪਣੀਆਂ ਜਾਨਾਂ ਨੂੰ ਜੋਖਮ ਵਿੱਚ ਪਾਉਣ ਦੀ ਚੋਣ ਕਿਉਂ ਕਰ ਰਹੇ ਹਨ? ਅਤੇ ਮਨੁੱਖੀ ਤਸਕਰੀ ਤੋਂ ਕਿਸ ਨੂੰ ਫਾਇਦਾ ਹੋ ਰਿਹਾ ਹੈ? ਸਮੱਸਿਆ ਦੇ ਦੋ ਹਿੱਸੇ ਹਨ। ਸਭ ਤੋਂ ਪਹਿਲਾਂ, ਯਾਤਰਾ ਦੀ ਕੋਸ਼ਿਸ਼ ਕਰਨ ਵਾਲੇ ਪਰਵਾਸੀਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ, ਜਿਵੇਂ ਕਿ ਸਰੋਤ ਦੇਸ਼ਾਂ ਦੇ ਵਧ ਰਹੇ ਅੰਕੜਿਆਂ ਵਿੱਚ ਦੇਖਿਆ ਗਿਆ ਹੈ। ਮਿਸਾਲ ਵਜੋਂ ਇਟਲੀ ਵਿੱਚ ਪਰਵਾਸੀਆਂ ਦੀ ਗਿਣਤੀ ਸਿਰਫ ਇੱਕ ਸਾਲ ਵਿੱਚ ਲਗਭਗ ਦੁੱਗਣੀ ਹੋ ਗਈ ਹੈ- 50,000 ਤੋਂ 80,000 ਤੱਕ। ਸੰਯੁਕਤ ਰਾਸ਼ਟਰ ਆਫਿਸ ਆਨ ਡਰੱਗਜ਼ ਐਂਡ ਕ੍ਰਾਈਮ (UNODC) ਅਤੇ ਯੂਰਪੀਅਨ ਯੂਨੀਅਨ (EU) ਦੁਆਰਾ 2023 ਦੇ ਇੱਕ ਅਧਿਐਨ ਵਿੱਚ ਪਾਇਆ ਗਿਆ ਕਿ ਪਿਛਲੇ ਤਿੰਨ ਸਾਲਾਂ ਵਿੱਚ 24,000 ਪਾਕਿਸਤਾਨੀ ਗੈਰ-ਕਾਨੂੰਨੀ ਢੰਗ ਨਾਲ ਯੂਰਪੀ ਸੰਘ ਦੇ ਦੇਸ਼ਾਂ ਵਿੱਚ ਦਾਖਲ ਹੋਏ। ਪਾਕਿਸਤਾਨ ਹੁਣ ਪਰਵਾਸੀਆਂ ਨੂੰ ਯੂਰਪ ਭੇਜਣ ਵਾਲੇ ਦੇਸ਼ਾਂ ਵਿੱਚ ਪੰਜਵੇਂ ਸਥਾਨ 'ਤੇ ਹੈ; ਖਾਸ ਤੌਰ 'ਤੇ 2022 ਵਿੱਚ ਚਿੰਤਾਜਨਕ 280 ਪ੍ਰਤੀਸ਼ਤ ਦੇ ਵਾਧੇ ਨਾਲ।

ਸਮੱਗਲਿੰਗ ਦੀ ਸਮੁੱਚੀ ਕਾਰਵਾਈ ਦਾ ਇੱਕ ਵਿਸ਼ਾਲ ਵਿੱਤੀ ਪਹਿਲੂ ਵੀ ਹੈ। ਯੂਰਪ ਵਿੱਚ ਉਤਰਨ ਲਈ ਮਿਆਰੀ 'ਦਰ' ਕਥਿਤ ਤੌਰ 'ਤੇ 11,926 ਡਾਲਰ (ਪਾਕਿਸਤਾਨੀ ਰੁਪਏ 3.3 ਮਿਲੀਅਨ ਦੇ ਬਰਾਬਰ) ਹੈ। ਯਾਤਰਾ ਕਰਨ ਵਾਲੇ 24,000 ਪਾਕਿਸਤਾਨੀਆਂ ਲਈ, ਇਹ ਉੱਦਮ ਦੀ ਕੀਮਤ 80 ਬਿਲੀਅਨ ਰੁਪਏ ਬਣਦੀ ਹੈ। ਇਹ ਫੀਸ ਸਿਰਫ ਆਵਾਜਾਈ ਨੂੰ ਕਵਰ ਕਰਦੀ ਹੈ- ਤਸਕਰ ਕਿਸੇ ਰੁਜ਼ਗਾਰ ਜਾਂ ਬੰਦੋਬਸਤ ਦੀ ਗਾਰੰਟੀ ਨਹੀਂ ਦਿੰਦੇ ਹਨ; ਉਹ ਸਿਰਫ਼ ਸਫ਼ਰ ਦੀ ਜ਼ਿੰਮੇਵਾਰੀ ਲੈਂਦੇ ਹਨ। ਇੰਨੀ ਵੱਡੀ ਰਕਮ ਸ਼ਾਮਲ ਹੋਣ ਦੇ ਨਾਲ, ਇਹ ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਤਸਕਰੀ ਦੇ ਵਪਾਰ ਵਿੱਚ ਵਧੇਰੇ ਖਿਡਾਰੀ ਖਿੱਚੇ ਜਾ ਰਹੇ ਹਨ।

ਦੂਸਰੀ ਵੱਡੀ ਚਿੰਤਾ ਉੱਤਰੀ ਅਫ਼ਰੀਕੀ ਤੱਟ ਤੋਂ ਖ਼ਤਰਨਾਕ ਸਮੁੰਦਰੀ ਮਾਰਗਾਂ 'ਤੇ ਵਧ ਰਹੀ ਨਿਰਭਰਤਾ ਹੈ। ਉਸੇ UNODC-EU ਅਧਿਐਨ ਨੇ ਪਾਇਆ ਕਿ ਲਗਭਗ ਅੱਧੇ ਪਰਵਾਸੀਆਂ ਦੀ ਤਸਕਰੀ ਪੂਰਬੀ ਅਤੇ ਮੱਧ ਭੂਮੱਧ ਸਾਗਰ ਮਾਰਗਾਂ ਰਾਹੀਂ ਕੀਤੀ ਗਈ ਸੀ। ਸਾਲ 2024 ਵਿੱਚ ਮੈਡੀਟੇਰੀਅਨ ਵਿੱਚ ਜਾਨ-ਮਾਲ ਦਾ ਵਿਨਾਸ਼ਕਾਰੀ ਨੁਕਸਾਨ ਹੋਇਆ, ਜਿਸ ਵਿੱਚ 2,200 ਤੋਂ ਵੱਧ ਲੋਕ ਜਾਂ ਤਾਂ ਮਾਰੇ ਗਏ ਜਾਂ ਲਾਪਤਾ ਹੋਏ- ਉਨ੍ਹਾਂ ਵਿੱਚੋਂ ਲਗਭਗ 1,700 ਸਿਰਫ਼ ਕੇਂਦਰੀ ਭੂਮੱਧ ਸਾਗਰ ਮਾਰਗ ਉੱਤੇ। ਰਿਪੋਰਟਾਂ ਅਨੁਸਾਰ ਪਾਕਿਸਤਾਨ ਇਨ੍ਹਾਂ ਸਮੁੰਦਰੀ ਕੋਸ਼ਿਸ਼ਾਂ ਵਿੱਚ ਪੰਜਵਾਂ ਸਭ ਤੋਂ ਵੱਡਾ ਯੋਗਦਾਨ ਪਾਉਣ ਵਾਲਾ ਦੇਸ਼ ਹੈ।

ਪਰਵਾਸੀ ਤਸਕਰੀ ਨੂੰ ਪੁੱਲ-ਪੁਸ਼ ਢਾਂਚੇ ਦੇ ਅੰਤਰਗਤ ਸਮਝਿਆ ਜਾਣਾ ਚਾਹੀਦਾ ਹੈ। ਪੁੱਲ ਕਾਰਕ ਉਹ ਸ਼ਕਤੀਆਂ ਹਨ, ਜੋ ਲੋਕਾਂ ਨੂੰ ਹਰੀਆਂ-ਭਰੀਆਂ ਚਰਗਾਹਾਂ (ਆਰਥਿਕ ਖ਼ੁਸ਼ਹਾਲੀ) ਵੱਲ ਆਕਰਸ਼ਿਤ ਕਰਦੀਆਂ ਹਨ- ਬਿਹਤਰ ਮੌਕੇ ਅਕਸਰ ਅਮੀਰ ਦੇਸ਼ਾਂ ਵਿੱਚ ਸਮਝੇ ਜਾਂਦੇ ਹਨ; ਜਦੋਂ ਕਿ ਧੱਕਾ ਕਾਰਕ ਉਹ ਸਥਿਤੀਆਂ ਹਨ, ਜੋ ਵਿਅਕਤੀਆਂ ਨੂੰ ਉਨ੍ਹਾਂ ਦੇ ਘਰੇਲੂ ਦੇਸ਼ਾਂ ਤੋਂ ਭੱਜਣ ਲਈ ਪ੍ਰੇਰਿਤ ਕਰਦੀਆਂ ਹਨ। ਇਸ ਸੰਦਰਭ ਵਿੱਚ ਖਿੱਚ ਅਤੇ ਧੱਕਣ ਦੇ ਕਾਰਕਾਂ ਨੂੰ ਪਰਵਾਸੀ ਤਸਕਰੀ ਦੇ ਮੰਗ ਤੇ ਸਪਲਾਈ ਪੱਖਾਂ ਵਜੋਂ ਵੀ ਸਮਝਿਆ ਜਾ ਸਕਦਾ ਹੈ। ਪੁੱਲ ਕਾਰਕ ਤਸਕਰੀ ਸੇਵਾਵਾਂ ਦੀ ਮੰਗ ਨੂੰ ਵਧਾਉਂਦੇ ਹਨ, ਜਦੋਂ ਕਿ ਪੁਸ਼ ਕਾਰਕ ਸਪਲਾਈ ਨੂੰ ਆਕਾਰ ਦਿੰਦੇ ਹਨ, ਦੋਵੇਂ ਪਰਵਾਸ ਦੀ ਗਤੀਸ਼ੀਲਤਾ ਨੂੰ ਨਿਰਧਾਰਤ ਕਰਦੇ ਹਨ।

ਖਿੱਚਣ ਵਾਲੇ ਪਾਸੇ, ਯੂਰਪ ਅਤੇ ਘਰੇਲੂ ਦੇਸ਼ਾਂ ਵਿਚਕਾਰ ਕਮਾਈ ਵਿੱਚ ਬਿਲਕੁਲ ਅੰਤਰ ਬਹੁਤ ਸਾਰੇ ਲੋਕਾਂ ਨੂੰ ਨਾਗਰਿਕਤਾ ਦੇ ਪੱਕੇ ਮਾਰਗ ਦੇ ਲਾਲਚ ਦੇ ਨਾਲ-ਨਾਲ ਖਿੱਚਦਾ ਹੈ; ਚਾਹੇ ਕੋਈ ਕਿਵੇਂ ਪਹੁੰਚ ਜਾਵੇ। ਯੂਰਪੀਅਨ ਦੇਸ਼ਾਂ ਵਿੱਚ ਉਦਾਰ ਮਨੁੱਖੀ ਅਧਿਕਾਰ ਨੀਤੀਆਂ ਪਰਵਾਸੀਆਂ ਨੂੰ ਹੋਰ ਵੀ ਆਕਰਸ਼ਿਤ ਕਰਦੀਆਂ ਹਨ। ਮੁਸ਼ਕਲਾਂ ਦੇ ਬਾਵਜੂਦ ਸਫ਼ਲਤਾ ਦੀਆਂ ਕਹਾਣੀਆਂ ਹੋਰ ਅਭਿਲਾਸ਼ਾਵਾਂ ਨੂੰ ਵਧਾਉਂਦੀਆਂ ਹਨ, ਜਦੋਂ ਕਿ ਜੀ.ਟੀ. ਰੋਡ ਦੇ ਨਾਲ ਰਿਸ਼ਤੇਦਾਰੀ ਲਿੰਕ ਪਰਵਾਸੀਆਂ ਲਈ ਸੁਰੱਖਿਆ ਦੀ ਭਾਵਨਾ ਨੂੰ ਯਕੀਨੀ ਬਣਾਉਂਦੇ ਹਨ, ਜਦੋਂ ਉਹ ਆਪਣੀਆਂ ਮੰਜ਼ਿਲਾਂ 'ਤੇ ਪਹੁੰਚਦੇ ਹਨ।

ਧੱਕੇ ਵਾਲੇ ਪਾਸੇ, ਜੀ.ਟੀ. ਰੋਡ ਦੇ ਨਾਲ-ਨਾਲ ਜ਼ਿਲ੍ਹਿਆਂ ਵਿੱਚ ਸਮਾਜਿਕ-ਆਰਥਿਕ ਮੁਕਾਬਲਾ ਸਥਾਨਕ ਤਣਾਅ ਨੂੰ ਵਧਾ ਦਿੰਦਾ ਹੈ, ਜੋ ਬਹੁਤ ਸਾਰੇ ਲੋਕਾਂ ਨੂੰ ਬਾਹਰ ਦਾ ਰਸਤਾ ਲੱਭਣ ਲਈ ਪ੍ਰੇਰਿਤ ਕਰਦਾ ਹੈ। ਇਹ ਪੂਰਬੀ ਅਤੇ ਕੇਂਦਰੀ ਮੈਡੀਟੇਰੀਅਨ ਮਾਰਗਾਂ ਵਰਗੇ ਨਵੇਂ ਸਮੁੰਦਰੀ ਮਾਰਗਾਂ ਅਤੇ ਪੁਰਤਗਾਲ ਤੇ ਰੋਮਾਨੀਆ ਵਰਗੀਆਂ ਨਵੀਆਂ ਮੰਜ਼ਿਲਾਂ ਦੇ ਉਭਾਰ ਦੇ ਨਾਲ, ਤਸਕਰੀ ਦੇ ਨੈੱਟਵਰਕਾਂ ਦੀ ਵਧਦੀ ਕੁਸ਼ਲਤਾ ਦੁਆਰਾ ਵਧਿਆ ਹੋਇਆ ਹੈ। ਸੰਯੁਕਤ ਅਰਬ ਅਮੀਰਾਤ, ਮਿਸਰ ਅਤੇ ਮੋਰੋਕੋ ਵਰਗੇ ਦੇਸ਼ਾਂ ਵਿੱਚ ਟ੍ਰਾਂਜ਼ਿਟ ਪੁਆਇੰਟਾਂ ਤੱਕ ਪਹੁੰਚ ਦੀ ਸੌਖ ਇਨ੍ਹਾਂ ਰੂਟਾਂ ਨੂੰ ਹੋਰ ਵੀ ਆਕਰਸ਼ਕ ਬਣਾਉਂਦੀ ਹੈ। ਇਸ ਦੌਰਾਨ ਪਾਕਿਸਤਾਨ ਵਿੱਚ ਨੀਤੀਗਤ ਅਸਪਸ਼ਟਤਾ ਸਥਿਤੀ ਨੂੰ ਹੋਰ ਗੁੰਝਲਦਾਰ ਬਣਾ ਦਿੰਦੀ ਹੈ, ਜੋ ਛੱਡਣ ਲਈ ਬੇਤਾਬ ਲੋਕਾਂ ਲਈ ਕੋਈ ਸਪੱਸ਼ਟ ਹੱਲ ਪੇਸ਼ ਨਹੀਂ ਕਰਦੀ।

ਨਤੀਜੇ ਵਜੋਂ ਪਰਵਾਸੀ ਤੇਜ਼ੀ ਨਾਲ ਉੱਚ-ਜੋਖਮ ਵਾਲੇ, ਉੱਚ-ਇਨਾਮ ਸਮੁੰਦਰੀ ਮਾਰਗਾਂ ਵੱਲ ਮੁੜ ਰਹੇ ਹਨ, ਖਾਸ ਤੌਰ 'ਤੇ ਉੱਤਰੀ ਅਫ਼ਰੀਕੀ ਤੱਟ ਤੋਂ ਦੂਰ, ਜੋ ਇਟਲੀ ਅਤੇ ਸਪੇਨ ਲਈ ਸਭ ਤੋਂ ਘੱਟ ਦੂਰੀ ਦੀ ਪੇਸ਼ਕਸ਼ ਕਰਦੇ ਹਨ। ਸ਼ਰਨਾਰਥੀਆਂ ਅਤੇ ਪਰਵਾਸੀਆਂ ਵਿਚਕਾਰ ਰੇਖਾਵਾਂ ਧੁੰਦਲੀਆਂ ਹੋ ਰਹੀਆਂ ਹਨ, ਕਿਉਂਕਿ ਦੋਵੇਂ ਸਮੂਹ ਯੂਰਪ ਪਹੁੰਚਣ ਲਈ ਫੌਜਾਂ ਵਿੱਚ ਸ਼ਾਮਲ ਹੁੰਦੇ ਹਨ; ਇਟਲੀ ਅਤੇ ਸਪੇਨ ਪ੍ਰਾਇਮਰੀ ਮੰਜ਼ਿਲਾਂ ਵਜੋਂ ਉੱਭਰਦੇ ਹਨ। ਪਰਵਾਸ ਦੇ ਨਮੂਨੇ ਸਿਰਫ਼ ਕੁਝ ਜ਼ਿਲ੍ਹਿਆਂ- ਗੁਜਰਾਤ, ਮੰਡੀ ਬਹਾਉਦੀਨ, ਸਿਆਲਕੋਟ ਅਤੇ ਗੁਜਰਾਂਵਾਲਾ ਵਿੱਚ ਜੀ.ਟੀ. ਰੋਡ ਦੇ ਨਾਲ-ਨਾਲ ਕੇਂਦਰਿਤ ਹਨ, ਜਿੱਥੇ ਲੋਕ ਸਮੁੰਦਰ 'ਤੇ ਤ੍ਰਾਸਦੀ ਦੇ ਵਧ ਰਹੇ ਖਤਰੇ ਦੇ ਬਾਵਜੂਦ ਖਤਰਨਾਕ ਯਾਤਰਾ ਕਰਦੇ ਰਹਿੰਦੇ ਹਨ।

ਪਰਵਾਸੀਆਂ ਦੇ ਵਹਾਅ ਨੂੰ ਰੋਕਣ ਅਤੇ ਤਸਕਰੀ ਨੂੰ ਰੋਕਣ ਦੇ ਕਿਸੇ ਵੀ ਯਤਨ ਲਈ ਪਹਿਲਾਂ ਅੰਤਰੀਵ ਧੱਕਾ ਅਤੇ ਖਿੱਚ ਦੇ ਕਾਰਕਾਂ ਨੂੰ ਸਵੀਕਾਰ ਕਰਨਾ ਤੇ ਹੱਲ ਕਰਨਾ ਚਾਹੀਦਾ ਹੈ। ਸੰਭਾਵੀ ਹੱਲਾਂ ਦੀ ਪੜਚੋਲ ਕਰਨ ਤੋਂ ਪਹਿਲਾਂ ਇਹ ਦੇਖਣਾ ਹੋਵੇਗਾ ਕਿ ਕੀ ਕੀਤਾ ਗਿਆ ਹੈ ਅਤੇ ਇਹ ਕੰਮ ਕਿਉਂ ਨਹੀਂ ਹੋਇਆ ਹੈ? ਅਜਿਹਾ ਕਰਨ ਲਈ, ਸਾਨੂੰ ਪਰਵਾਸੀ ਤਸਕਰੀ ਦੇ ਆਲੇ-ਦੁਆਲੇ ਦੀਆਂ ਕੁਝ ਮਿੱਥਾਂ ਨੂੰ ਦੂਰ ਕਰਨਾ ਚਾਹੀਦਾ ਹੈ, ਕਿਉਂਕਿ ਇਹ ਗਲਤ ਧਾਰਨਾਵਾਂ ਅਕਸਰ ਪ੍ਰਭਾਵਸ਼ਾਲੀ ਨੀਤੀ ਤੇ ਕਾਰਵਾਈ ਵਿੱਚ ਰੁਕਾਵਟ ਪਾਉਂਦੀਆਂ ਹਨ, ਜੋ ਅਸਲ ਵਿੱਚ ਇੱਕ ਫਰਕ ਲਿਆ ਸਕਦੀਆਂ ਹਨ।

ਇੰਟਰਨੈਸ਼ਨਲ ਆਰਗੇਨਾਈਜ਼ੇਸ਼ਨ ਫਾਰ ਮਾਈਗ੍ਰੇਸ਼ਨ (IOM) ਦੀ ਇੱਕ ਤਾਜ਼ਾ ਰਿਪੋਰਟ, ਜੋ ਕਿ ਨੈਸ਼ਨਲ ਕਮਿਸ਼ਨ ਫਾਰ ਹਿਊਮਨ ਰਾਈਟਸ ਆਫ਼ ਪਾਕਿਸਤਾਨ (NCHR) ਦੁਆਰਾ ਚਲਾਈ ਗਈ ਹੈ, ਜਿਸ ਦਾ ਸਿਰਲੇਖ ਹੈ- 'ਖ਼ਤਰਨਾਕ ਸਫਰ: ਪਾਕਿਸਤਾਨ ਤੋਂ ਅਨਿਯਮਿਤ ਮਾਈਗ੍ਰੇਸ਼ਨ', ਫੈਸਲਾਬਾਦ ਸਮੇਤ ਇਨ੍ਹਾਂ ਪੰਜ ਜੀ.ਟੀ. ਰੋਡ ਜ਼ਿਲ੍ਹਿਆਂ ਬਾਰੇ ਮੁੱਖ ਸੂਝ ਜ਼ਾਹਰ ਕਰਦੀ ਹੈ। ਇਨ੍ਹਾਂ ਜ਼ਿਲ੍ਹਿਆਂ ਵਿੱਚ ਬੇਰੁਜ਼ਗਾਰੀ ਦੀ ਦਰ 2% ਤੋਂ ਘੱਟ ਹੈ ਅਤੇ ਬਹੁ-ਆਯਾਮੀ ਗਰੀਬੀ 20% ਤੋਂ ਘੱਟ ਹੈ; ਮੰਡੀ ਬਹਾਉਦੀਨ ਨੂੰ ਛੱਡ ਕੇ, ਜਿੱਥੇ ਇਹ 31% ਤੱਕ ਹੈ। ਇਸ ਲਈ ਮਸਲਾ ਗਰੀਬੀ ਦਾ ਨਹੀਂ, ਸਗੋਂ ਆਰਥਿਕ ਮੁਕਾਬਲਾ ਹੈ। ਲੋਕਾਂ ਨੂੰ ਸੀਮਤ ਸਾਧਨਾਂ ਅਤੇ ਮੌਕਿਆਂ ਲਈ ਭਿਆਨਕ ਮੁਕਾਬਲੇ ਦੁਆਰਾ ਬਾਹਰ ਕੱਢਿਆ ਜਾ ਰਿਹਾ ਹੈ, ਵਿਦੇਸ਼ਾਂ ਵਿੱਚ ਆਰਥਿਕ ਸੁੱਖ-ਸਹੂਲਤਾਂ ਦੀ ਭਾਲ ਵਿਚ। ਘਰੇਲੂ ਤਸਕਰੀ ਦੇ ਨੈੱਟਵਰਕ ਪਰਵਾਸ ਦੀ ਸਹੂਲਤ ਲਈ ਇਨ੍ਹਾਂ ਜ਼ਿਲ੍ਹਿਆਂ ਵਿੱਚ ਇਸ ਆਰਥਿਕ ਤਣਾਅ ਦਾ ਸ਼ੋਸ਼ਣ ਕਰਦੇ ਹਨ।

ਇਹ ਵਿਚਾਰ ਕਿ ਤਸਕਰੀ ਵਿੱਚ ਸ਼ਾਮਲ ਪਰਵਾਸੀ ਗਰੀਬ ਅਤੇ ਸ਼ਕਤੀਹੀਣ ਹਨ, ਇੱਕ ਹੋਰ ਗਲਤ ਧਾਰਨਾ ਹੈ। ਯੂਰਪ ਦੀ ਯਾਤਰਾ ਲਈ 12,000 ਡਾਲਰ (ਜਾਂ 3.2 ਮਿਲੀਅਨ ਰੁਪਏ) ਦਾ ਭੁਗਤਾਨ ਕਰਨ ਦੇ ਯੋਗ ਕੋਈ ਵੀ ਵਿਅਕਤੀ ਮੁਸ਼ਕਿਲ ਨਾਲ ਗਰੀਬ ਹੈ। ਜ਼ਿਆਦਾਤਰ ਪਰਵਾਸੀ ਕੀਮਤੀ ਸੰਪਤੀਆਂ ਦੀ ਵਿਕਰੀ ਦੁਆਰਾ ਤਸਕਰੀ ਲਈ ਵਿੱਤ ਦਿੰਦੇ ਹਨ। ਜੀ.ਟੀ. ਰੋਡ ਖੇਤਰ ਵਿੱਚ ਵਾਹੀਯੋਗ ਜ਼ਮੀਨ ਦਾ ਵਪਾਰੀਕਰਨ ਹੋ ਰਿਹਾ ਹੈ, ਜਿਸ ਨਾਲ ਪ੍ਰਤੀ ਏਕੜ ਲੱਖਾਂ ਰੁਪਏ ਕਮਾਏ ਜਾ ਰਹੇ ਹਨ। ਇੱਥੋਂ ਤੱਕ ਕਿ ਕੁਝ ਖੇਤਰਾਂ ਵਿੱਚ ਸਭ ਤੋਂ ਬੁਨਿਆਦੀ ਖੇਤੀ ਵਾਲੀ ਜ਼ਮੀਨ ਵੀ ਲਗਭਗ 70 ਲੱਖ ਰੁਪਏ ਪ੍ਰਤੀ ਏਕੜ ਵਿੱਚ ਵਿਕ ਸਕਦੀ ਹੈ। ਇਹ ਰਕਮ ਦੋ ਲੋਕਾਂ ਨੂੰ ਯੂਰਪ ਭੇਜਣ ਲਈ ਕਾਫੀ ਹੈ। ਇਹ ਇੱਕ ਆਮ ਵਰਤਾਰਾ ਹੈ: ਇੱਕ ਏਕੜ ਜ਼ਮੀਨ ਵੇਚ ਕੇ ਦੋ ਪੁੱਤਰਾਂ ਨੂੰ ਵਿਦੇਸ਼ ਭੇਜਣਾ। ਜਿੰਨਾ ਚਿਰ ਜ਼ਮੀਨ ਉਪਲਬਧ ਰਹਿੰਦੀ ਹੈ, ਯੂਰਪ ਵੱਲ ਆਊਟਫਲੋਅ ਜਾਰੀ ਰਹੇਗਾ।

ਇਹ ਦਿਲਚਸਪ ਹੈ ਕਿ ਸੰਭਾਵੀ ਪਰਵਾਸੀਆਂ ਤੋਂ ਜ਼ਮੀਨ ਕੌਣ ਖਰੀਦ ਰਿਹਾ ਹੈ? ਕਿਉਂਕਿ ਬਾਹਰਲੇ ਲੋਕਾਂ ਲਈ ਖੇਤੀਬਾੜੀ ਵਾਲੀ ਜ਼ਮੀਨ ਖਰੀਦਣਾ ਲਗਭਗ ਅਸੰਭਵ ਹੈ, ਖਰੀਦਦਾਰ ਅਕਸਰ ਯੂਰਪ ਵਿੱਚ ਪਹਿਲਾਂ ਤੋਂ ਹੀ ਵਸੇ ਹੋਏ ਪਰਵਾਸੀਆਂ ਦੇ ਪਰਿਵਾਰ ਹੁੰਦੇ ਹਨ, ਜੋ ਜੀ.ਟੀ. ਰੋਡ ਪਿੰਡਾਂ ਦੇ ਨਵੇਂ ਅਮੀਰ ਅਤੇ ਦੂਜਿਆਂ ਲਈ ਰੋਲ ਮਾਡਲ ਬਣ ਗਏ ਹਨ। ਇਸ ਪਰਵਾਸ ਦੇ ਪਿੱਛੇ ਅਸਲ ਚਾਲਕ ਸ਼ਕਤੀ ਮੁਕਾਬਲਾ ਹੈ- ਈਰਖਾ ਅਤੇ ਈਰਖਾ ਦੁਆਰਾ ਪ੍ਰੇਰਿਤ ਇੱਕ ਦੌੜ। ਪਿੱਛੇ ਰਹਿ ਗਏ ਲੋਕ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਦੀ ਜ਼ਿੰਦਗੀ ਤੁਲਨਾ ਵਿੱਚ ਤਰਸਯੋਗ ਹੈ ਅਤੇ ਉਹ ਆਪਣੇ ਗੁਆਂਢੀਆਂ ਨਾਲ ਤਾਲਮੇਲ ਰੱਖਣ ਲਈ ਕਿਸੇ ਵੀ ਹੱਦ ਤੱਕ ਚਲੇ ਜਾਣਗੇ।

ਇਹ ਨੋਟ ਕਰਨਾ ਵੀ ਮਹੱਤਵਪੂਰਨ ਹੈ ਕਿ ਪਰਵਾਸੀ ਤਸਕਰਾਂ ਨੂੰ ਗ੍ਰਿਫਤਾਰੀਆਂ ਅਤੇ ਮੁਕੱਦਮਾ ਚਲਾਉਣ ਨਾਲ ਰੋਕਿਆ ਜਾਵੇਗਾ, ਬੇਬੁਨਿਆਦ ਹੈ। ਹਰ ਕਿਸ਼ਤੀ ਦੁਖਾਂਤ ਤੋਂ ਬਾਅਦ ਸਖ਼ਤ ਸਜ਼ਾਵਾਂ ਦੇ ਐਲਾਨਾਂ ਦੇ ਨਾਲ, ਜੀ.ਟੀ. ਰੋਡ ਦੇ ਪਾਰ ਗ੍ਰਿਫਤਾਰੀਆਂ ਦਾ ਇੱਕ ਹੜਕੰਪ ਮੱਚ ਜਾਂਦਾ ਹੈ। ਸੈਂਕੜੇ ਲੋਕ ਫੜੇ ਗਏ ਹਨ- ਕੁਝ ਅਸਲ ਵਿੱਚ ਸ਼ਾਮਲ ਹਨ, ਦੂਸਰੇ ਇੰਨੇ ਜ਼ਿਆਦਾ ਨਹੀਂ; ਪਰ ਇਨ੍ਹਾਂ ਯਤਨਾਂ ਦੇ ਬਾਵਜੂਦ ਲਾਗੂ ਕਰਨਾ ਇੱਕ ਰੁਕਾਵਟ ਵਜੋਂ ਕੰਮ ਨਹੀਂ ਕਰਦਾ ਜਾਪਦਾ ਹੈ ਜਿਵੇਂ ਕਿ ਯੂਰਪੀਅਨ ਸਰਹੱਦੀ ਏਜੰਸੀ, ਫਰੰਟੈਕਸ ਦੁਆਰਾ ਰਿਪੋਰਟ ਕੀਤੇ ਗਏ ਅੰਕੜਿਆਂ ਦੁਆਰਾ ਪ੍ਰਮਾਣਿਤ ਹੈ।

ਹਰ ਘਟਨਾ ਤੋਂ ਬਾਅਦ ਵੱਡੇ ਪੱਧਰ 'ਤੇ ਗ੍ਰਿਫਤਾਰੀਆਂ ਦੇ ਬਾਵਜੂਦ ਇੱਕ ਤੋਂ ਬਾਅਦ ਇੱਕ ਵਾਰ-ਵਾਰ ਕਿਸ਼ਤੀ ਦੇ ਦੁਖਾਂਤ ਵਿੱਚ ਰੋਕਥਾਮ ਦੀ ਘਾਟ ਦਾ ਸਪੱਸ਼ਟ ਸਬੂਤ ਹੈ। ਇਸ ਦੇ ਦੋ ਮੁਢਲੇ ਕਾਰਨ ਹਨ: ਸਭ ਤੋਂ ਪਹਿਲਾਂ, ਮਨੁੱਖੀ ਤਸਕਰਾਂ ਵਿੱਚ ਦੁਹਰਾਈ ਬਹੁਤ ਘੱਟ ਹੈ, ਭਾਵ ਨਵੇਂ ਅਪਰਾਧੀ ਲਗਾਤਾਰ ਮੁਨਾਫ਼ੇ ਦੇ ਵਪਾਰ ਵਿੱਚ ਦਾਖਲ ਹੁੰਦੇ ਹਨ। ਦੂਜਾ, ਜੇਲ੍ਹ ਵਿੱਚ ਬਿਤਾਇਆ ਗਿਆ ਸਮਾਂ ਬਹੁਤ ਘੱਟ ਹੁੰਦਾ ਹੈ, ਸ਼ਾਇਦ ਹੀ ਕੁਝ ਹਫ਼ਤਿਆਂ ਤੋਂ ਵੱਧ, ਜੋ ਸਮੱਗਲਰਾਂ ਨੂੰ ਰੋਕਣ ਵਿੱਚ ਬਹੁਤ ਘੱਟ ਕੰਮ ਕਰਦਾ ਹੈ; ਜਦੋਂ ਕਿ ਪ੍ਰਤੀ ਕੇਸ ਮੁਨਾਫਾ




⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

# ਪਰਵਾਸ: ਇੱਕ ਸੁਪਨੇ ਲਈ ਮਰ ਜਾਣ ਦੀ ਤ੍ਰਾਸਦੀ

ਮਾਰਜਿਨ ਲੱਖਾਂ ਤੱਕ ਪਹੁੰਚ ਸਕਦਾ ਹੈ। ਪਾਕਿਸਤਾਨ ਵਿੱਚ ਏਜੰਟਾਂ ਨੂੰ ਘੱਟ ਤੋਂ ਘੱਟ ਜੋਖਮ ਦਾ ਸਾਹਮਣਾ ਕਰਨਾ ਪੈਂਦਾ ਹੈ, ਕਿਉਂਕਿ ਉਨ੍ਹਾਂ ਦੀ ਭੂਮਿਕਾ ਉੱਤਰੀ ਅਫਰੀਕਾ ਵਿੱਚ ਹਮਰੁਤਬਾ ਨੂੰ ਰੈਫਰਲ ਕਰਨ ਤੱਕ ਸੀਮਿਤ ਹੈ।

ਖ਼ਤਰੇ ਦੀ ਧਮਕੀ ਅਤੇ ਮੌਤ ਦਾ ਖਤਰਾ ਪਰਵਾਸੀਆਂ ਨੂੰ ਨਿਰਾਸ਼ ਨਹੀਂ ਕਰਦਾ, ਜੋ ਸ਼ਾਇਦ ਸਭ ਤੋਂ ਦੁਖਦਾਈ ਮਿੱਥ ਹੈ। ਜੀ.ਟੀ. ਰੋਡ ਦੇ ਨਾਲ-ਨਾਲ ਰਹਿਣ ਵਾਲੇ ਲੋਕ ਖ਼ਤਰੇ ਤੋਂ ਭਲੀ-ਭਾਂਤ ਜਾਣੂ ਹਨ, ਪਿੰਡਾਂ ਵਿੱਚ ਮ੍ਰਿਤਕਾਂ ਦੀਆਂ ਲਾਸ਼ਾਂ ਦੇਖ ਕੇ, ਇਹ ਜਾਣਦੇ ਹੋਏ ਕਿ ਕਈ ਹੋਰ ਲਾਪਤਾ ਹਨ, ਫਿਰ ਵੀ ਉਹ ਪਰਵਾਸੀਆਂ ਦੇ ਨਿਰੰਤਰ ਵਹਾਅ ਤੋਂ ਪ੍ਰਮਾਣਿਤ ਹੁੰਦੇ ਹਨ, ਰੋਕਦੇ ਨਹੀਂ ਹਨ। ਇਹ ਵਿਸ਼ੇਸ਼ ਤੌਰ 'ਤੇ ਹੈਰਾਨੀਜਨਕ ਹੈ ਕਿ ਇਨ੍ਹਾਂ ਖੇਤਰਾਂ ਦੇ ਲੋਕ ਓਨੇ ਗਰੀਬ ਨਹੀਂ ਹਨ, ਜਿੰਨੇ ਅਕਸਰ ਸਮਝੇ ਜਾਂਦੇ ਹਨ, ਤੇ ਉਨ੍ਹਾਂ ਨੂੰ ਸਖ਼ਤ ਸਮਾਜਿਕ-ਆਰਥਿਕ ਮੁਕਾਬਲੇ ਦਾ ਸਾਹਮਣਾ ਕਰਨਾ ਪੈਂਦਾ ਹੈ।

ਸਵਾਲ ਹੈ, ਉਹ ਅਜਿਹੇ ਉੱਚ ਜੋਖਮ ਕਿਉਂ ਲੈਂਦੇ ਹਨ? ਅਸਲ ਵਿੱਚ ਸਫਲਤਾ ਦੀ ਦਰ ਮੁਕਾਬਲਤਨ ਉੱਚੀ ਰਹਿੰਦੀ ਹੈ, ਜੋ ਉਮੀਦ ਨੂੰ ਜ਼ਿੰਦਾ ਰੱਖਦੀ ਹੈ। ਇਸ ਤੋਂ ਇਲਾਵਾ ਵੱਡੇ ਪਰਿਵਾਰ ਦੇ ਆਕਾਰ, ਪਰਵਾਸ ਕਰਨ ਦੀ ਇੱਛਾ ਨੂੰ ਵਧਾਉਂਦੇ ਹਨ। ਕਈ ਪਰਿਵਾਰਾਂ ਦੇ ਚਾਰ ਜਾਂ ਪੰਜ ਪੁੱਤਰ ਹੁੰਦੇ ਹਨ, ਅਤੇ ਇਹ ਨੌਜਵਾਨ ਆਪਣੇ ਗੁਆਂਢੀਆਂ ਨੂੰ ਆਲੀਸ਼ਾਨ ਘਰ ਬਣਾਉਂਦੇ ਤੇ ਮਹਿੰਗੀਆਂ ਕਾਰਾਂ ਚਲਾਉਂਦੇ ਦੇਖ ਕੇ ਪਿੱਛੇ ਰਹਿ ਜਾਂਦੇ ਹਨ। ਪਹਿਲਾਂ ਹਵਾਲਾ ਦਿੱਤੀ ਗਈ ਆਈ.ਓ.ਐਮ. ਦੀ ਰਿਪੋਰਟ ਦੱਸਦੀ ਹੈ ਕਿ ਜੀ.ਟੀ. ਰੋਡ ਜ਼ਿਲ੍ਹਿਆਂ ਵਿੱਚ ਔਸਤ ਪਰਿਵਾਰ ਦਾ ਆਕਾਰ 6.5 ਹੈ, ਜੋ ਪਰਿਵਾਰਾਂ ਨੂੰ ਆਪਣੇ ਭਵਿੱਖ ਨੂੰ ਬਿਹਤਰ ਬਣਾਉਣ ਦੀ ਉਮੀਦ ਵਿੱਚ ਮੈਂਬਰਾਂ ਨੂੰ ਵਿਦੇਸ਼ ਭੇਜਣ ਦਾ ਜੋਖਮ ਉਠਾਉਣ ਲਈ ਕਾਫ਼ੀ ਥਾਂ ਪ੍ਰਦਾਨ ਕਰਦਾ ਹੈ।

ਪਾਕਿਸਤਾਨੀ ਸੈਨੇਟ ਵਿੱਚ ਪੇਸ਼ ਕੀਤੀ ਗਈ ਇੱਕ ਰਿਪੋਰਟ ਅਨੁਸਾਰ 2021 ਤੋਂ 2023 ਦਰਮਿਆਨ 154,000 ਪਾਕਿਸਤਾਨੀਆਂ ਨੂੰ ਦੇਸ਼ ਨਿਕਾਲਾ ਦਿੱਤਾ ਗਿਆ ਸੀ, ਜੋ ਜ਼ਿਆਦਾਤਰ ਖਾੜੀ ਦੇਸ਼ਾਂ ਅਤੇ ਤੁਰਕੀ ਤੋਂ ਸਨ। ਦੇਸ਼ ਨਿਕਾਲੇ, ਹਾਲਾਂਕਿ ਸਫ਼ਰ ਦੇ ਖ਼ਤਰਿਆਂ ਦੇ ਮੁਕਾਬਲੇ ਇੱਕ ਹਲਕੇ ਜੋਖਮ ਵਜੋਂ ਦੇਖਿਆ ਜਾਂਦਾ ਹੈ। ਅਖੌਤੀ ਸਬੂਤ ਸੁਝਾਅ ਦਿੰਦੇ ਹਨ ਕਿ ਦੇਸ਼ ਨਿਕਾਲੇ ਵਾਲੇ ਅਕਸਰ ਹੋਰ ਵੀ ਵੱਡੇ ਸੰਕਲਪ ਦੇ ਨਾਲ ਵਾਪਸ ਆਉਂਦੇ ਹਨ, ਦੁਬਾਰਾ ਕੋਸ਼ਿਸ਼ ਕਰਨ ਅਤੇ ਇਸਨੂੰ ਬਿਹਤਰ ਕਰਨ ਲਈ ਦ੍ਰਿੜ ਸੰਕਲਪ ਰੱਖਦੇ ਹਨ; ਅਰਥਿਕ ਸਰੋਤਾਂ ਦੀ ਝਲਕ ਪਾ ਕੇ।

ਹਰ ਦੁਖਾਂਤ ਜਾਂ ਦੇਸ਼ ਨਿਕਾਲੇ ਦੀ ਲਹਿਰ ਤੋਂ ਬਾਅਦ, ਇਹੀ ਸਵਾਲ ਮੁੜ ਉੱਭਰਦਾ ਹੈ ਕਿ ਇਹ ਪਰਵਾਸੀ ਪਾਕਿਸਤਾਨ ਛੱਡ ਕੇ ਕਿਵੇਂ ਆਏ? ਜਿਹੜੇ ਲੋਕ ਜ਼ਮੀਨੀ ਮਾਰਗਾਂ ਰਾਹੀਂ ਯਾਤਰਾ ਕਰਦੇ ਹਨ, ਉਨ੍ਹਾਂ ਦਾ ਕੋਈ ਅਧਿਕਾਰਤ ਰਿਕਾਰਡ ਨਹੀਂ ਹੈ, ਪਰ ਜਿਹੜੇ ਲੋਕ ਅਫ਼ਰੀਕਾ ਤੋਂ ਸਮੁੰਦਰੀ ਰਸਤੇ ਜਾਂ ਤੁਰਕੀ ਰਾਹੀਂ ਬਾਲਕਨ ਮਾਰਗ ਰਾਹੀਂ ਤਸਕਰੀ ਕਰਦੇ ਹਨ, ਉਹ ਲਗਭਗ ਹਮੇਸ਼ਾ ਹਵਾਈ ਮਾਰਗ ਰਾਹੀਂ ਪਾਕਿਸਤਾਨ ਤੋਂ ਬਾਹਰ ਨਿਕਲਦੇ ਹਨ। ਇਸ ਨਾਲ ਇਮੀਗ੍ਰੇਸ਼ਨ ਅਧਿਕਾਰੀਆਂ ਦੀ ਡੂੰਘਾਈ ਨਾਲ ਜਾਂਚ ਕੀਤੀ ਜਾਂਦੀ ਹੈ, ਜਿਨ੍ਹਾਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਕੁਝ ਤੇਜ਼ ਪ੍ਰੋਫਾਈਲਿੰਗ ਕਰਨਗੇ ਅਤੇ ਕੁਝ ਮਿੰਟਾਂ ਦੇ ਅੰਦਰ ਸੰਭਾਵੀ ਤਸਕਰੀ ਵਾਲੇ ਪਰਵਾਸੀਆਂ ਦੀ ਪਛਾਣ ਕਰਨਗੇ।

ਅਸਲ ਵਿੱਚ ਹਵਾਈ ਅੱਡੇ ਇੱਕ ਬੇਅਸਰ ਫਿਲਟਰ ਹਨ ਅਤੇ ਪ੍ਰੋਫਾਈਲਿੰਗ ਸਮੇਂ, ਜ਼ਰੂਰੀਅਤ ਅਤੇ ਸੰਵੇਦਨਸ਼ੀਲਤਾ ਦੀਆਂ ਕਮੀਆਂ ਦੇ ਕਾਰਨ ਮੁਸ਼ਕਿਲ ਨਾਲ ਕੰਮ ਕਰ ਸਕਦੀ ਹੈ। ਜ਼ਿਆਦਾਤਰ ਤਸਕਰੀ ਵਾਲੇ ਪਰਵਾਸੀ ਖਾੜੀ ਰਾਜਾਂ ਰਾਹੀਂ ਯਾਤਰਾ ਕਰਦੇ ਹਨ, 50 ਤੋਂ ਵੱਧ ਰੋਜ਼ਾਨਾ ਉਡਾਣਾਂ ਪਾਕਿਸਤਾਨ ਨੂੰ ਮੁੱਖ ਆਵਾਜਾਈ ਕੇਂਦਰਾਂ ਨਾਲ ਜੋੜਦੀਆਂ ਹਨ। ਬਹੁਤ ਜ਼ਿਆਦਾ ਪ੍ਰੋਫਾਈਲਿੰਗ ਜਾਇਜ਼ ਯਾਤਰੀਆਂ ਲਈ ਬੇਲੋੜੀਆਂ ਰੁਕਾਵਟਾਂ ਪੈਦਾ ਕਰੇਗੀ, ਜਦੋਂ ਕਿ ਤਸਕਰੀ ਨੂੰ ਰੋਕਣ ਲਈ ਬਹੁਤ ਘੱਟ ਕੰਮ ਕੀਤਾ ਜਾਵੇਗਾ। ਇਸ ਦੀ ਬਜਾਏ ਪਰਵਾਸੀ ਸਿਰਫ਼ ਧਾਰਮਿਕ ਤੀਰਥ ਯਾਤਰਾ ਦੀਆਂ ਉਡਾਣਾਂ ਵਿੱਚ ਤਬਦੀਲ ਹੋ ਸਕਦੇ ਹਨ, ਪਰ ਇੱਕ ਮਾਮੂਲੀ ਲਾਗਤ ਜੋੜਨਾ ਉਨ੍ਹਾਂ ਨੂੰ ਰੋਕਣ ਲਈ ਕਾਫ਼ੀ ਨਹੀਂ ਹੈ।

ਦੇਖਿਆ ਗਿਆ ਹੈ ਕਿ ਇਨਫੋਰਸਮੈਂਟ ਕੰਮ ਕਰਦੀ ਨਜ਼ਰ ਨਹੀਂ ਆ ਰਹੀ। ਬੇਤਰਤੀਬੀਆਂ ਗ੍ਰਿਫਤਾਰੀਆਂ ਅਤੇ ਮੁਕੱਦਮੇ ਪਿਛਲੇ ਤਿੰਨ ਸਾਲਾਂ ਵਿੱਚ ਬੇਅਸਰ ਸਾਬਤ ਹੋਏ ਹਨ। ਮੁਕੱਦਮਾ ਇਸ ਲਈ ਅਸਫਲ ਹੁੰਦਾ ਹੈ, ਕਿਉਂਕਿ ਕੇਸ ਸ਼ਿਕਾਇਤ-ਆਧਾਰਿਤ ਹੁੰਦੇ ਹਨ, ਸ਼ਿਕਾਇਤਕਰਤਾ ਮੁੱਖ ਤੌਰ 'ਤੇ ਸਜ਼ਾ ਨੂੰ ਸੁਰੱਖਿਅਤ ਕਰਨ ਦੀ ਬਜਾਏ ਆਪਣੇ ਪੈਸੇ ਦੀ ਵਸੂਲੀ ਕਰਨ ਵਿੱਚ ਦਿਲਚਸਪੀ ਰੱਖਦੇ ਹਨ। ਧੋਖਾਧੜੀ ਅਤੇ ਤਸਕਰੀ ਵਿਚਕਾਰ ਫਰਕ ਕਰਨਾ ਵੀ ਮਹੱਤਵਪੂਰਨ ਹੈ। ਹਵਾਈ ਅੱਡਿਆਂ 'ਤੇ ਵਧੀ ਹੋਈ ਪ੍ਰੋਫਾਈਲਿੰਗ ਵੀ ਕੰਮ ਨਹੀਂ ਕਰਦੀ; ਇਹ ਸਿਰਫ਼ ਜਾਇਜ਼ ਯਾਤਰੀਆਂ ਲਈ ਬੇਲੋੜੀਆਂ ਰੁਕਾਵਟਾਂ ਪੈਦਾ ਕਰਦਾ ਹੈ।

ਰੋਕਥਾਮ ਦੇ ਉਪਾਅ, ਜਿਵੇਂ ਕਿ ਜਾਗਰੂਕਤਾ ਮੁਹਿੰਮਾਂ ਅਤੇ ਜਨਤਕ ਸੇਵਾ ਸੰਦੇਸ਼ ਵੀ ਘੱਟ ਹਨ। ਕੋਈ ਵਿਅਕਤੀ ਜਿੰਨੇ ਚਾਹੇ ਪਰਵਾਸੀ ਸਰੋਤ ਕੇਂਦਰ ਸਥਾਪਤ ਕਰ ਸਕਦਾ ਹੈ, ਪਰ ਜੀ.ਟੀ. ਰੋਡ ਆਪਣੇ ਸਰੋਤਾਂ 'ਤੇ ਕੰਮ ਕਰਦਾ ਹੈ। ਜੀ.ਟੀ. ਰੋਡ ਦੇ ਨਾਲ-ਨਾਲ ਲੋਕ ਗੈਰ-ਕਾਨੂੰਨੀ ਪਰਵਾਸ ਦੇ ਖਤਰਿਆਂ ਤੋਂ ਚੰਗੀ ਤਰ੍ਹਾਂ ਜਾਣੂ ਹਨ, ਫਿਰ ਵੀ ਉਹ ਦ੍ਰਿੜ ਹਨ। ਇੱਥੋਂ ਤੱਕ ਕਿ ਡਿਪੋਰਟੀਆਂ ਲਈ ਪੁਨਰਵਾਸ ਪ੍ਰੋਗਰਾਮ ਵੀ ਅਸਫਲ ਹੋ ਜਾਂਦੇ ਹਨ, ਜਦੋਂ ਡਿਪੋਰਟ ਕੀਤੇ ਗਏ ਲੋਕਾਂ ਨੂੰ ਇਸ ਗੱਲ ਦਾ ਸਵਾਦ ਹੁੰਦਾ ਹੈ ਕਿ ਯੂਰਪ ਵਿੱਚ ਜੀਵਨ ਕਿਹੋ ਜਿਹਾ ਹੋ ਸਕਦਾ ਹੈ; ਤੇ ਏਜੰਟਾਂ ਦੁਆਰਾ ਉਨ੍ਹਾਂ ਦਾ ਪਿੱਛਾ ਕਰਨਾ ਜਾਰੀ ਰੱਖਿਆ ਜਾਂਦਾ ਹੈ।

ਯੂਰਪ ਲਈ ਕਾਨੂੰਨੀ ਪਰਵਾਸ ਮੁੱਖ ਤੌਰ 'ਤੇ ਵਿਦਿਆਰਥੀਆਂ ਅਤੇ ਕੁਝ ਪੇਸ਼ੇਵਰਾਂ ਤੱਕ ਸੀਮਤ ਹੈ, ਜਦੋਂ ਕਿ ਜ਼ਿਆਦਾਤਰ ਗੈਰ-ਕਾਨੂੰਨੀ ਪਰਵਾਸੀ ਆਪਣੇ ਹੁਨਰ ਨੂੰ ਅਪਗ੍ਰੇਡ ਕਰਨ ਤੋਂ ਬਾਅਦ ਵੇਟਰ, ਟੈਕਸੀ ਡਰਾਈਵਰ, ਜਾਂ ਕਰਿਆਨੇ ਵਰਗੀਆਂ ਗੈਰ-ਕੁਸ਼ਲ ਨੌਕਰੀਆਂ ਵਿੱਚ ਜਜ਼ਬ ਹੋ ਜਾਂਦੇ ਹਨ। ਅਰਧ-ਹੁਨਰਮੰਦ ਕਾਮਿਆਂ ਦੀ ਮੰਗ ਵਧ ਰਹੀ ਹੈ ਅਤੇ ਮੌਜੂਦਾ ਡਾਇਸਪੋਰਾ ਦੇ ਅਨੁਪਾਤ ਦੇ ਆਧਾਰ 'ਤੇ ਕਾਨੂੰਨੀ ਪਰਵਾਸ ਨੂੰ ਮੋੜਨ ਦੀ ਜ਼ਿੰਮੇਵਾਰੀ ਮੰਜ਼ਿਲ ਦੇਸ਼ਾਂ 'ਤੇ ਹੈ। ਇੱਕ ਖਿੱਚ ਦੇ ਕਾਰਕ ਵਜੋਂ ਰਿਸ਼ਤੇਦਾਰੀ-ਆਧਾਰਿਤ ਸਬੰਧਾਂ ਦੀ ਮਹੱਤਤਾ ਨੂੰ ਜ਼ਿਆਦਾ ਨਹੀਂ ਦੱਸਿਆ ਜਾ ਸਕਦਾ, ਕਿਉਂਕਿ ਪਰਵਾਸੀ ਅਕਸਰ ਉਨ੍ਹਾਂ ਪਰਿਵਾਰਕ ਮੈਂਬਰਾਂ 'ਤੇ ਨਿਰਭਰ ਕਰਦੇ ਹਨ, ਜੋ ਉਨ੍ਹਾਂ ਨੂੰ 'ਸੰਭਾਲ ਸਕਣ' ਲਈ ਤਿਆਰ ਹੁੰਦੇ ਹਨ। ਵਿੱਤੀ ਗਾਰੰਟੀ ਦੇ ਨਾਲ ਸਪਾਂਸਰਸ਼ਿਪ ਸਕੀਮਾਂ, ਪਰਵਾਸੀਆਂ ਨੂੰ ਸਪਾਂਸਰ ਵਜੋਂ ਆਪਣੇ ਰਿਸ਼ਤੇਦਾਰਾਂ ਨਾਲ ਕਾਨੂੰਨੀ ਰਾਹ ਅਪਣਾਉਣ ਲਈ ਉਤਸ਼ਾਹਿਤ ਕਰ ਸਕਦੀਆਂ ਹਨ। ਮਿਸਾਲ ਵਜੋਂ, ਕੈਨੇਡਾ ਅਜਿਹੇ ਪਰਵਾਸ ਨੂੰ ਉਤਸ਼ਾਹਿਤ ਕਰ ਰਿਹਾ ਹੈ, ਜੋ ਸ਼ਾਮਲ ਸਾਰੀਆਂ ਧਿਰਾਂ ਲਈ ਖੁਸ਼ਨੁਮਾ ਹੈ।

ਸਰੋਤ ਪੱਧਰ 'ਤੇ, ਫੋਕਸ ਗੈਰ-ਕਾਨੂੰਨੀ ਤੋਂ ਅਨਿਯਮਿਤ ਮਾਈਗ੍ਰੇਸ਼ਨ ਵੱਲ ਤਬਦੀਲ ਹੋਣਾ ਚਾਹੀਦਾ ਹੈ। ਯੂ.ਕੇ., ਆਸਟ੍ਰੇਲੀਆ ਅਤੇ ਜਾਪਾਨ ਵਰਗੇ ਦੇਸ਼ਾਂ ਨੇ ਅਜਿਹੇ ਮਾਡਲ ਲਾਗੂ ਕੀਤੇ ਹਨ, ਜਿੱਥੇ ਗੈਰ-ਕਾਨੂੰਨੀ ਪਰਵਾਸ ਨੂੰ ਅਨਿਯਮਿਤ ਪਰਵਾਸ ਵਿੱਚ ਤਬਦੀਲ ਕੀਤਾ ਜਾਂਦਾ ਹੈ। ਗੈਰ-ਰਵਾਇਤੀ ਹੋਣ ਦੇ ਬਾਵਜੂਦ ਇਸ ਪਹੁੰਚ ਨੇ ਇੱਕ ਪਰਿਵਰਤਨਸ਼ੀਲ ਮਾਰਗ ਦੀ ਪੇਸ਼ਕਸ਼ ਕਰਕੇ ਗੈਰ-ਕਾਨੂੰਨੀ ਪਰਵਾਸ ਨੂੰ ਘਟਾਉਣ ਵਿੱਚ ਸ਼ਾਨਦਾਰ ਨਤੀਜੇ ਦਿਖਾਏ ਹਨ।

ਨਿਵੇਸ਼-ਆਧਾਰਿਤ ਪਰਵਾਸ ਕਾਫ਼ੀ ਮੌਕੇ ਪੇਸ਼ ਕਰਦਾ ਹੈ। ਜ਼ਿਆਦਾਤਰ ਡਾਇਸਪੋਰਾ ਛੋਟੇ ਅਤੇ ਦਰਮਿਆਨੇ ਆਕਾਰ ਦੇ ਕਾਰੋਬਾਰਾਂ ਵਿੱਚ ਰੁੱਝੇ ਹੋਏ ਹਨ। ਜੀ.ਟੀ. ਰੋਡ, ਕਾਫ਼ੀ ਸੰਪਤੀਆਂ ਵਾਲਾ ਇੱਕ ਪ੍ਰਮੁੱਖ ਵਪਾਰਕ ਕੇਂਦਰ, ਅਜਿਹੇ ਨਿਵੇਸ਼ ਤੋਂ ਲਾਭ ਉਠਾ ਸਕਦਾ ਹੈ। ਬਹੁਤ ਸਾਰੇ ਯੂਰਪੀਅਨ ਦੇਸ਼ ਨਿਵੇਸ਼ ਦੇ ਮੌਕੇ ਪ੍ਰਦਾਨ ਕਰਦੇ ਹਨ, ਜੋ ਮਹਿੰਗੇ ਲੱਗ ਸਕਦੇ ਹਨ, ਪਰ ਪਰਵਾਸੀ ਆਮ ਤੌਰ 'ਤੇ ਜੋ ਭੁਗਤਾਨ ਕਰਦੇ ਹਨ, ਉਸ ਦੇ ਮੁਕਾਬਲੇ ਨਿਵੇਸ਼ ਬਹੁਤ ਜ਼ਿਆਦਾ ਟਿਕਾਊ ਹੈ ਅਤੇ ਲੰਬੇ ਸਮੇਂ ਵਿੱਚ ਵਧੇਰੇ ਲੋਕਾਂ ਨੂੰ ਜਜ਼ਬ ਕਰ ਸਕਦਾ ਹੈ। ਵਰਤਮਾਨ ਵਿੱਚ ਸਰਕਾਰ ਪੂੰਜੀ ਦੇ ਪ੍ਰਵਾਹ ਨੂੰ ਨਿਰਾਸ਼ ਕਰਦੀ ਹੈ, ਜੋ ਕਿ ਹੁੰਡੀ-ਹਵਾਲਾ ਵਰਗੇ ਗੈਰ-ਰਸਮੀ ਚੈਨਲਾਂ ਰਾਹੀਂ ਯੂ.ਏ.ਈ. ਤੱਕ ਪਹੁੰਚ ਜਾਂਦੀ ਹੈ। ਇਸ ਪੂੰਜੀ ਨੂੰ ਯੂਰਪ ਵਿੱਚ ਨਿਵੇਸ਼ ਕਰਨ ਦੀ ਇਜਾਜ਼ਤ ਕਿਉਂ ਨਹੀਂ ਦਿੱਤੀ ਜਾਂਦੀ, ਜੋ ਰੁਜ਼ਗਾਰ ਦੇ ਮੌਕੇ ਪੈਦਾ ਕਰਦੇ ਹਨ?

ਅੰਤ ਵਿੱਚ, ਹੁਨਰਾਂ ਦਾ ਪ੍ਰਮਾਣੀਕਰਨ ਅਤੇ ਮਾਨਕੀਕਰਨ ਇੱਕ ਅਧੂਰਾ ਸੁਪਨਾ ਰਿਹਾ ਹੈ। ਸਾਡੇ ਹੁਨਰ ਨੂੰ ਸਰਵ ਵਿਆਪਕ ਤੌਰ 'ਤੇ ਮਾਨਤਾ ਜਾਂ ਸਵੀਕਾਰ ਨਹੀਂ ਕੀਤਾ ਜਾਂਦਾ ਹੈ। ਮਿਸਾਲ ਵਜੋਂ ਬਹੁਤ ਸਾਰੇ ਪਾਕਿਸਤਾਨੀ ਵਿਦੇਸ਼ਾਂ ਵਿੱਚ ਸ਼ੈੱਫ, ਮਕੈਨਿਕ, ਨਾਈ ਅਤੇ ਵਪਾਰੀ ਵਜੋਂ ਕੰਮ ਕਰਦੇ ਹਨ, ਪਰ ਰਸਮੀ ਤੌਰ 'ਤੇ ਪ੍ਰਮਾਣਿਤ ਨਹੀਂ ਹਨ। ਨਰਸਿੰਗ ਇੱਕ ਉੱਚ-ਮੰਗ ਵਾਲਾ ਖੇਤਰ ਹੈ, ਜਿੱਥੇ ਸਪਲਾਈ ਨੂੰ ਪੂਰਾ ਕੀਤਾ ਜਾ ਸਕਦਾ ਹੈ, ਪਰ ਉੱਥੇ ਬਹੁਤ ਘੱਟ ਤਰੱਕੀ ਕੀਤੀ ਗਈ ਹੈ।

ਪੀੜਤਾਂ ਅਤੇ ਅਪਰਾਧੀਆਂ ਵਿੱਚ ਫਰਕ ਕਰਨ ਦੀ ਚੁਣੌਤੀ ਨੂੰ ਸੰਬੋਧਿਤ ਕੀਤਾ ਜਾਣਾ ਚਾਹੀਦਾ ਹੈ। ਵਰਤਮਾਨ ਵਿੱਚ ਕਾਨੂੰਨ 'ਤਸਕਰੀ ਕੀਤੇ ਪਰਵਾਸੀਆਂ ਦੇ ਗੈਰ-ਅਪਰਾਧੀਕਰਨ' ਨੂੰ ਯਕੀਨੀ ਬਣਾਉਂਦਾ ਹੈ। ਪਰ ਕੀ ਕਿਸੇ ਬਾਲਗ ਨੂੰ ਛੋਟ ਦੇਣਾ ਜਾਇਜ਼ ਹੈ, ਜੋ ਜਾਣ-ਬੁੱਝ ਕੇ ਗੈਰ-ਕਾਨੂੰਨੀ ਢੰਗ ਨਾਲ ਸਰਹੱਦ ਪਾਰ ਕਰਨ ਲਈ ਭੁਗਤਾਨ ਕਰਦਾ ਹੈ? ਇਸ ਦੇ ਨਾਲ ਹੀ, ਗੈਰ-ਕਾਨੂੰਨੀ ਸਰਹੱਦ ਪਾਰ ਕਰਨਾ ਅਤੇ ਜਾਅਲੀ ਦਸਤਾਵੇਜ਼ਾਂ ਦੀ ਵਰਤੋਂ ਕਾਨੂੰਨਾਂ ਤਹਿਤ ਅਪਰਾਧ ਬਣੇ ਹੋਏ ਹਨ। ਪਰਵਾਸੀਆਂ ਨੂੰ ਸਿੱਧੇ ਤੌਰ 'ਤੇ ਅਪਰਾਧਿਕ ਬਣਾਉਣ ਦੀ ਸਲਾਹ ਨਹੀਂ ਦਿੱਤੀ ਜਾਂਦੀ, ਕਿਉਂਕਿ ਇਹ ਉਨ੍ਹਾਂ ਨੂੰ ਸ਼ਿਕਾਇਤਾਂ ਦਰਜ ਕਰਨ ਤੋਂ ਨਿਰਾਸ਼ ਕਰੇਗਾ। ਵਾਰ-ਵਾਰ ਕੋਸ਼ਿਸ਼ਾਂ ਨੂੰ ਰੋਕਣ ਲਈ ਇੱਕ ਹੋਰ ਪ੍ਰਭਾਵੀ ਪਹੁੰਚ ਦੁਹਰਾਉਣ ਵਾਲੇ ਅਪਰਾਧੀਆਂ ਲਈ ਸਜ਼ਾ ਦੇ ਉਪਾਅ, ਜਿਵੇਂ ਕਿ ਲਾਜ਼ਮੀ ਜ਼ਮਾਨਤ ਜਾਂ ਡਿਪੋਰਟੀਆਂ ਲਈ ਹਾਜ਼ਰੀ ਦੀਆਂ ਜ਼ਰੂਰਤਾਂ ਨੂੰ ਲਾਗੂ ਕਰਨਾ ਹੋਵੇਗਾ। ਹਾਲਾਂਕਿ ਪਹਿਲੀ ਵਾਰ ਅਪਰਾਧੀ ਨੂੰ ਪੀੜਤ ਮੰਨਿਆ ਜਾ ਸਕਦਾ ਹੈ, ਵਾਰ-ਵਾਰ ਉਲੰਘਣਾ ਦੇ ਨਤੀਜੇ ਜ਼ਰੂਰ ਨਿਕਲਣੇ ਚਾਹੀਦੇ ਹਨ।

ਸੰਗਠਿਤ ਅਪਰਾਧ ਨੂੰ ਖਤਮ ਕਰਨ ਦੀ ਕੁੰਜੀ ਵਿੱਤ ਹੈ, ਜਦੋਂ ਕਿ ਕਾਨੂੰਨ ਸੰਗਠਿਤ ਅਪਰਾਧਿਕ ਸਮੂਹਾਂ (OCGs) ਨੂੰ ਪਰਿਭਾਸ਼ਿਤ ਕਰਦਾ ਹੈ, ਇਸ ਵਿੱਚ ਉਨ੍ਹਾਂ ਨਾਲ ਲੜਨ ਲਈ ਇੱਕ ਸਪੱਸ਼ਟ ਵਿਧੀ ਦੀ ਘਾਟ ਹੈ। ਸਮੱਗਲਿੰਗ ਸਿੰਡੀਕੇਟ ਸਾਲਾਨਾ ਅੰਦਾਜ਼ਨ 40-50 ਬਿਲੀਅਨ ਰੁਪਏ ਪੈਦਾ ਕਰਦੇ ਹਨ, ਜਿਸ ਵਿੱਚ ਨਕਦੀ ਜਾਇਦਾਦ ਵਿੱਚ ਲਾਂਡਰ ਕੀਤੀ ਜਾਂਦੀ ਹੈ ਜਾਂ ਟਰਾਂਜ਼ਿਟ ਨੈੱਟਵਰਕਾਂ ਰਾਹੀਂ ਵਿਦੇਸ਼ਾਂ ਵਿੱਚ ਤਬਦੀਲ ਕੀਤੀ ਜਾਂਦੀ ਹੈ। ਸ਼ਾਇਦ ਹੀ ਇਸ ਦੌਲਤ ਦਾ ਕੋਈ ਪਤਾ ਲਗਾਇਆ ਗਿਆ ਹੋਵੇ ਜਾਂ ਜ਼ਬਤ ਕੀਤਾ ਗਿਆ ਹੋਵੇ!

ਮਨੀ ਲਾਂਡਰਿੰਗ ਦੀਆਂ ਸਮਾਨਾਂਤਰ ਵਿੱਤੀ ਜਾਂਚਾਂ ਅਤੇ ਅਪਰਾਧ ਦੀ ਕਮਾਈ ਨੂੰ ਰੋਕਣਾ ਇੱਕ ਲੰਬੇ ਸਮੇਂ ਦਾ ਹੱਲ ਹੋ ਸਕਦਾ ਹੈ। ਮਨੁੱਖੀ ਤਸਕਰਾਂ ਨੂੰ ਉਦੋਂ ਹੀ ਰੋਕਿਆ ਜਾ ਸਕਦਾ ਹੈ, ਜਦੋਂ ਉਨ੍ਹਾਂ ਦੇ ਵਿੱਤੀ ਨੈਟਵਰਕ ਵਿੱਚ ਵਿਘਨ ਪੈਂਦਾ ਹੈ, ਅਤੇ ਮੁਕੱਦਮੇ ਤਾਂ ਹੀ ਪ੍ਰਭਾਵਸ਼ਾਲੀ ਹੋਣਗੇ ਜੇਕਰ ਸਪੱਸ਼ਟ ਵਿੱਤੀ ਸਬੂਤ ਤੇ ਪੈਸੇ ਦੇ ਟਰੇਲ ਦੁਆਰਾ ਸਮਰਥਨ ਕੀਤਾ ਜਾਵੇਗਾ।

ਪਰਵਾਸੀ ਤਸਕਰੀ ਇੱਕ ਸੰਗਠਿਤ ਅਪਰਾਧ ਹੈ, ਫਿਰ ਵੀ ਇਸਨੂੰ ਅਕਸਰ ਵਿਅਕਤੀਆਂ ਵਿਚਕਾਰ ਇੱਕ ਅਸਫਲ ਲੈਣ-ਦੇਣ ਮੰਨਿਆ ਜਾਂਦਾ ਹੈ। ਜਾਂਚ ਅਤੇ ਮੁਕੱਦਮੇ ਨੂੰ ਸ਼ਿਕਾਇਤਾਂ ਤੇ ਅਰਜ਼ੀਆਂ ਤੋਂ ਪਰੇ ਜਾਣਾ ਚਾਹੀਦਾ ਹੈ, ਅਪਰਾਧ ਸਿੰਡੀਕੇਟ ਨੂੰ ਖਤਮ ਕਰਨ ਦੀ ਬਜਾਏ ਧਿਆਨ ਕੇਂਦਰਤ ਕਰਨਾ ਚਾਹੀਦਾ ਹੈ। ਇੱਥੋਂ ਤੱਕ ਕਿ ਮੋਸਟ-ਵਾਂਟੇਡ ਮਨੁੱਖੀ ਤਸਕਰਾਂ ਦੀ ਰੈੱਡ ਬੁੱਕ ਸੂਚੀ ਵਰਗੇ ਉਪਾਵਾਂ ਨੇ ਵੀ ਮੁਸ਼ਕਿਲ ਨਾਲ ਰੋਕਿਆ ਹੈ। OCGs ਦੇ ਵਿਰੁੱਧ ਪ੍ਰਭਾਵੀ ਕਾਰਵਾਈ ਲਈ ਤਿੰਨ-ਪੱਧਰੀ ਪਹੁੰਚ ਦੀ ਲੋੜ ਹੁੰਦੀ ਹੈ: ਖੁਫੀਆ ਜਾਣਕਾਰੀ ਇਕੱਠੀ ਕਰਨਾ, ਨੈੱਟਵਰਕ ਵਿਸ਼ਲੇਸ਼ਣ ਅਤੇ ਜਾਣਕਾਰੀ ਸਾਂਝਾ ਕਰਨਾ। ਇਸ ਤੋਂ ਬਾਅਦ ਰੋਕਥਾਮ ਵਾਲੇ ਸਾਧਨ ਜਿਵੇਂ ਕਿ ਜ਼ਮਾਨਤ, ਸੂਚੀਕਰਨ, ਸੰਪਤੀ ਨੂੰ ਫ੍ਰੀਜ਼ ਕਰਨਾ, ਤੇ ਲਾਜ਼ਮੀ ਹਾਜ਼ਰੀ।

ਅੰਤਰਰਾਸ਼ਟਰੀ ਲਾਗੂਕਰਨ ਸਹਿਯੋਗ ਮਹੱਤਵਪੂਰਨ ਹੈ, ਪਰ ਇਸਦੀ ਘਾਟ ਹੈ। ਵਿਅਕਤੀਆਂ ਦੀ ਤਸਕਰੀ ਅਤੇ ਪਰਵਾਸੀਆਂ ਦੀ ਤਸਕਰੀ ਦੇ ਵਿਰੁੱਧ EU ਦੁਆਰਾ ਫੰਡ ਕੀਤੇ ਗਏ ਅਤੇ UNODC ਤੇ IOM ਦੁਆਰਾ ਲਾਗੂ ਕੀਤੇ ਗਏ 'ਗਲੋਬਲ ਐਕਸ਼ਨ' ਵਿੱਚ ਪਾਕਿਸਤਾਨ ਸ਼ਾਮਲ ਹੈ, ਪਰ ਸਿਰਫ ਸਮਰੱਥਾ ਨਿਰਮਾਣ ਤੇ ਜਾਗਰੂਕਤਾ ਮੁਹਿੰਮਾਂ ਵਰਗੇ ਨਰਮ ਉਪਾਵਾਂ 'ਤੇ ਕੇਂਦਰਿਤ ਹੈ। ਲਾਗੂਕਰਨ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਸਰੋਤ, ਆਵਾਜਾਈ, ਅਤੇ ਮੰਜ਼ਿਲ ਵਾਲੇ ਦੇਸ਼ਾਂ ਨੂੰ ਤਸਕਰੀ ਸਿੰਡੀਕੇਟਾਂ ਬਾਰੇ ਅਸਲ-ਸਮੇਂ ਦੀ ਜਾਣਕਾਰੀ ਸਾਂਝੀ ਕਰਨੀ ਚਾਹੀਦੀ ਹੈ। ਨਹੀਂ ਤਾਂ ਲਾਗੂਕਰਨ ਕਮਜ਼ੋਰ ਹੁੰਦਾ ਰਹੇਗਾ, ਅਤੇ ਦੋਸ਼ਾਂ ਦੀ ਖੇਡ ਜਾਰੀ ਰਹੇਗੀ।

ਇੱਕ ਤੋਂ ਬਾਅਦ ਇੱਕ ਕਿਸ਼ਤੀ ਦੀ ਤ੍ਰਾਸਦੀ ਲਾਗੂ ਕਰਨ ਦੀ ਪ੍ਰਭਾਵਸ਼ੀਲਤਾ ਅਤੇ ਪਰਵਾਸੀਆਂ ਨੂੰ ਆਪਣੀਆਂ ਜਾਨਾਂ ਨੂੰ ਜੋਖਮ ਵਿੱਚ ਪਾਉਣ ਲਈ ਪੂਰੀ ਤਰ੍ਹਾਂ ਨਿਰਾਸ਼ਾਜਨਕ ਸਵਾਲ ਉਠਾਉਂਦੀ ਹੈ। ਜਦੋਂ ਖ਼ਤਰੇ ਇੰਨੇ ਸੁਚੱਜੇ ਢੰਗ ਨਾਲ ਦਰਜ ਹਨ, ਤਾਂ ਉਹ ਭੀੜ-ਭੜੱਕੇ ਵਾਲੀਆਂ ਕਿਸ਼ਤੀਆਂ 'ਤੇ ਕਿਉਂ ਚੜ੍ਹਦੇ ਹਨ? ਅਤੇ ਸਪੱਸ਼ਟ ਜੋਖਮਾਂ ਅਤੇ ਕਰੈਕਡਾਊਨਾਂ ਦੇ ਬਾਵਜੂਦ ਤਸਕਰ ਉਨ੍ਹਾਂ ਨੂੰ ਓਵਰਲੋਡ ਕਿਉਂ ਕਰਦੇ ਹਨ?

ਇਸ ਦਾ ਜਵਾਬ ਇੱਕ ਗੰਭੀਰ ਚੱਕਰ ਵਿੱਚ ਪਿਆ ਹੈ: ਵਧੇ ਹੋਏ ਲਾਗੂਕਰਨ ਵਧੇ ਹੋਏ ਖ਼ਤਰੇ ਨਾਲ ਸਬੰਧਿਤ ਹਨ। ਤਸਕਰ ਪੈਸੇ ਲੈ ਕੇ ਡਿਲੀਵਰ ਕਰਨ ਲਈ ਦਬਾਅ ਹੇਠ ਹਨ- ਅਜਿਹਾ ਕਰਨ ਵਿੱਚ ਅਸਫਲ ਰਹਿਣ ਨਾਲ ਸ਼ਿਕਾਇਤਾਂ ਤੇ ਬਦਲਾ ਲਿਆ ਜਾਂਦਾ ਹੈ। ਇਸ ਦੌਰਾਨ ਗੈਰ-ਕਾਨੂੰਨੀ ਪਰਵਾਸ ਦੀ ਮੰਗ ਸੁਰੱਖਿਅਤ ਆਵਾਜਾਈ ਦੀ ਉਪਲਬਧ ਸਪਲਾਈ ਤੋਂ ਕਿਤੇ ਵੱਧ ਹੈ, ਖਾਸ ਕਰਕੇ ਮੈਡੀਟੇਰੀਅਨ ਪਾਰ ਕਰਨ ਵਾਲੀਆਂ ਗੁਣਵੱਤਾ ਵਾਲੀਆਂ ਕਿਸ਼ਤੀਆਂ। ਕਰੈਕਡਾਊਨ ਸਿਰਫ ਹਫੜਾ-ਦਫੜੀ ਵਿੱਚ ਵਾਧਾ ਕਰਦੇ ਹਨ। ਹਰ ਕੋਈ ਕਾਹਲੀ ਵਿੱਚ ਹੈ- ਸਰਕਾਰ, ਪਰਵਾਸੀ, ਤਸਕਰ ਅਤੇ ਕੋਰੀਅਰ; ਤੇ ਇਹ ਬੇਚੈਨ ਰਫ਼ਤਾਰ ਜਾਨਾਂ ਲੈ ਰਹੀ ਹੈ।

**ਪਰਵਾਸੀ ਤਸਕਰੀ ਦੇ ਮਿੱਥ:** ਪਹਿਲੀ ਧਾਰਨਾ ਇਹ ਹੈ ਕਿ ਗਰੀਬੀ ਕਾਰਨ ਪਰਵਾਸੀ ਤਸਕਰੀ ਵੱਧ ਰਹੀ ਹੈ। ਗੁਜਰਾਂਵਾਲਾ, ਸਿਆਲਕੋਟ, ਗੁਜਰਾਤ, ਮੰਡੀ ਬਹਾਉਦੀਨ ਅਤੇ ਜੇਹਲਮ ਨੂੰ ਸ਼ਾਮਲ ਕਰਨ ਵਾਲਾ, ਜ਼ਿਆਦਾਤਰ ਤਸਕਰੀ ਵਾਲੇ ਪਰਵਾਸੀਆਂ ਦੀ ਸਪਲਾਈ ਕਰਨ ਵਾਲਾ ਖੇਤਰ ਸਭ ਤੋਂ ਗਰੀਬ ਨਹੀਂ ਹੈ, ਸਗੋਂ ਪਾਕਿਸਤਾਨ ਦੇ ਕੁਝ ਅਮੀਰਾਂ ਦਾ ਘਰ ਹੈ। ਇਸ ਖੇਤਰ ਵਿੱਚ ਕਾਟੇਜ ਉਦਯੋਗਾਂ ਅਤੇ ਸਰਕਾਰੀ ਕਰਮਚਾਰੀਆਂ, ਵਕੀਲਾਂ, ਡਾਕਟਰਾਂ ਅਤੇ ਹੋਰ ਬਹੁਤ ਕੁਝ ਦੇ ਨਾਲ ਇੱਕ ਸੰਪੰਨ ਖੇਤੀਬਾੜੀ ਆਰਥਿਕਤਾ (ਜੇਹਲਮ ਨੂੰ ਛੱਡ ਕੇ) ਦਾ ਮਾਣ ਪ੍ਰਾਪਤ ਹੈ।

–0–


Hiring Local & Midwest Drivers and Dedicated Lanes & Owner Operators



NT corp

4800 Vernon Ave, Ste. C, McCook, IL 60525

Ph: 847-562-5860 ext. 1003

Fax: 847-897-2660

Premium Truck & Trailer Tires

We also provide installation services

ਅਸੀਂ ਇੰਸਟਾਲੇਸ਼ਨ ਸੇਵਾਵਾਂ ਵੀ ਪ੍ਰਦਾਨ ਕਰਦੇ ਹਾਂ



HT HAMPSHIRE TIRES

ਟਰੱਕਾਂ ਅਤੇ ਟਰਾਲਿਆਂ ਲਈ ਵਧੀਆ ਕਿਸਮ ਦੇ ਟਾਇਰ ਲੈਣ ਲਈ ਸੰਪਰਕ ਕਰੋ

*ਹੈਂਪਸ਼ਾਇਰ ਟਾਇਰਜ਼* *ਭਰੋਸੇਮੰਦ ਅਤੇ ਹੰਢਣਸਾਰ*

Hampshire Tires

235 Industrial Dr., Hampshire, IL 60140

Ph: 847-556-9996

Email: info@hampshiretires.com www.hampshiretires.com

# ਸਾਕਾ ਨਨਕਾਣਾ ਸਾਹਿਬ

## ਜ਼ਿੰਮੇਵਾਰ ਧਿਰਾਂ ਅਤੇ ਹਾਲਾਤ ਉੱਤੇ ਨਜ਼ਰਸਾਨੀ

**ਨਜ਼ਰੀਆ**

ਗੁਰਪ੍ਰੀਤ ਸਿੰਘ ਮੰਡਿਆਣੀ
ਫੋਨ: +91-8872664000



***ਕਿਸੇ ਕੌਮ ਦੇ ਇਤਿਹਾਸ ਨੇ ਕੌਮ ਦੇ ਸਾਹਮਣੇ ਇੱਕ ਅਜਿਹੀ ਮਿਸਲ ਵਾਗੂੰ ਪੇਸ਼ ਹੋਣਾ ਹੁੰਦਾ ਹੈ, ਜਿਸ ਨੂੰ ਵਾਚ ਕੇ ਕੌਮ ਨੇ ਆਪਣੀ ਹੋਣੀ ਦੀ ਵਿਉਂਤਬੰਦੀ ਘੜਨੀ ਹੁੰਦੀ ਹੈ। ਜੇ ਇਤਿਹਾਸਕਾਰੀ ਹੀ ਗਲਤ ਹੋਈ ਹੋਵੇ ਤਾਂ ਇਹ ਕੌਮ ਦੇ ਭਵਿੱਖ 'ਤੇ ਨਾਂਹ-ਪੱਖੀ ਅਸਰ ਪਾਏ ਬਿਨਾ ਨਹੀਂ ਰਹਿ ਸਕਦੀ। ਇੱਕ ਪਾਸੜ ਇਤਿਹਾਸਕਾਰੀ ਦੇ ਦੁਖਾਂਤ ਨੇ ਸਿੱਖ ਕੌਮ ਦੀ ਸੋਚ ਨੂੰ ਸਦੀਆਂ ਤੋਂ ਗ੍ਰਹਿਣ ਲਾਇਆ ਹੋਇਆ ਹੈ। ਇੰਜ ਹੀ 'ਸਾਕਾ ਨਨਕਾਣਾ ਸਾਹਿਬ' ਬਾਬਤ ਬੜਾ ਕੁਝ ਲਿਖਿਆ ਗਿਆ ਹੈ। ਇਹ ਸਾਕਾ ਵਾਪਰੇ ਨੂੰ ਇੱਕ ਸਦੀ ਅਤੇ 4 ਸਾਲ ਹੋ ਚੱਲੇ ਹਨ। ਹਥਲੇ ਲੰਮੇ ਲੇਖ ਵਿੱਚ ਇਸ ਸਾਕੇ ਲਈ ਜ਼ਿੰਮੇਵਾਰ ਧਿਰਾਂ ਜਾਂ ਹਾਲਾਤ ਨੂੰ ਪੜਚੋਲਣ ਜਾਂ ਨਜ਼ਰਸਾਨੀ ਕਰਨ ਦਾ ਯਤਨ ਕੀਤਾ ਗਿਆ ਹੈ। ਗਲਤ ਇਤਿਹਾਸਕਾਰੀ ਦੀ ਮਿਸਾਲ ਵਜੋਂ ਪੇਸ਼ ਹੈ ਇਹ ਲੇਖ... ਪ੍ਰਬੰਧਕੀ ਸੰਪਾਦਕ***

**1978 ਦਾ ਨਿਰੰਕਾਰੀ ਕਾਂਡ ਅਤੇ ਨਵੰਬਰ 1984 ਦੇ ਸਿੱਖ ਕਤਲੇਆਮ ਵਿੱਚ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਤੇ ਸਜ਼ਾ ਦਿਵਾਉਣ ਵਾਲੀ ਕਾਰਵਾਈ ਦੀ ਤੁਲਨਾ ਨਨਕਾਣਾ ਸਾਹਿਬ ਦੇ ਸਾਕੇ ਨਾਲ ਕੀਤੀ ਜਾਵੇ ਤਾਂ ਅੰਗਰੇਜ਼ ਸਰਕਾਰ ਕਿਤੇ ਵੱਧ ਇਨਸਾਫ ਪਸੰਦ ਜਾਪਦੀ ਹੈ।**

20 ਫਰਵਰੀ 1921 ਨੂੰ ਨਨਕਾਣਾ ਸਾਹਿਬ ਵਿੱਚ ਵਾਪਰੇ ਸ਼ਹੀਦੀ ਸਾਕੇ ਦੀ ਯਾਦ ਨੂੰ ਤਾਜ਼ਾ ਕਰਨ ਖਾਤਰ ਹਰ ਸਾਲ ਫਰਵਰੀ ਵਿੱਚ ਅਖਬਾਰਾਂ/ਰਸਾਲਿਆਂ ਵਿੱਚ ਲੇਖ ਛਾਪੇ ਜਾਂਦੇ ਹਨ। ਹਰ ਵਾਰ ਰਵਾਇਤੀ ਲੇਖ ਲਿਖਦਿਆਂ ਇਨ੍ਹਾਂ ਵਿੱਚ ਦੱਸਿਆ ਜਾਂਦਾ ਹੈ ਕਿ ਅੰਗਰੇਜ਼ਾਂ ਦੇ ਪਿੱਠੂ ਮਹੰਤ ਉਸ ਵੇਲੇ ਗੁਰਦੁਆਰਿਆਂ 'ਤੇ ਕਾਬਜ਼ ਸਨ ਤੇ ਅੰਗਰੇਜ਼ਾਂ ਦੀ ਸ਼ਹਿ ਨਾਲ ਹੀ ਉਨ੍ਹਾਂ ਨੇ ਲਗਭਗ ਡੇਢ ਸੌ ਸਿੱਖਾਂ ਨੂੰ ਇਸ ਦਿਨ ਕਤਲ ਕੀਤਾ। ਇਸਦੀ ਤਫਸੀਲ ਦੇਣ ਤੱਕ ਹੀ ਇਹ ਲੇਖ ਮਹਿਦੂਦ ਰਹਿੰਦੇ ਹਨ। ਇਸ ਸਾਕੇ ਨਾਲ ਸਬੰਧ ਰੱਖਦੇ ਹੋਰ ਬਹੁਤ ਸਾਰੇ ਸਵਾਲਾਂ ਨੂੰ ਇਨ੍ਹਾਂ ਲੇਖਾਂ ਵਿੱਚ ਛੇੜਿਆ ਹੀ ਨਹੀਂ ਜਾਂਦਾ। ਜਿਨ੍ਹਾਂ ਵਿੱਚ ਪ੍ਰਮੁੱਖ ਇਹ ਹਨ: ਮਹੰਤਾਂ ਤੋਂ ਪਹਿਲਾਂ ਗੁਰਦੁਆਰਿਆਂ 'ਤੇ ਕੌਣ ਕਾਬਜ਼ ਸੀ? ਇਸ ਕਤਲੇਆਮ ਬਾਬਤ ਫੌਜਦਾਰੀ ਕੇਸ ਦਾ ਕੀ ਬਣਿਆ? ਹਿੰਦੂਆਂ ਦੀ ਨੁਮਾਇੰਦਾ ਜਮਾਤਾਂ ਅਤੇ ਕਾਂਗਰਸ ਦਾ ਮਹੰਤਾਂ ਬਾਰੇ ਕੀ ਵਤੀਰਾ ਸੀ?

ਉਸ ਵੇਲੇ ਦੇ ਇਤਿਹਾਸ 'ਤੇ ਨਜ਼ਰ ਮਾਰਿਆਂ ਇਹ ਗੱਲ ਸਪੱਸ਼ਟ ਰੂਪ ਵਿੱਚ ਉਭਰ ਕੇ ਆਉਂਦੀ ਹੈ ਕਿ ਹਿੰਦੂਆਂ ਦੀ ਨੁਮਾਇੰਦਾ ਜਮਾਤ ਕਾਂਗਰਸ ਪਾਰਟੀ ਅਤੇ ਆਰੀਆ ਸਮਾਜ ਵਰਗੀਆਂ ਹੋਰ ਹਿੰਦੂ ਜੱਥੇਬੰਦੀਆਂ ਮਹੰਤਾਂ ਦੀ ਖੁੱਲ੍ਹੇਆਮ ਮਦਦ ਕਰਦੀਆਂ ਸਨ; ਜਦਕਿ ਅੰਗਰੇਜ਼ ਸਰਕਾਰ ਨੇ ਮਹੰਤਾਂ ਨੂੰ ਗੁਰਦੁਆਰਿਆਂ ਵਿੱਚੋਂ ਕੱਢਣ ਵਾਲੇ ਅਕਾਲੀਆਂ ਨੂੰ ਕੁਝ ਨਹੀਂ ਆਖਿਆ, ਹਾਲਾਂਕਿ ਮਹੰਤਾਂ ਨੇ ਸਰਕਾਰੇ-ਦਰਬਾਰੇ ਜਾ ਕੇ ਖੂਬ ਹਾਲ-ਪਾਰ੍ਹਿਆ ਕੀਤੀ। ਕਈ ਥਾਈਂ ਤਾਂ ਪੁਲਿਸ ਨੇ ਮਹੰਤਾਂ ਦੇ ਚੇਲਿਆਂ ਨੂੰ ਗੁਰਦੁਆਰਿਆਂ ਵਿੱਚੋਂ ਡੰਡੇ ਮਾਰ-ਮਾਰ ਬਾਹਰ ਕੱਢਿਆ ਅਤੇ ਉਨ੍ਹਾਂ ਦੀ ਹਮਾਇਤ ਵਿੱਚ ਆਏ ਹਜ਼ਾਰਾਂ ਹਿੰਦੂਆਂ 'ਤੇ ਵੀ ਡਾਂਗ ਫੇਰੀ।

ਨਨਕਾਣਾ ਸਾਹਿਬ ਦੇ ਕਤਲੇਆਮ ਦਾ ਮੌਕਾ ਦੇਖਣ ਲਈ ਪੰਜਾਬ ਦਾ ਗਵਰਨਰ ਖੁਦ ਪਹੁੰਚਿਆ ਅਤੇ ਉਸਨੇ ਸਿੱਖਾਂ ਨੂੰ ਇਨਸਾਫ ਦਾ ਭਰੋਸਾ ਦਿੱਤਾ। ਕਤਲੇਆਮ ਵਾਲੇ ਦਿਨ ਦੁਪਹਿਰ ਤਕ ਸ਼ੇਖੂਪੁਰੇ ਦਾ ਡੀ.ਸੀ. ਮੌਕੇ 'ਤੇ ਪੁੱਜਿਆ ਅਤੇ ਸ਼ਾਮ ਨੂੰ ਲਾਹੌਰ ਡਵੀਜ਼ਨ ਦਾ ਕਮਿਸ਼ਨਰ ਇੱਕ ਸਪੈਸ਼ਲ ਰੇਲ ਗੱਡੀ ਰਾਹੀਂ ਡੇਢ ਸੌ ਅੰਗਰੇਜ਼ ਸਿਪਾਹੀਆਂ ਨੂੰ ਲੈ ਕੇ ਨਨਕਾਣਾ ਸਾਹਿਬ ਅੱਪੜ ਗਿਆ ਸੀ। ਉਸੇ ਰਾਤ ਤੱਕ ਮਹੰਤ ਨਰੈਣ ਦਾਸ ਸਮੇਤ 26 ਪਠਾਣ ਗ੍ਰਿਫਤਾਰ ਕਰ ਲਏ ਗਏ।

5 ਅਪ੍ਰੈਲ 1921 ਨੂੰ ਇਸ ਕਤਲੇਆਮ ਦਾ ਮੁਕੱਦਮਾ ਸ਼ੁਰੂ ਹੋ ਗਿਆ। 12 ਅਕਤੂਬਰ 1921 ਨੂੰ ਸੈਸ਼ਨ ਕੋਰਟ ਨੇ ਮਹੰਤ ਨਰੈਣ ਦਾਸ ਅਤੇ ਉਸਦੇ 7 ਹੋਰ ਸਾਥੀਆਂ ਨੂੰ ਫਾਂਸੀ ਦੀ ਸਜ਼ਾ ਦਾ ਹੁਕਮ ਸੁਣਾਇਆ। ਅੱਠ ਨੂੰ ਉਮਰ ਕੈਦ ਅਤੇ 16 ਨੂੰ 7 ਸਾਲ ਸਖਤ ਸਜ਼ਾ ਦਿੱਤੀ ਗਈ।

ਮਹੰਤ ਵੱਲੋਂ ਇਸ ਫੈਸਲੇ ਦੇ ਖ਼ਿਲਾਫ਼ ਹਾਈਕੋਰਟ ਵਿੱਚ ਕੀਤੀ ਗਈ ਅਪੀਲ ਦਾ 3 ਮਾਰਚ 1922 ਨੂੰ ਫੈਸਲਾ ਹੋ ਗਿਆ। ਇਸ ਵਿੱਚ ਮਹੰਤ ਦੀ ਸਜ਼ਾ ਘਟਾ ਕੇ ਉਮਰ ਕੈਦ ਵਿੱਚ ਬਦਲ ਦਿੱਤੀ ਗਈ; ਜਦਕਿ ਤਿੰਨ ਜਣਿਆਂ- ਆਤਮਾ ਰਾਮ, ਰਾਂਝਾ ਅਤੇ ਰਿਹਾਣਾ ਦੀ ਫਾਂਸੀ ਬਰਕਰਾਰ ਰੱਖੀ ਗਈ। ਦੋ ਨੂੰ ਉਮਰ ਕੈਦ ਦਾ ਹੁਕਮ ਹੋਇਆ ਤੇ ਬਾਕੀ ਬਰੀ ਕਰ ਦਿੱਤੇ ਗਏ। 1978 ਦਾ ਨਿਰੰਕਾਰੀ ਕਾਂਡ ਅਤੇ ਨਵੰਬਰ 1984 ਦੇ ਸਿੱਖ ਕਤਲੇਆਮ ਵਿੱਚ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਤੇ ਸਜ਼ਾ ਦਿਵਾਉਣ ਵਾਲੀ ਕਾਰਵਾਈ ਦੀ ਤੁਲਨਾ ਨਨਕਾਣਾ ਸਾਹਿਬ ਦੇ ਸਾਕੇ ਨਾਲ ਕੀਤੀ ਜਾਵੇ ਤਾਂ ਅੰਗਰੇਜ਼ ਸਰਕਾਰ ਕਿਤੇ ਵੱਧ ਇਨਸਾਫ ਪਸੰਦ ਜਾਪਦੀ ਹੈ। ਨਨਕਾਣਾ ਸਾਹਿਬ ਵਿੱਚ ਹੋਏ ਸਿੱਖਾਂ ਦੇ ਕਾਤਲਾਂ ਨੂੰ ਉਸੇ ਦਿਨ ਗ੍ਰਿਫਤਾਰ ਕਰ ਲਿਆ ਗਿਆ। ਲਗਭਗ ਡੇਢ ਮਹੀਨੇ ਬਾਅਦ ਅਦਾਲਤ ਵਿੱਚ ਮੁਕੱਦਮਾ ਸ਼ੁਰੂ ਹੋ ਗਿਆ। ਮੈਜਿਸਟ੍ਰੇਟ ਵੱਲੋਂ ਜੁਰਮ ਆਇਦ ਹੋਣ ਅਤੇ ਸੈਸ਼ਨ ਜੱਜ ਵੱਲੋਂ ਸਾਢੇ ਛੇ ਮਹੀਨੇ ਵਿੱਚ ਮੁਕੱਦਮਾ ਨਿਬੇੜ ਦਿੱਤਾ ਗਿਆ ਹੈ, ਜਿਸ ਵਿੱਚ ਮੁੱਖ ਦੋਸ਼ੀ ਨੂੰ ਫਾਂਸੀ ਦੀ ਸਜ਼ਾ ਹੋਈ। ਹਾਲਾਂਕਿ ਬਹੁਤ ਸਾਰੇ ਸਿੱਖਾਂ ਨੇ ਮਹਾਤਮਾ ਗਾਂਧੀ ਦੇ ਕਹਿਣ 'ਤੇ ਮੁਕੱਦਮੇ ਦੀ ਪੈਰਵਈ ਨਹੀਂ ਸੀ ਕੀਤੀ ਅਤੇ ਗਵਾਹੀਆਂ ਵੀ ਨਹੀਂ ਦਿੱਤੀਆਂ। ਇਸ ਤੋਂ ਬਾਅਦ ਹਾਈ ਕੋਰਟ ਨੇ ਸਿਰਫ ਸਾਢੇ ਪੰਜ ਮਹੀਨਿਆਂ ਵਿੱਚ ਦੋਸ਼ੀਆਂ ਦੀਆਂ ਅਪੀਲਾਂ ਦਾ ਨਿਬੇੜਾ ਕਰ ਦਿੱਤਾ।

ਪਰ ਨਨਕਾਣਾ ਸਾਹਿਬ ਕਤਲੇਆਮ ਦੇ ਫੌਜਦਾਰੀ ਕੇਸ ਦੇ ਫੈਸਲੇ ਦਾ ਜ਼ਿਕਰ ਕਰਨਾ ਸਾਕੇ ਦੀ ਤਫਸੀਲ ਦੇਣ ਵੇਲੇ ਬਹੁਤ ਜ਼ਰੂਰੀ ਹੈ। ਰਵਾਇਤੀ ਇਤਿਹਾਸ ਵਿੱਚ ਬਹੁਤ ਸਾਰੀਆਂ ਉਹ ਗੱਲਾਂ ਲਕੋਅ ਲਈਆਂ ਜਾਂਦੀਆਂ ਹਨ, ਜੋ ਅੰਗਰੇਜ਼ਾਂ ਦੇ ਹੱਕ ਵਿੱਚ ਜਾਂਦੀਆਂ ਹਨ। ਅਜਿਹਾ ਕਰਨਾ ਇਤਿਹਾਸ ਨਾਲ ਨਾਇਨਸਾਫੀ ਹੈ।



### ਮਹੰਤ ਕੌਣ ਸਨ?

ਗੁਰਦੁਆਰਾ ਸੁਧਾਰ ਲਹਿਰ ਮੌਕੇ ਜ਼ਿਕਰ ਵਿੱਚ ਆਏ ਖਲਨਾਇਕ ਮਹੰਤ ਅੰਗਰੇਜ਼ਾਂ ਦਾ ਰਾਜ ਆਉਣ ਤੋਂ ਪਹਿਲਾਂ ਹੀ ਗੁਰਦੁਆਰਿਆਂ 'ਤੇ ਕਾਬਜ਼ ਸਨ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਸਰਕਾਰ ਦੀ ਅਸਲੀ ਵਾਗਡੋਰ ਉਸਦੇ ਪ੍ਰਧਾਨ ਮੰਤਰੀ ਹਿੰਦੂ ਰਾਜਪੂਤ ਧਿਆਨ ਸਿੰਘ ਡੋਗਰੇ ਦੇ ਹੱਥ ਵਿੱਚ ਸੀ। ਡੋਗਰਿਆਂ ਦਾ ਕੁਲ ਪੁਰੋਹਿਤ ਪੰਡਤ ਜੱਲਾ ਉਸਦਾ ਖਾਸ ਸਲਾਹਕਾਰ ਸੀ। ਜਾਂ ਇਉਂ ਕਹਿ ਲਿਆ ਜਾਵੇ ਕਿ ਪੰਡਤ ਜੱਲਾ ਪ੍ਰਧਾਨ ਮੰਤਰੀ ਧਿਆਨ ਸਿੰਘ ਰਾਹੀਂ ਆਪਣੀਆਂ ਖਾਹਿਸ਼ਾਂ ਨੂੰ ਪੂਰੀਆਂ ਕਰਾਉਂਦਾ ਸੀ ਤਾਂ ਇਸ ਵਿੱਚ ਕੋਈ ਅਤਿਕਥਨੀ ਨਹੀਂ ਹੋਵੇਗੀ। ਮਹਾਰਾਜਾ ਰਣਜੀਤ ਸਿੰਘ ਦੇ ਜਾਂ ਇਉਂ ਕਹਿ ਲਵੋ ਕਿ ਧਿਆਨ ਸਿੰਘ ਡੋਗਰੇ ਤੇ ਪੰਡਤ ਜੱਲੇ ਦਾ ਹੀ ਦੌਰ ਸੀ, ਜ਼ਿਕਰ ਵਿੱਚ ਆਏ ਮਹੰਤ ਗੁਰਦੁਆਰਿਆਂ ਦੇ ਮਾਲਕ ਬਣ ਬੈਠੇ। ਇਸ ਗੱਲ ਦੀ ਗਵਾਹੀ ਭਰਦਿਆਂ ਭਾਈ ਕਾਨ੍ਹ ਸਿੰਘ ਨਾਭਾ ਮਹਾਨ ਕੋਸ਼ ਦੇ ਸਫਾ 417 'ਤੇ ਲਿਖਦੇ ਹਨ:

"ਸਤਿਗੁਰਾਂ ਦੇ ਵੇਲੇ ਅਤੇ ਬੁੱਢਾ ਦਲ ਦੇ ਸਮੇਂ ਗੁਰਦੁਆਰਿਆਂ ਦਾ ਖਾਸ ਧਿਆਨ ਰੱਖਿਆ ਜਾਂਦਾ ਸੀ। ਗੁਰਦੁਆਰੀਆ (ਗੁਰਦੁਆਰੇ ਦਾ ਪ੍ਰਬੰਧਕ/ ਸੇਵਾਦਾਰ) ਉਹ ਹੋਇਆ ਕਰਦਾ, ਜੋ ਵਿਦਵਾਨ ਗੁਰਮਤਿ ਦਾ ਪੱਕਾ ਅਤੇ ਉਚੇ ਆਚਾਰ ਵਾਲਾ ਹੁੰਦਾ। ਜ਼ਮਾਨੇ ਦੀ ਗਰਦਿਸ਼ ਨੇ ਮਹਾਰਾਜਾ ਰਣਜੀਤ ਸਿੰਘ ਵੇਲੇ ਡੋਗਰਿਆਂ ਦੀ ਪ੍ਰਧਾਨਗੀ ਵਿੱਚ ਮੁੱਖ ਗੁਰਦੁਆਰਿਆਂ ਦਾ ਪ੍ਰਬੰਧ ਸਾਰਾ ਉਲਟ-ਪੁਲਟ ਕਰ ਦਿੱਤਾ। ਇਸ ਦਾ ਅਸਰ ਦੇਸ਼ ਦੇ ਗੁਰਦੁਆਰਿਆਂ 'ਤੇ ਵੀ ਹੌਲੀ ਹੌਲੀ ਹੋਇਆ ਅਰ ਕੌਮ ਵਿੱਚੋਂ ਗੁਰਮਤਿ ਪ੍ਰਚਾਰ ਅਲੋਪ ਹੁੰਦਾ ਗਿਆ, ਤਿਉਂ ਤਿਉਂ ਮਰਿਆਦਾ ਵੀ ਬਿਗੜਦੀ ਗਈ ਅਰ ਇੱਥੋਂ ਤੱਕ ਦੁਰਦਸ਼ਾ ਹੋਈ ਕਿ ਸਿੱਖ ਗੁਰਦੁਆਰੇ ਕੇਵਲ ਕਹਿਣ ਨੂੰ ਹੀ ਗੁਰਧਾਮ ਰਹਿ ਗਏ।"

ਗੁਰਦੁਆਰਿਆਂ 'ਤੇ ਕਾਬਜ਼ ਮਹੰਤ ਭਗਵੇਂ ਲੀੜਿਆਂ ਵਾਲੇ ਹਿੰਦੂ ਸਾਧ ਸਨ ਤੇ ਇਨ੍ਹਾਂ ਦੇ ਨਾਂ- ਨਰੈਣ ਦਾਸ, ਸੁੰਦਰ ਦਾਸ, ਹਰੀ ਦਾਸ, ਕਿਸ਼ਨ ਦਾਸ, ਬਿਸ਼ਨ ਦਾਸ, ਜੀਵਨ ਦਾਸ ਵਗੈਰਾ-ਵਗੈਰਾ ਸਨ। ਕਈਆਂ ਦੇ ਨਾਵਾਂ ਪਿੱਛੇ ਸਿੰਘ ਵੀ ਲੱਗਦਾ ਸੀ, ਪਰ ਉਨ੍ਹਾਂ 'ਚੋਂ ਜ਼ਿਆਦਾਤਰ ਦੇ ਲੱਛਣ ਨਰੈਣ ਦਾਸ ਹੋਣਾ ਵਰਗੇ ਸਨ। ਬਹੁਤੇ ਮਹੰਤਾਂ ਦੇ ਅੱਜ ਕਲ੍ਹ ਦੇ ਹਿੰਦੂ ਸਾਧਾਂ ਵਾਗੂੰ ਦਾੜ੍ਹੀ ਕੇਸ ਰੱਖੇ ਹੁੰਦੇ ਸਨ ਤੇ ਕਈ ਘੋਨ-ਮੋਨ ਸਨ। ਇਹ ਲੋਕ ਗੁਰਦੁਆਰਿਆਂ ਦੇ ਉਸੇ ਤਰ੍ਹਾਂ ਗੱਦੀ-ਦਰ-ਗੱਦੀ ਮਾਲਕ ਸਨ ਜਿਵੇਂ ਕਿ ਅੱਜ ਕਲ੍ਹ ਹਿੰਦੂ ਡੇਰਿਆਂ ਦੇ ਹਨ। ਮਾੜੀ ਮੋਟੀ ਸਿੱਖ ਰਹਿਤ ਮਰਿਆਦਾ ਨੂੰ ਇਹ ਸਿਰਫ ਅਣਸਰਦੇ ਨੂੰ ਹੀ ਨਿਭਾਉਂਦੇ ਸਨ, ਜਦਕਿ ਸਿੱਖਾਂ ਵਿੱਚ ਵਰਜਿਤ ਬਹੁਤ ਸਾਰੀਆਂ ਹਿੰਦੂ ਰਹੁ-ਰੀਤਾਂ ਨੂੰ ਉਹ ਬੜੇ ਚਾਅ ਨਾਲ ਨਿਭਾਉਂਦੇ ਸਨ। ਬਹੁਤ ਸਾਰੇ ਗੁਰਦੁਆਰਿਆਂ ਵਿੱਚ ਹਿੰਦੂ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਵੀ ਰੱਖੀਆਂ ਹੁੰਦੀਆਂ ਸਨ। ਇਹ ਲੋਕ ਵਿਭਚਾਰੀ, ਬਲਾਤਕਾਰੀ, ਅੱਯਾਸ਼ ਵੀ ਸਨ। ਮਹੰਤਾਂ ਦੇ ਦੌਰ ਦਾ ਇਤਿਹਾਸ ਲਿਖਣ ਵੇਲੇ ਉਨ੍ਹਾਂ ਦੇ ਵਿਭਚਾਰੀ ਅਤੇ ਅੱਯਾਸ਼ੀ ਵਾਲੇ ਪੱਖ ਨੂੰ ਤਾਂ ਉਭਾਰਿਆ ਜਾਂਦਾ ਹੈ, ਪਰ ਸਿੱਖ ਮਰਿਆਦਾ ਦੇ ਖ਼ਿਲਾਫ਼ ਉਨ੍ਹਾਂ ਦੇ ਕਰਮ ਨੂੰ ਬੜੀ ਮਾਮੂਲੀ ਜਗ੍ਹਾ ਦਿੱਤੀ ਜਾਂਦੀ ਹੈ। ਅੱਜ ਕਲ੍ਹ ਵੀ ਜਦੋਂ ਕਿਸੇ ਗ੍ਰੰਥੀ ਜਾਂ ਸਿੱਖ ਸੰਤ ਬਾਬੇ ਦੇ ਨਿੱਜੀ ਆਚਰਨ ਪੱਖੋਂ ਗਿਰਨ ਦੀ ਕੋਈ ਗੱਲ ਸਾਹਮਣੇ ਆਉਂਦੀ ਹੈ ਤਾਂ ਇਸਦਾ ਖੂਬ ਰੌਲਾ ਪੈਂਦਾ ਹੈ। ਪਰ ਅਨੇਕਾਂ ਗੁਰਦੁਆਰਿਆਂ ਵਿੱਚ ਸਿੱਖੀ ਰਹੁ-ਰੀਤਾਂ ਦੇ ਉਲਟ ਹੋ ਰਹੇ ਕਰਮਕਾਂਡਾਂ 'ਤੇ ਕੋਈ ਖਾਸ ਉਜਰ ਨਹੀਂ ਹੁੰਦਾ। ਕਾਂਗਰਸ ਅਤੇ ਹਿੰਦੂਆਂ ਵੱਲੋਂ ਅੱਧੇ ਰੂਪ ਵਿੱਚ ਤਨੋਂ ਅਤੇ ਪੂਰੇ ਰੂਪ ਵਿੱਚ ਮਨੋਂ ਮਹੰਤਾਂ ਦੇ ਹਮਾਇਤੀ ਹੋਣ ਕਾਰਨ, ਇਤਿਹਾਸਕਾਰਾਂ ਨੇ ਗੁਰਦੁਆਰਿਆਂ 'ਤੇ ਕਾਬਜ਼ ਇਨ੍ਹਾਂ ਹਿੰਦੂ ਸਾਧਾਂ ਨੂੰ ਹਿੰਦੂ ਨਾ ਆਖ ਕੇ ਮਹੰਤ ਹੀ ਲਿਖਿਆ। ਔਸਤ ਸਿੱਖਾਂ ਨੇ ਕਦੇ ਮਨੋਂ ਆਪਣੇ ਆਪ ਨੂੰ ਹਿੰਦੂਆਂ ਤੋਂ ਅਲਹਿਦਾ ਨਹੀਂ ਸਮਝਿਆ। ਇਸ ਮਨੋਅਵੱਸਥਾ ਤਹਿਤ ਉਹਦੇ ਵਾਸਤੇ ਕਿਸੇ ਅਜਿਹੇ ਹਿੰਦੂ ਨੂੰ ਹਿੰਦੂ ਕਹਿਣਾ ਔਖਾ ਹੈ, ਜੋ ਸਿੱਖਾਂ ਦੇ ਖ਼ਿਲਾਫ਼ ਭੁਗਤ ਰਿਹਾ ਹੋਵੇ। ਇਸੇ ਮਾਨਸਿਤਕਾ ਤਹਿਤ ਨਰੈਣ ਦਾਸ ਹੁਰਾਂ ਨੂੰ ਹਿੰਦੂ ਕਹਿਣ ਦੀ ਬਜਾਏ ਸਿਰਫ ਮਹੰਤ ਹੀ ਆਖਿਆ ਗਿਆ। ਠੀਕ ਇਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਨੂੰ ਸਾਰੀ ਉਮਰ ਤੰਗ ਕਰਨ ਵਾਲੇ ਹਿਮਾਚਲ ਦੇ ਰਾਜਿਆਂ ਭੀਮ ਚੰਦ ਕਹਿਲੂਰੀਆ, ਕਿਰਪਾਲ ਚੰਦ ਕਟੋਚੀਆ, ਕੇਸਰੀਆ ਚੰਦ ਜਸਵਾਲੀਆ, ਸੁਖਦਿਆਲ ਜਸਰੋਟੀਆ, ਹਰੀ ਚੰਦ ਹਿੰਡੂਰੀਆ, ਪ੍ਰਿਥੀ ਚੰਦ ਡਢਵਾਲੀਆ, ਫਤਹਿ ਸ਼ਾਹ ਸ੍ਰੀਨਗਰੀਆ ਵਰਗਿਆਂ ਨੂੰ ਹਿੰਦੂ ਰਾਜੇ ਕਹਿਣ ਦੀ ਬਜਾਏ 'ਪਹਾੜੀ ਰਾਜਿਆਂ' ਦਾ ਨਾਓ ਦਿੱਤਾ ਗਿਆ ਹੈ। ਇਸੇ ਹੀ ਕੜੀ ਵਿੱਚ ਮਹਾਰਾਜਾ ਰਣਜੀਤ ਸਿੰਘ




ਗ੍ਰਿਫਤਾਰੀ ਉਪਰੰਤ ਮਹੰਤ ਨਰੈਣ ਦਾਸ


⇒ ਬਾਕੀ ਅਗਲੇ ਸਫੇ ਉੱਤੇ ਪੜ੍ਹੋ



ਖੱਬਿਓਂ (ਬੈਠੇ) ਨਾਭਾ ਦੇ ਮਹਾਰਾਜਾ ਹੀਰਾ ਸਿੰਘ, ਟਿੱਕਾ ਰਿਪੁਦਮਨ ਸਿੰਘ ਅਤੇ ਭਾਈ ਕਾਨ੍ਹ ਸਿੰਘ ਨਾਭਾ।


***ਭਾਈ ਕਾਨ੍ਹ ਸਿੰਘ ਨਾਭਾ ਮਹਾਨ ਕੋਸ਼ ਦੇ ਸਫਾ 417 'ਤੇ ਲਿਖਦੇ ਹਨ: "ਸਤਿਗੁਰਾਂ ਦੇ ਵੇਲੇ ਅਤੇ ਬੁੱਢਾ ਦਲ ਦੇ ਸਮੇਂ ਗੁਰਦੁਆਰਿਆਂ ਦਾ ਖਾਸ ਧਿਆਨ ਰੱਖਿਆ ਜਾਂਦਾ ਸੀ। ਗੁਰਦੁਆਰੀਆ (ਗੁਰਦੁਆਰੇ ਦਾ ਪ੍ਰਬੰਧਕ/ ਸੇਵਾਦਾਰ) ਉਹ ਹੋਇਆ ਕਰਦਾ, ਜੋ ਵਿਦਵਾਨ ਗੁਰਮਤਿ ਦਾ ਪੱਕਾ ਅਤੇ ਉਚੇ ਆਚਾਰ ਵਾਲਾ ਹੁੰਦਾ। ਜ਼ਮਾਨੇ ਦੀ ਗਰਦਿਸ਼ ਨੇ ਮਹਾਰਾਜਾ ਰਣਜੀਤ ਸਿੰਘ ਵੇਲੇ ਡੋਗਰਿਆਂ ਦੀ ਪ੍ਰਧਾਨਗੀ ਵਿੱਚ ਮੁੱਖ ਗੁਰਦੁਆਰਿਆਂ ਦਾ ਪ੍ਰਬੰਧ ਸਾਰਾ ਉਲਟ-ਪੁਲਟ ਕਰ ਦਿੱਤਾ। ਇਸ ਦਾ ਅਸਰ ਦੇਸ਼ ਦੇ ਗੁਰਦੁਆਰਿਆਂ 'ਤੇ ਵੀ ਹੌਲੀ ਹੌਲੀ ਹੋਇਆ ਅਰ ਕੌਮ ਵਿੱਚੋਂ ਗੁਰਮਤਿ ਪ੍ਰਚਾਰ ਅਲੋਪ ਹੁੰਦਾ ਗਿਆ, ਤਿਉਂ ਤਿਉਂ ਮਰਿਆਦਾ ਵੀ ਬਿਗੜਦੀ ਗਈ ਅਰ ਇੱਥੋਂ ਤੱਕ ਦੁਰਦਸ਼ਾ ਹੋਈ ਕਿ ਸਿੱਖ ਗੁਰਦੁਆਰੇ ਕੇਵਲ ਕਹਿਣ ਨੂੰ ਹੀ ਗੁਰਧਾਮ ਰਹਿ ਗਏ।"***





ਗਿਆਨੀ ਦਿੱਤ ਸਿੰਘ

***ਸਵਾਮੀ ਦਯਾ ਨੰਦ ਦੇ ਗ੍ਰੰਥ ਸਤਿਆਰਥ ਪ੍ਰਕਾਸ਼ ਵਿੱਚ ਸਿੱਖ ਗੁਰੂਆਂ ਬਾਰੇ ਬੇਢਵੀਆਂ ਟਿੱਪਣੀਆਂ ਦਾ ਪਤਾ ਲੱਗਣ ਅਤੇ ਸਿੱਖ ਸਿਧਾਂਤਾਂ ਦੀ ਖਿੱਲੀ ਉਡਾਉਣ ਵਰਗੀਆਂ ਕਾਰਵਾਈਆਂ ਤੋਂ ਦੁਖੀ ਹੋ ਕੇ ਗਿਆਨੀ ਦਿੱਤ ਸਿੰਘ ਨੇ ਆਰੀਆ ਸਮਾਜ ਦੇ ਖ਼ਿਲਾਫ਼ ਸਿਧਾਂਤਕ ਮੁਹਿੰਮ ਵਿੱਢੀ ਅਤੇ ਭਰੇ ਜਲਸੇ ਵਿੱਚ ਸਵਾਮੀ ਦਯਾ ਨੰਦ ਨੂੰ ਬਹਿਸਾਂ ਰਾਹੀਂ ਹਰਾਇਆ।***



ਸੁੰਦਰ ਸਿੰਘ ਮਜੀਠੀਆ

***ਉਸ ਵੇਲੇ ਦੇ ਵੱਡੇ ਰਈਸ ਸ. ਸੁੰਦਰ ਸਿੰਘ ਮਜੀਠੀਆ ਆਪਣੇ ਨਵੇਂ ਵਿਆਹੇ ਪੁੱਤਰ ਕ੍ਰਿਪਾਲ ਸਿੰਘ ਅਤੇ ਉਸਦੀ ਪਤਨੀ ਨੂੰ ਲੈ ਕੇ ਸ੍ਰੀ ਅਕਾਲ ਤਖਤ ਸਾਹਿਬ ਪੁੱਜੇ। ਉਨ੍ਹਾਂ ਨੇ ਪ੍ਰਸਾਦ ਅਤੇ ਇੱਕ ਸੌ ਇੱਕ ਰੁਪਈਆ ਭੇਟਾ ਕੀਤਾ, ਪਰ ਤਖਤ 'ਤੇ ਬੈਠੇ ਪੁਜਾਰੀਆਂ ਨੇ ਉਨ੍ਹਾਂ ਨੂੰ ਇਹ ਆਖ ਕੇ ਵਾਪਸ ਮੋੜ ਦਿੱਤਾ ਕਿ ਇਸ ਜੋੜੀ ਦਾ ਵਿਆਹ ਗੁਰਮਤਿ ਮੁਤਾਬਕ ਆਨੰਦ ਕਾਰਜ ਰੀਤ ਰਾਹੀਂ ਹੋਇਆ ਹੈ, ਸੋ ਤੁਹਾਡੀ ਅਰਦਾਸ ਅਸੀਂ ਨਹੀਂ ਕਰਦੇ। ਹਿੰਦੂਆਂ ਨੇ ਲਿਖਤੀ ਪ੍ਰਚਾਰ ਮੁਹਿੰਮ ਵੀ ਆਨੰਦ ਕਾਰਜ ਰੀਤ ਦੇ ਖ਼ਿਲਾਫ਼ ਵਿੱਢੀ ਹੋਈ ਸੀ।***

ਦੇ ਰਾਜ ਨਾਲ ਧਰੋਹ ਕਮਾਉਣ ਵਾਲੇ ਦਰਬਾਰੀਆਂ ਜੰਮੂ ਦੇ ਹਿੰਦੂ ਰਾਜਪੂਤਾਂ- ਧਿਆਨ ਸਿੰਘ ਤੇ ਗੁਲਾਬ ਸਿੰਘ ਵਰਗਿਆਂ ਨੂੰ ਡੋਗਰਿਆਂ ਦੇ ਨਕਾਬ ਥੱਲੇ ਲਕੋ ਲਿਆ ਗਿਆ ਹੈ। ਕਹਿਣ ਦਾ ਭਾਵ ਸਿੱਖਾਂ ਨੂੰ ਦੁੱਖ ਦੇਣ ਵਾਲੇ ਇਹ ਤਿੰਨੋਂ ਕਿਸਮ ਦੇ ਖਲਨਾਇਕਾਂ ਦੇ ਹਿੰਦੂ ਹੋਣ ਨੂੰ ਲਕੋਣ ਖਾਤਰ ਇਨ੍ਹਾਂ ਦੇ ਨਾਂ ਪਹਾੜੀ ਰਾਜੇ, ਡੋਗਰੇ ਅਤੇ ਮਹੰਤ ਰੱਖੇ ਗਏ ਹਨ।

20ਵੀਂ ਸਦੀ ਦੇ ਸ਼ੁਰੂ ਵਿੱਚ ਆਰੰਭ ਹੋਈ ਗੁਰਦੁਆਰਾ ਸੁਧਾਰ ਲਹਿਰ ਦੌਰਾਨ ਅੰਗਰੇਜ਼ਾਂ ਦੇ ਮਹੰਤਾਂ ਨੂੰ ਸ਼ਹਿ ਦੇਣ ਦੇ ਦੋਸ਼ ਨੂੰ ਪੜਚੋਲਣ ਤੋਂ ਪਹਿਲਾਂ ਉਸ ਵੇਲੇ ਦੇ ਹਾਲਤਾਂ 'ਤੇ ਨਜ਼ਰ ਮਾਰਨੀ ਜ਼ਰੂਰੀ ਹੈ।

## ਸਿੱਖਾਂ ਦੀ ਵਿਰੋਧੀ ਆਰੀਆ ਸਮਾਜੀ ਲਹਿਰ ਦਾ ਦੌਰ

19ਵੀਂ ਸਦੀ ਦੇ ਅਖੀਰ ਵਿੱਚ ਇੱਕ ਗੁਜਰਾਤੀ ਬਾਹਮਣ ਸਵਾਮੀ ਦਯਾ ਨੰਦ ਸਰਸਵਤੀ ਪੰਜਾਬ ਆਇਆ ਅਤੇ ਇਸਨੇ ਆਰੀਆ ਸਮਾਜੀ ਲਹਿਰ ਖੜ੍ਹੀ ਕੀਤੀ। ਆਰੀਆ ਸਮਾਜ ਭਾਵੇਂ ਮੂਲ ਰੂਪ ਵਿੱਚ ਸ਼ੁੱਧ ਹਿੰਦੂ ਜਮਾਤ ਸੀ, ਪਰ ਮੂਰਤੀ ਪੂਜਾ ਦੇ ਵਿਰੋਧੀ ਹੋਣ ਕਰਕੇ ਉਸਨੇ ਬਹੁਤ ਸਾਰੇ ਸਿੱਖਾਂ ਨੂੰ ਆਪਣੇ ਨਾਲ ਰਲਾ ਲਿਆ ਸੀ। ਸਵਾਮੀ ਦਯਾ ਨੰਦ ਦੇ ਗ੍ਰੰਥ ਸਤਿਆਰਥ ਪ੍ਰਕਾਸ਼ ਵਿੱਚ ਸਿੱਖ ਗੁਰੂਆਂ ਬਾਰੇ ਬੇਢਵੀਆਂ ਟਿੱਪਣੀਆਂ ਦਾ ਪਤਾ ਲੱਗਣ ਅਤੇ ਸਿੱਖ ਸਿਧਾਂਤਾਂ ਦੀ ਖਿੱਲੀ ਉਡਾਉਣ ਵਰਗੀਆਂ ਕਾਰਵਾਈਆਂ ਤੋਂ ਦੁਖੀ ਹੋ ਕੇ ਗਿਆਨੀ ਦਿੱਤ ਸਿੰਘ ਨੇ ਆਰੀਆ ਸਮਾਜ ਦੇ ਖ਼ਿਲਾਫ਼ ਸਿਧਾਂਤਕ ਮੁਹਿੰਮ ਵਿੱਢੀ ਅਤੇ ਭਰੇ ਜਲਸੇ ਵਿੱਚ ਸਵਾਮੀ ਦਯਾ ਨੰਦ ਨੂੰ ਬਹਿਸਾਂ ਰਾਹੀਂ ਹਰਾਇਆ।

ਆਰੀਆ ਸਮਾਜ ਨੇ ਬਹੁਤ ਸਾਰੇ ਸ਼ਹਿਰੀ ਅਤੇ ਕੁਲੀਨ ਵਰਗ ਦੇ ਹਿੰਦੂਆਂ ਨੂੰ ਆਪਣੇ ਨਾਲ ਰਲਾ ਲਿਆ। ਆਰੀਆ ਸਮਾਜ ਨੇ ਸਿੱਖਾਂ ਨੂੰ ਹਿੰਦੂ ਕਿਹਾ ਅਤੇ ਸਿੱਖਾਂ ਦੀਆਂ ਅੱਡਰੀਆਂ ਰਹੁ-ਰੀਤਾਂ ਦਾ ਖੰਡਨ ਕੀਤਾ। ਆਰੀਆ ਸਮਾਜ ਨੇ ਇਸੇ ਨੀਤੀ ਤਹਿਤ ਸਿੱਖਾਂ ਦੇ ਕੱਕਾਰ ਛੁਡਾਉਣ ਦੀ ਮੁਹਿੰਮ ਵਿੱਢੀ। ਸਿੱਖੀ ਛੱਡ ਰਹੇ ਲੋਕਾਂ ਨੂੰ ਸ਼ਰੇ-ਬਾਜ਼ਾਰ ਜਲਸਿਆਂ ਵਿੱਚ ਲਿਆ ਕੇ ਤਾੜੀਆਂ ਦੀ ਗੜਗੜਾਹਟ ਵਿੱਚ ਕੇਸ ਕਤਲ ਕਰਨੇ, ਹੁੱਕੇ ਪਿਆਉਣੇ, ਕਛਹਿਰੇ ਤੇ ਕਿਰਪਾਨਾਂ ਲੁਹਾ ਕੇ ਅਗਾਂਹ ਤੋਂ ਅਜਿਹਾ ਨਾ ਕਰਨ ਦੇ ਬਚਨ ਲੈਣੇ- ਇੱਕ ਆਮ ਜਿਹਾ ਦਸਤੂਰ ਬਣ ਗਿਆ ਸੀ। ਗੁਰਦੁਆਰਿਆਂ ਵਿੱਚ ਸਿੱਖ ਮਰਿਆਦਾ ਨੂੰ ਹਟਾ ਕੇ ਟੱਲ ਖੜਕਾਉਣ ਦੀ ਵੀ ਮੁਹਿੰਮ ਵਿੱਢੀ ਗਈ। (ਹਵਾਲਾ- ਭਾਈ ਕਾਨ੍ਹ ਸਿੰਘ ਨਾਭਾ: ਜੀਵਨ ਤੇ ਰਚਨਾ; ਪ੍ਰਕਾਸ਼ਕ ਪੰਜਾਬੀ ਯੂਨੀਵਰਸਿਟੀ ਪਟਿਆਲਾ ਸਫਾ 78)

ਇਸੇ ਮੁਹਿੰਮ ਤਹਿਤ ਪਰਚੇ (ਪੈਂਫਲਿਟ) ਛਪਵਾ ਕੇ ਅਤੇ ਅਖਬਾਰੀ ਲੇਖ ਲਿਖ ਕੇ ਕਿਹਾ ਗਿਆ ਕਿ ਸਿੱਖ, ਹਿੰਦੂ ਹੀ ਹਨ। ਸਿੱਖਾਂ ਦੀ ਕੋਈ ਜਥੇਬੰਦੀ ਨਾ ਹੋਣ ਕਾਰਨ ਆਰੀਆ ਸਮਾਜੀ ਇਸ ਪ੍ਰਚਾਰ ਮੁਹਿੰਮ ਦਾ ਸਿੱਖਾਂ 'ਤੇ ਵੀ ਬਹੁਤ ਅਸਰ ਹੋ ਰਿਹਾ ਸੀ।

1897 ਵਿੱਚ ਇਸ ਪ੍ਰਚਾਰ ਦਾ ਜਵਾਬ ਦੇਣ ਲਈ ਨਾਭਾ ਰਿਆਸਤ ਦੇ ਰਾਜਾ ਹੀਰਾ ਸਿੰਘ ਦੇ ਦੌਰ ਵਿੱਚ ਭਾਈ ਕਾਨ੍ਹ ਸਿੰਘ ਨੇ ਰਿਆਸਤ ਦੇ ਨਹਿਰੀ ਮਹਿਕਮੇ ਦੇ ਅਫਸਰ ਹੁੰਦਿਆਂ, ਸਿੱਖ ਧਰਮ ਨੂੰ ਹਿੰਦੂ ਧਰਮ ਤੋਂ ਬਿਲਕੁਲ ਵੱਖਰਾ ਹੋਣ ਦੀ ਵਜਾਹਤ ਕਰਦੀ ਇੱਕ ਕਿਤਾਬ ਲਿਖੀ ਜਿਸਦਾ ਨਾਉਂ ਸੀ, 'ਹਮ ਹਿੰਦੂ ਨਹੀਂ।' ਭਾਈ ਸਾਹਿਬ ਨੂੰ ਪੂਰਾ ਇਲਮ ਸੀ ਕਿ ਹਿੰਦੂਆਂ ਵੱਲੋਂ ਇਸ ਕਿਤਾਬ ਦਾ ਵਿਰੋਧ ਕੀਤਾ ਜਾਵੇਗਾ। ਇਸ ਕਿਤਾਬ ਦੇ ਲਿਖਾਰੀ ਵਜੋਂ ਉਨ੍ਹਾਂ ਨੇ ਆਪਣਾ ਨਾਉਂ ਕਾਨ੍ਹ ਸਿੰਘ ਨੂੰ ਲਕੋਂਦਿਆਂ ਆਪਣੇ ਉਪ-ਨਾਮ ਹਰਿ ਬਰਿਜੇਸ਼ ਦੇ ਅੰਗਰੇਜ਼ੀ ਵਿੱਚ ਮੁਢਲੇ ਅੱਖਰ ਸਿਰਫ ਐਚ.ਬੀ. ਹੀ ਦਰਜ ਕੀਤੇ। ਇਹ ਕਿਤਾਬ ਰਿਆਸਤ ਤੋਂ ਬਾਹਰ ਅੰਗਰੇਜ਼ੀ ਰਾਜ ਵਿੱਚ ਪੈਂਦੇ ਲਾਹੌਰ ਤੋਂ ਛਪਾਈ ਗਈ। ਇਹ ਕਿਤਾਬ ਛਪਣ ਦੀ ਦੇਰ ਸੀ ਕਿ ਰਿਆਸਤ ਦੀਆਂ ਹਿੰਦੂ ਜਥੇਬੰਦੀਆਂ ਨੇ ਕੁਝ ਸਿੱਖਾਂ ਨੂੰ ਨਾਲ ਲੈ ਕੇ ਇਸ ਕਿਤਾਬ ਦੇ ਖ਼ਿਲਾਫ਼ ਜਲਸਿਆਂ, ਮੁਜ਼ਾਹਰਿਆਂ ਰਾਹੀਂ ਅੰਦੋਲਨ ਚਲਾ ਕੇ ਇਉਂ ਕਹਿੰਦਿਆਂ ਸਿੰਗਾਂ 'ਤੇ ਮਿੱਟੀ ਚੱਕੀ ਕਿ ਹਾਂ-ਹਾਂ ਇਸ ਕਿਤਾਬ 'ਚ ਇਹ ਕਿਉਂ ਲਿਖਿਆ ਹੈ ਕਿ ਸਿੱਖ, ਹਿੰਦੂ ਨਹੀਂ ਹਨ। ਇਹ ਕਿਹਾ ਗਿਆ ਕਿ ਇਹ ਕਿਤਾਬ ਦਾ ਲਿਖਾਰੀ ਭਾਈ ਕਾਨ੍ਹ ਸਿੰਘ ਹੀ ਹੈ, ਸੋ ਸਰਕਾਰ ਨੂੰ ਚਾਹੀਦਾ ਹੈ ਕਿ ਕਾਨ੍ਹ ਸਿੰਘ ਵੱਲੋਂ ਸਿੱਖਾਂ ਨੂੰ ਅ-ਹਿੰਦੂ ਕਹਿਣ ਦੇ 'ਘੋਰ ਪਾਪ' ਕਾਰਨ, ਉਹ ਕਾਨ੍ਹ ਸਿੰਘ ਨੂੰ ਫੌਰਨ ਨੌਕਰੀ ਤੋਂ ਬਰਤਰਫ ਕਰੇ।

ਮਹਾਰਾਜਾ ਹੀਰਾ ਸਿੰਘ ਨੇ ਹਿੰਦੂਆਂ ਦੇ ਇਸ ਦਬਾਅ ਥੱਲੇ ਭਾਈ ਕਾਨ੍ਹ ਸਿੰਘ ਨੂੰ ਨੌਕਰੀਓਂ ਕੱਢ ਦਿੱਤਾ। ਇੱਥੇ ਇਹ ਗੱਲ ਜ਼ਿਕਰਯੋਗ ਹੈ ਕਿ ਮਹਾਰਾਜਾ ਨਾਭਾ ਨੂੰ ਸਾਰੇ ਫੂਲਕੀਆ ਰਾਜਿਆਂ ਵਿੱਚੋਂ ਸਿੱਖ ਹਿਤੈਸ਼ੀ ਰਾਜਾ ਮੰਨਿਆ ਜਾਂਦਾ ਹੈ। ਨਾ ਹੀ ਰਿਆਸਤੀ ਰਾਜਿਆਂ ਨੂੰ ਹਿੰਦੂਆਂ ਦੀਆਂ ਵੋਟਾਂ ਦੀ ਲੋੜ ਸੀ ਤੇ ਨਾ ਹੀ ਕਿਸੇ ਹਿੰਦੂਪ੍ਰਸਤ ਕੇਂਦਰੀ ਸਰਕਾਰ ਦਾ ਡਰ ਸੀ। ਇਸ ਘਟਨਾ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਆਰੀਆ ਸਮਾਜੀ ਲਾਣਾ ਕਿੰਨਾ ਚਾਂਭਲਿਆ ਹੋਇਆ ਸੀ ਅਤੇ ਉਹ ਸਿੱਖ ਪ੍ਰਚਾਰਕਾਂ ਨੂੰ ਕਿਸ ਹੱਦ ਤਕ ਡਰਾ ਕੇ ਮੂੰਹ ਬੰਦ ਕਰਾਉਣ ਵਿੱਚ ਸਫਲ ਹੋ ਚੁੱਕਿਆ ਸੀ; ਤੇ ਸਿੱਖ ਰਾਜੇ ਵੀ ਉਨ੍ਹਾਂ ਦੀ ਦਾਬ ਮੰਨਦੇ ਸੀ।

ਉਪਰਲਾ ਮਾਮਲਾ ਠੰਡਾ ਪੈਣ ਤੋਂ ਬਾਅਦ ਭਾਈ ਕਾਨ੍ਹ ਸਿੰਘ ਨੂੰ 1902 ਵਿੱਚ ਰਾਜਾ ਨਾਭਾ ਨੇ ਰਿਆਸਤੀ ਨੌਕਰੀ ਵਿੱਚ ਤਾਂ ਮੁੜ ਸ਼ਾਮਲ ਕਰ ਲਿਆ, ਪਰ ਉਸਨੂੰ ਅੰਗਰੇਜ਼ੀ ਵਾਇਸਰਾਏ ਦੇ ਏਜੰਟ ਦੇ ਦਫਤਰ ਵਿੱਚ ਰਿਆਸਤ ਦਾ ਵਕੀਲ ਮੁਕੱਰਰ ਕਰ ਦਿੱਤਾ। ਇਸ ਨਾਲ ਇਹ ਪ੍ਰਭਾਵ ਦਿੱਤਾ ਗਿਆ ਕਿ ਭਾਵੇਂ ਕਾਨ੍ਹ ਸਿੰਘ ਦੀ ਬਹਾਲੀ ਹੋ ਗਈ ਹੈ, ਪਰ ਉਸਦਾ ਰਿਆਸਤੀ ਰਾਜਧਾਨੀ ਵਿੱਚ ਦਖਲ ਖਤਮ ਕਰ ਦਿੱਤਾ ਗਿਆ ਹੈ।

## ਅੰਗਰੇਜ਼ਾਂ ਅਤੇ ਸਿੱਖ ਰਾਜੇ ਦਾ ਫਰਕ

1905 ਦੀ ਗੱਲ ਹੈ, ਅੰਮ੍ਰਿਤਸਰ ਵਿੱਚ ਦਰਬਾਰ ਸਾਹਿਬ ਦੀਆਂ ਪੌੜੀਆਂ ਅਤੇ ਪਰਕਰਮਾ ਵਿੱਚ ਅਨੇਕ ਬ੍ਰਾਹਮਣ ਡਕੌਤ ਅਤੇ ਭਾਟੜੇ ਵੱਖ ਵੱਖ ਦੇਵੀਆਂ ਦੀਆਂ ਮੂਰਤੀਆਂ ਲੈ ਕੇ ਬੈਠਦੇ ਸਨ ਤੇ ਹਰ ਯਾਤਰੀ ਪਾਸੋਂ ਕੌਡੀ, ਦਮੜੀ, ਧੇਲਾ ਜਾਂ ਪੈਸਾ ਮੂਰਤੀ ਦੇ ਨਾਂ 'ਤੇ ਹੋਰਨਾਂ ਹਿੰਦੂ ਤੀਰਥਾਂ ਵਾਂਗ ਉਗਰਾਹੁੰਦੇ ਸਨ। ਇੱਥੋਂ ਤੱਕ ਕਿ ਲਾਚੀ ਬੇਰੀ ਦੇ ਸਾਹਮਣੇ ਪਰਕਰਮਾ ਦੇ ਇੱਕ ਕਮਰੇ ਵਿੱਚ ਬਹੁ-ਭੁਜਾਂ ਵਾਲੀ ਇੱਕ ਹਿੰਦੂ ਦੇਵੀ ਦੀ ਮੂਰਤੀ ਰੱਖੀ ਹੋਈ ਸੀ, ਜਿਸਦੇ ਸਾਹਮਣੇ ਗੁਰੂ ਗੋਬਿੰਦ ਸਿੰਘ ਨੂੰ ਨੰਗੇ ਪੈਰੀਂ ਬੜੀ ਅਧੀਨਗੀ ਨਾਲ ਖੜ੍ਹੇ ਦਿਖਾਇਆ ਗਿਆ ਸੀ। ਇਨ੍ਹੀਂ ਦਿਨੀਂ ਸਿੰਘ ਸਭਾ ਲਹਿਰ ਦੇ ਅਸਰ ਹੇਠ ਇਸ ਸਿੱਖ ਵਿਰੋਧੀ ਰੀਤ ਵਿਰੁੱਧ ਆਵਾਜ਼ ਉਠਣ ਲੱਗੀ। ਝਗੜਾ ਵਧਦਾ-ਵਧਦਾ ਅੰਗਰੇਜ਼ ਡਿਪਟੀ ਕਮਿਸ਼ਨਰ ਕੋਲ ਪਹੁੰਚ ਗਿਆ। ਡਿਪਟੀ ਕਮਿਸ਼ਨਰ ਨੇ ਇਹ ਮੂਰਤੀਆਂ ਗੁਰਦੁਆਰੇ ਵਿੱਚੋਂ ਚੁੱਕਣ ਦਾ ਹੁਕਮ ਦੇ ਦਿੱਤਾ। ਹਿੰਦੂਆਂ ਨੇ ਦਰਬਾਰ ਸਾਹਿਬ ਦੀ ਪਰਕਰਮਾ 'ਚੋਂ ਮੂਰਤੀਆਂ ਚੁੱਕਣ ਦਾ ਜ਼ਬਰਦਸਤ ਵਿਰੋਧ ਕੀਤਾ। ਆਰੀਆ ਸਮਾਜ ਭਾਵੇਂ ਖੁਦ ਮੂਰਤੀ ਪੂਜਾ ਦਾ ਵਿਰੋਧੀ ਸੀ, ਪਰ ਹਰਿਮੰਦਰ ਸਾਹਿਬ ਤੋਂ ਮੂਰਤੀਆਂ ਚੁੱਕਣ ਦੀ ਉਸ ਨੂੰ ਬਹੁਤ ਤਕਲੀਫ ਹੋਈ। ਆਰੀਆ ਸਮਾਜੀਆਂ ਨੇ ਤੇਰਾਂ ਹਜ਼ਾਰ ਦਸਤਖਤ ਕਰਾ ਕੇ ਸਰਕਾਰ ਨੂੰ ਇੱਕ ਪਟੀਸ਼ਨ ਭੇਜ ਕੇ ਹਿੰਦੂ ਮੂਰਤੀਆਂ ਮੁੜ ਹਰਿਮੰਦਰ ਸਾਹਿਬ ਵਿੱਚ ਰੱਖਣ ਦੀ ਫਰਿਆਦ ਕੀਤੀ ਅਤੇ ਮਹਾਰਾਜਾ ਨਾਭਾ ਤੋਂ ਵੀ ਇਸ ਕੰਮ ਵਿੱਚ ਸਹਾਇਤਾ ਮੰਗੀ। (ਹਵਾਲਾ ਵੀਹਵੀਂ ਸਦੀ ਦੀ ਸਿੱਖ ਰਾਜਨੀਤੀ, ਸਫਾ 44; ਪ੍ਰਕਾਸ਼ਕ ਸਿੰਘ ਬ੍ਰਦਰਜ਼)

ਹਿੰਦੂਆਂ ਨੇ ਲੱਖ ਬੂ ਦੁਹਾਈ ਪਾਉਣ ਦੇ ਬਾਵਜੂਦ ਡੀ.ਸੀ. ਨੇ ਕਿਸੇ ਵੀ ਦਬਾਅ ਥੱਲੇ ਨਾ ਆ ਕੇ ਉਨ੍ਹਾਂ ਦੀ ਗੱਲ ਮੰਨਣ ਤੋਂ ਸਾਫ ਇਨਕਾਰ ਕਰ ਦਿੱਤਾ।

ਸਿੱਖ ਰਹਿਤ ਨੂੰ ਪਿਆਰ ਕਰਨ ਵਾਲੇ ਭਾਈ ਕਾਨ੍ਹ ਸਿੰਘ ਨਾਭਾ ਨੇ ਰਿਆਸਤ ਵਾਲੇ ਆਪਣੇ ਸਰਕਾਰੀ ਲੈਟਰਪੈਡ ਉਤੇ ਅੰਮ੍ਰਿਤਸਰ ਦੇ ਡੀ.ਸੀ. ਨੂੰ ਚਿੱਠੀ ਲਿਖ ਕੇ ਮੂਰਤੀਆਂ ਚੁਕਾਉਣ ਦੇ ਦਲੇਰਾਨਾ ਫੈਸਲੇ 'ਤੇ ਵਧਾਈ ਦਾ ਖਤ ਲਿਖ ਦਿੱਤਾ। ਮੂਰਤੀਆਂ ਦੇ ਹੱਕ ਵਿੱਚ ਆਏ ਇੱਕ ਡੈਪੂਟੇਸ਼ਨ ਨੂੰ ਡੀ.ਸੀ. ਨੇ ਇੱਕ ਸਿੱਖ ਮਰਿਆਦਾ ਦੇ ਗੂੜ੍ਹ ਗਿਆਨੀ ਵਜੋਂ ਦਿੱਤੀ ਰਾਏ ਆਪਣੇ ਹੱਕ ਵਿੱਚ ਭੁਗਤਾਉਣ ਲਈ ਭਾਈ ਕਾਨ੍ਹ ਸਿੰਘ ਨਾਭਾ ਦੀ ਉਕਤ ਚਿੱਠੀ ਡੈਪੂਟੇਸ਼ਨ ਨੂੰ ਦਿਖਾ ਦਿੱਤੀ। ਇਸ ਡੈਪੂਟੇਸ਼ਨ ਨੇ ਫੌਰਨ ਮਹਾਰਾਜਾ ਨਾਭਾ ਸਰਦਾਰ ਹੀਰਾ ਸਿੰਘ ਪਾਸ ਪਹੁੰਚ ਕੇ ਭਾਈ ਕਾਨ੍ਹ ਸਿੰਘ ਨਾਭਾ ਦੀ ਸ਼ਿਕਾਇਤ ਕਰਦਿਆਂ ਆਖਿਆ, "ਇਹ ਚਿੱਠੀ ਸਰਕਾਰੀ ਕਾਗਜ਼ 'ਤੇ ਲਿਖੀ ਹੋਣ ਕਾਰਨ ਇਹ ਪ੍ਰਭਾਵ ਪੈਂਦਾ ਹੈ ਕਿ ਨਾਭੇ ਦੀ ਰਿਆਸਤੀ ਸਰਕਾਰ ਖੁਦ ਵੀ ਹਰਿਮੰਦਰ ਸਾਹਿਬ ਵਿੱਚੋਂ ਮੂਰਤੀਆਂ ਚੁੱਕਣ 'ਤੇ ਖੁਸ਼ ਹੈ। ਸੋ ਹਿੰਦੂਆਂ ਦੀਆਂ ਭਾਵਨਾਵਾਂ ਦਾ ਧਿਆਨ ਰੱਖਦਿਆਂ ਮਹਾਰਾਜਾ ਨਾਭਾ ਹੀਰਾ ਸਿੰਘ ਨੇ ਭਾਈ ਕਾਨ੍ਹ ਸਿੰਘ ਨਾਭਾ ਨੂੰ ਮੁੜ ਨੌਕਰਿਓਂ ਬਰਤਰਫ ਕਰ ਦਿੱਤਾ। ਭਾਵ ਇਹ ਹੋਇਆ ਕਿ ਮਹਾਰਾਜਾ ਵੀ ਦਰਬਾਰ ਸਾਹਿਬ ਵਿੱਚੋਂ ਮੂਰਤੀਆਂ ਚੁੱਕਣ ਦੇ ਖ਼ਿਲਾਫ਼ ਸੀ।

## ਹਿੰਦੂਆਂ ਦੇ ਵਿਰੋਧ ਦੇ ਬਾਵਜੂਦ ਅੰਗਰੇਜ਼ਾਂ ਨੇ ਆਨੰਦ ਮੈਰਿਜ ਐਕਟ ਬਣਾਇਆ

ਆਰੀਆ ਸਮਾਜੀ ਸਿੱਖਾਂ ਦੀ ਹਰ ਉਸ ਰਹੁ-ਰੀਤ ਦਾ ਵਿਰੋਧ ਕਰਦੇ ਸਨ, ਜਿਹੜੀ ਕਿ ਸਿੱਖਾਂ ਨੂੰ ਹਿੰਦੂਆਂ ਤੋਂ ਵੱਖ ਦਰਸਾਉਂਦੀ ਸੀ। ਇਸੇ ਕੜੀ ਦੇ ਤਹਿਤ ਉਨ੍ਹਾਂ ਨੇ ਸਿੱਖਾਂ ਵਿੱਚ ਪ੍ਰਚਲਤ ਆਨੰਦ ਕਾਰਜ ਰੀਤ ਮੁਤਾਬਕ ਵਿਆਹ ਕਰਨ ਦਾ ਵਿਰੋਧ ਕੀਤਾ। ਸਿੱਖਾਂ ਨੂੰ ਕਿਹਾ ਗਿਆ ਕਿ ਉਹ ਹਿੰਦੂ ਰੀਤ ਮੁਤਾਬਕ ਪੰਡਤਾਂ ਰਾਹੀਂ ਅੱਗ ਦੁਆਲੇ ਫੇਰੇ ਲੈ ਕੇ ਵਿਆਹ ਰਚਾਉਣ। ਇਸੇ ਪ੍ਰਭਾਵ ਅਧੀਨ ਸਿੱਖਾਂ ਦੇ ਕੇਂਦਰੀ ਅਸਥਾਨ ਸ੍ਰੀ ਦਰਬਾਰ ਸਾਹਿਬ ਅਤੇ ਅਕਾਲ ਤਖਤ ਸਾਹਿਬ ਦੇ ਪੁਜਾਰੀ ਵੀ ਆਨੰਦ ਕਾਰਜ ਰੀਤ ਨੂੰ ਮਾਨਤਾ ਦੇਣੋਂ ਇਨਕਾਰੀ ਹੋਏ ਬੈਠੇ ਸਨ। ਉਸ ਵੇਲੇ ਦੇ ਵੱਡੇ ਰਈਸ ਸ. ਸੁੰਦਰ ਸਿੰਘ ਮਜੀਠੀਆ ਆਪਣੇ ਨਵੇਂ ਵਿਆਹੇ ਪੁੱਤਰ ਕ੍ਰਿਪਾਲ ਸਿੰਘ ਅਤੇ ਉਸਦੀ ਪਤਨੀ ਨੂੰ ਲੈ ਕੇ ਸ੍ਰੀ ਅਕਾਲ ਤਖਤ ਸਾਹਿਬ ਪੁੱਜੇ। ਉਨ੍ਹਾਂ ਨੇ ਪ੍ਰਸਾਦ ਅਤੇ ਇੱਕ ਸੌ ਇੱਕ ਰੁਪਈਆ ਭੇਟਾ ਕੀਤਾ, ਪਰ ਤਖਤ 'ਤੇ ਬੈਠੇ ਪੁਜਾਰੀਆਂ ਨੇ ਉਨ੍ਹਾਂ ਨੂੰ ਇਹ ਆਖ ਕੇ ਵਾਪਸ ਮੋੜ ਦਿੱਤਾ ਕਿ ਇਸ ਜੋੜੀ ਦਾ ਵਿਆਹ ਗੁਰਮਤਿ ਮੁਤਾਬਕ ਆਨੰਦ ਕਾਰਜ ਰੀਤ ਰਾਹੀਂ ਹੋਇਆ ਹੈ, ਸੋ ਤੁਹਾਡੀ ਅਰਦਾਸ ਅਸੀਂ ਨਹੀਂ ਕਰਦੇ। ਹਿੰਦੂਆਂ ਨੇ ਲਿਖਤੀ ਪ੍ਰਚਾਰ ਮੁਹਿੰਮ ਵੀ ਆਨੰਦ ਕਾਰਜ ਰੀਤ ਦੇ ਖ਼ਿਲਾਫ਼ ਵਿੱਢੀ ਹੋਈ ਸੀ। ਇਸ ਲਈ ਛਾਪੇ ਪਰਚਿਆਂ ਵਿੱਚ ਇੱਥੋਂ ਤੱਕ ਲਿਖਿਆ ਗਿਆ ਸੀ ਕਿ ਆਨੰਦ ਕਾਰਜ ਰੀਤ ਰਾਹੀਂ ਹੋਏ ਵਿਆਹ ਤੋਂ ਬਾਅਦ ਪੈਦਾ ਹੋਏ ਬੱਚੇ ਹਰਾਮੀ ਹਨ।

ਗੁਰਮਤਿ ਨੂੰ ਮੰਨਣ ਵਾਲੇ ਸਿੱਖਾਂ ਲਈ ਇਹ ਗੱਲਾਂ ਬਹੁਤ ਜਲਾਲਤ ਭਰੀਆਂ ਸਨ। ਟਿੱਕਾ ਰਿਪੁਦਮਨ ਸਿੰਘ ਨਾਭਾ ਉਸ ਵੇਲੇ ਵਾਇਸ ਰਾਏ ਹਿੰਦ ਦੀ ਅਗਜ਼ੈਕਟਿਵ ਕੌਂਸਲ ਦੇ ਮੈਂਬਰ ਸਨ। ਉਦੋਂ ਨਾਮਧਾਰੀ ਮੁਖੀ ਅਤੇ ਹੋਰ ਤੀਹ ਪ੍ਰਮੁੱਖ ਸਿੱਖਾਂ ਨੇ ਅਨੰਦ ਕਾਰਜ ਵਿਆਹ ਦੇ ਤਰੀਕੇ ਨੂੰ ਕਾਨੂੰਨੀ ਮਾਨਤਾ ਦਿਵਾਉਣ ਖਾਤਰ ਟਿੱਕਾ ਸਾਹਿਬ ਨੂੰ ਦਰਖਾਸਤ ਦਿੱਤੀ। ਅੱਗੋਂ ਉਨ੍ਹਾਂ ਨੇ ਕੌਂਸਲ ਦੇ ਕਾਨੂੰਨ ਮਹਿਕਮੇ ਬਾਰੇ ਮੈਂਬਰ ਨੂੰ ਇੱਕ ਖਤ ਲਿਖ ਕੇ ਬੇਨਤੀ ਕੀਤੀ ਕਿ ਸਿੱਖਾਂ ਵਿੱਚ ਆਨੰਦ ਕਾਰਜ ਰੀਤ ਰਾਹੀਂ ਵਿਆਹ ਨੂੰ ਕਾਨੂੰਨੀ ਮਾਨਤਾ ਦੇਣ ਲਈ ਆਨੰਦ ਮੈਰਿਜ ਐਕਟ ਪਾਸ ਕੀਤਾ ਜਾਵੇ। ਕੇਂਦਰ ਸਰਕਾਰ ਨੇ ਪੰਜਾਬ ਸਰਕਾਰ ਦੀ ਰਾਏ ਜਾਣਨ ਲਈ ਇਹ ਬੇਨਤੀ ਸੂਬਾਈ ਸਰਕਾਰ ਨੂੰ ਭੇਜ ਦਿੱਤੀ। ਪੰਜਾਬ ਦੇ ਮੁੱਖ ਸਕੱਤਰ ਨੇ ਕੇਂਦਰ ਸਰਕਾਰ ਨੂੰ ਇਸਦੇ ਜੁਆਬ ਵਿੱਚ ਇਹ ਲਿਖਿਆ ਕਿ ਅਜਿਹਾ ਐਕਟ ਬਣਾਉਣ ਦੀ ਕੋਈ ਲੋੜ ਇਸ ਲਈ ਨਹੀਂ ਜਾਪਦੀ ਕਿ ਆਨੰਦ ਰੀਤ ਰਾਹੀਂ ਹੋਏ ਵਿਆਹ ਬਾਰੇ ਅਜੇ ਤੱਕ ਕੋਈ ਕਾਨੂੰਨੀ ਬਿਖੇੜਾ ਤਾਂ ਖੜ੍ਹਾ ਨਹੀਂ ਹੋਇਆ। ਕੇਂਦਰ ਸਰਕਾਰ ਨੇ ਇਸਦੇ ਜੁਆਬ ਵਿੱਚ ਪੰਜਾਬ ਸਰਕਾਰ ਨੂੰ ਲਿਖਿਆ ਕਿ ਗਵਰਨਰ ਪੰਜਾਬ ਇਸਦੀ ਲੋੜ ਬਾਰੇ ਟਿੱਕਾ ਰਿਪੁਦਮਨ ਸਿੰਘ ਤੋਂ ਖੁਦ ਪੁਛ ਲੈਣ। ਪੁੱਛਣ 'ਤੇ ਟਿੱਕਾ ਸਾਹਿਬ ਨੇ ਇਹ ਜੁਆਬ ਦਿੱਤਾ ਕਿ ਭਾਵੇਂ ਅੱਜ ਤੱਕ ਤਾਂ ਕੋਈ ਕਾਨੂੰਨੀ ਬਿਖੇੜਾ ਖੜ੍ਹਾ ਨਹੀਂ ਹੋਇਆ, ਪਰ ਸਿੱਖਾਂ ਨੂੰ ਸ਼ੱਕ ਹੈ ਕਿ ਕਲ੍ਹ ਨੂੰ ਕੋਈ ਅਜਿਹਾ ਬਿਖੇੜਾ ਖੜ੍ਹਾ ਹੋ ਸਕਦਾ ਹੈ। ਗਵਰਨਰ ਨੇ ਇਸ ਸ਼ੱਕ ਨੂੰ ਦੂਰ ਕਰਨ ਖਾਤਰ ਹੀ ਇਹ ਐਕਟ ਬਣਾਉਣ ਦੀ ਸਹਿਮਤੀ ਦਿੰਦਿਆਂ ਕੇਂਦਰ ਸਰਕਾਰ ਨੂੰ ਲਿਖਿਆ ਕਿ ਇਹ ਐਕਟ ਇਕੱਲੇ ਪੰਜਾਬ ਦੀ ਬਜਾਏ ਸਮੁੱਚੇ ਭਾਰਤ ਵਿੱਚ ਵੀ ਲਾਗੂ ਹੋਣਾ ਚਾਹੀਦਾ ਹੈ।

ਸਰਕਾਰ ਨੇ ਆਪਣੇ ਦਸਤੂਰ ਮੁਤਾਬਕ ਇਹ ਕਾਨੂੰਨ ਬਣਾਉਣ ਤੋਂ ਪਹਿਲਾਂ ਪ੍ਰਭਾਵਤ ਧਿਰਾਂ ਦੀ ਰਾਇ ਲੈਣ ਲਈ ਇਸਦਾ ਖਰੜਾ ਜਾਰੀ ਕੀਤਾ। ਹਿੰਦੂਆਂ ਨੇ ਖਾਸਕਰ ਆਰੀਆ ਸਮਾਜੀਆਂ ਨੇ ਉਸੇ ਤਰ੍ਹਾਂ ਲਿਖਤਾਂ ਅਤੇ ਮੁਜ਼ਾਹਰਿਆਂ ਰਾਹੀਂ ਆਨੰਦ ਮੈਰਿਜ ਐਕਟ ਦਾ ਵਿਰੋਧ ਕੀਤਾ। ਬਹੁਤ ਸਾਰੇ ਹਿੰਦੂ ਵਫਦ ਵੀ ਇਸਦੇ ਖ਼ਿਲਾਫ਼ ਸਰਕਾਰ ਨੂੰ ਮਿਲੇ ਅਤੇ ਤੇਰਾਂ ਹਜ਼ਾਰ ਦਸਤਖਤਾਂ ਵਾਲੀ ਇੱਕ ਪਟੀਸ਼ਨ ਵੀ ਦਿੱਤੀ। ਅੰਤ ਨੂੰ ਸਰਕਾਰ ਨੇ ਹਿੰਦੂਆਂ ਦੇ ਇਸ ਵਿਰੋਧ ਦੀ ਪ੍ਰਵਾਹ ਨਾ ਕਰਦਿਆਂ ਇਹ ਐਕਟ ਪਾਸ ਕਰ ਦਿੱਤਾ। ਸੋ ਸਿੱਖਾਂ ਦੀ ਇੱਕ ਬਹੁਤ ਵੱਡੀ ਮੰਗ ਸਰਕਾਰ ਨੇ ਬਿਨਾਂ ਕਿਸੇ ਅੰਦੋਲਨ ਤੋਂ ਪੂਰੀ ਕਰ ਦਿੱਤੀ। ਇਹ ਗੱਲ ਦੇਖਣ ਨੂੰ ਤਾਂ ਭਾਵੇਂ ਆਮ ਜਿਹਾ ਇਨਸਾਫ ਹੀ ਜਾਪੇ, ਪਰ ਜੇ ਇਸਨੂੰ ਅਜੋਕੇ ਹਾਲਤ ਨਾਲ ਮਿਲਾ ਕੇ ਦੇਖਿਆ ਜਾਵੇ ਤੇ ਇਸ ਵਿੱਚੋਂ ਅੰਗਰੇਜ਼ ਦੀ ਨਿਰਪੱਖਤਾ ਝਲਕਦੀ ਹੈ। ਪਾਠਕ ਅੰਦਾਜ਼ਾ ਲਾਉਣ ਕਿ ਸਿੱਖਾਂ ਦੀ ਕੋਈ ਅਜਿਹੀ ਮੰਗ ਅੱਜ ਦੀ ਸਰਕਾਰ ਪੂਰੀ ਕਰਨ ਲਈ ਤਿਆਰ ਨਹੀਂ, ਜੋ ਸਿੱਖਾਂ ਨੂੰ ਹਿੰਦੂਆਂ ਨਾਲੋਂ ਇੱਕ ਵੱਖਰੇ ਧਰਮ ਲਈ ਮਾਨਤਾ ਦਿੰਦੀ ਹੋਵੇ! ਪਰ ਅੰਗਰੇਜ਼ ਸਰਕਾਰ ਵੱਲੋਂ ਬਿਨਾ ਕਿਸੇ ਹੀਲ ਹੁੱਜਤ ਤੋਂ ਸਿੱਖਾਂ ਦੀ ਅਜਿਹੀ ਮੰਗ ਮੰਨ ਲੈਣਾ ਅੱਜ ਦੀ ਤਰੀਕ ਵਿੱਚ ਅਹਿਮ ਹੈ।

ਅੰਗਰੇਜ਼ਾਂ ਵੱਲੋਂ ਅਨੰਦ ਮੈਰਿਜ ਐਕਟ ਪਾਸ ਕਰਨਾ ਅਤੇ ਦਰਬਾਰ ਸਾਹਿਬ ਅੰਮ੍ਰਿਤਸਰ ਵਿੱਚੋਂ ਮੂਰਤੀਆਂ ਚੁੱਕਣ ਦੇ ਹੁਕਮ ਦੇਣਾ- ਦੋ ਅਜਿਹੀਆਂ ਗੱਲਾਂ ਹਨ ਜੋ ਕਿ ਸਿੱਖਾਂ ਵੱਲੋਂ ਗੁਰਦੁਆਰਿਆਂ ਵਿੱਚੋਂ ਮਹੰਤਾਂ ਨੂੰ ਕੱਢਣ ਵਾਲੀ ਮੁਹਿੰਮ ਤੋਂ ਪਹਿਲਾਂ ਦੀਆਂ ਹਨ। ਜੇ ਸਰਕਾਰ ਮਹੰਤਾਂ ਦੀ ਪਿੱਠ 'ਤੇ ਹੁੰਦੀ ਤਾਂ ਸਿੱਖਾਂ ਦੇ ਬਿਨਾ ਕਿਸੇ ਅੰਦੋਲਨ ਤੋਂ ਅਤੇ ਮਹੰਤਾਂ ਦੇ ਵਿਰੋਧ ਦੇ ਬਾਵਜੂਦ ਇਹ ਗੱਲਾਂ ਕਿਉਂ ਮੰਨ ਲਈਆਂ?

⇒ ਬਾਕੀ ਅਗਲੇ ਅੰਕ ਵਿੱਚ

## ਗੁਮਾਨ-ਅਪਮਾਨ ਦੀ ਸਿਆਸਤ

***ਸਫਾ 7 ਦੀ ਬਾਕੀ...***

ਭਾਰਤ ਨੂੰ ਪਰਵਾਸ ਵਿੱਚ ਗ਼ੈਰ-ਕਾਨੂੰਨੀ ਪਰਵਾਸ ਕਰਨ ਵਾਲੇ ਨੌਜਵਾਨਾਂ ਬਾਰੇ ਸੰਜੀਦਗੀ ਨਾਲ ਸੋਚਣਾ ਪਵੇਗਾ ਕਿ ਇਹ ਪਰਵਾਸ ਕਿਉਂ ਹੋ ਰਿਹਾ ਹੈ? ਪਰਵਾਸ ਵਿੱਚ ਵਹੀਰਾਂ ਘੱਤ ਕੇ ਜਾਣ ਦੇ ਬਹੁਤ ਸਾਰੇ ਕਾਰਨ ਹਨ। ਗ਼ੈਰ ਕਾਨੂੰਨੀ ਪਰਵਾਸ ਪੰਜਾਬੀਆਂ ਵੱਲੋਂ ਗ਼ਦਰੀ ਬਾਬਿਆਂ ਦੇ ਸਮੇਂ ਤੋਂ ਹੋ ਰਿਹਾ ਹੈ। ਉਦੋਂ ਵੀ ਬਹੁਤ ਸਾਰੇ ਗ਼ਦਰੀ ਅਤੇ ਭਾਰਤ ਦੇ ਹੋਰ ਹਿੱਸਿਆਂ ਤੋਂ ਆਜ਼ਾਦੀ ਦੇ ਪ੍ਰਵਾਨੇ ਗਏ ਸਨ। ਉਦੋਂ ਉਨ੍ਹਾਂ ਦੀਆਂ ਸਿਆਸੀ ਮਜ਼ਬੂਰੀਆਂ ਹੋਣਗੀਆਂ, ਪ੍ਰੰਤੂ ਵਰਤਮਾਨ ਪਰਵਾਸ ਦੇ ਮੁੱਖ ਕਾਰਨਾਂ ਪਿੱਛੇ ਬੇਰੁਜ਼ਗਾਰੀ, ਮਹਿੰਗਾਈ, ਕਿਸਾਨਾਂ ਦਾ ਕਰਜ਼ਈ ਹੋਣਾ; ਭਾਰਤ ਦੀ ਪ੍ਰਸ਼ਾਸਨਿਕ ਪ੍ਰਣਾਲੀ, ਏਜੰਟਾਂ ਵੱਲੋਂ ਵਿਖਾਏ ਗਏ ਸੁਨਹਿਰੀ ਸਬਜ਼ਬਾਗ ਅਤੇ ਭੇਡ-ਚਾਲ ਸ਼ਾਮਲ ਹਨ। ਭਾਰਤ ਨੂੰ ਆਪਣੀ ਕੰਮਕਾਜੀ ਪ੍ਰਣਾਲੀ ਬਦਲਣੀ ਪਵੇਗੀ, ਕਿਉਂਕਿ ਨੌਜਵਾਨ ਸਾਡੀ ਪ੍ਰਣਾਲੀ ਤੋਂ ਬਹੁਤ ਦੁਖੀ ਹਨ। ਬਿਊਰੋਕਰੇਸੀ ਤੇ ਸਿਆਸਤਦਾਨਾਂ ਦੀ ਮਿਲੀਭੁਗਤ ਕਰਕੇ ਜਦੋਂ ਲੋਕਾਂ ਨੂੰ ਇਨਸਾਫ਼ ਨਹੀਂ ਮਿਲਦਾ, ਫਿਰ ਉਨ੍ਹਾਂ ਵਿੱਚ ਅਸੰਤੁਸ਼ਟੀ ਵਧਦੀ ਹੈ। ਜੇਕਰ ਰਾਜਾਂ ਅਤੇ ਕੇਂਦਰ ਦੀਆਂ ਸਰਕਾਰਾਂ ਸਿਰਫ਼ ਵੋਟਾਂ ਪ੍ਰਾਪਤ ਕਰਨ ਦੀ ਥਾਂ ਆਪਣੇ ਨਾਗਰਿਕਾਂ ਦੇ ਹਿੱਤਾਂ ਨੂੰ ਮੁੱਖ ਰੱਖ ਕੇ ਯੋਜਨਾਵਾਂ ਬਣਾਉਂਦੀਆਂ ਤਾਂ ਅੱਜ ਸਾਨੂੰ ਇਹ ਹਾਲਾਤ ਵੇਖਣੇ ਨਾ ਪੈਂਦੇ।

ਪੰਜਾਬ ਦੀ ਨੌਜਵਾਨੀ ਆਪਣੇ ਪਿਤਾ ਪੁਰਖੀ ਕੰਮ ਛੱਡ ਕੇ ਵ੍ਹਾਈਟ ਕਾਲਰ ਨੌਕਰੀਆਂ ਭਾਲਦੇ ਹਨ। ਇਸ ਲਈ ਨੌਜਵਾਨਾਂ ਦੇ ਮਾਪੇ ਵੀ ਜ਼ਿੰਮੇਵਾਰ ਹਨ, ਜਿਹੜੇ ਆਪਣੀ ਔਲਾਦ ਨੂੰ ਸਹੀ ਮਾਰਗ ਦਰਸ਼ਨ ਨਹੀਂ ਕਰ ਰਹੇ। ਪੰਜਾਬ ਵਿੱਚ ਰੋਜ਼ਗਾਰ ਦੀ ਘਾਟ ਨਹੀਂ, ਹੋਰਾਂ ਸੂਬਿਆਂ ਦੇ ਲੱਖਾਂ ਲੋਕ ਇੱਥੇ ਆ ਕੇ ਕੰਮ ਕਰ ਰਹੇ ਹਨ। ਪੰਜਾਬੀ ਗ਼ੈਰ-ਕਾਨੂੰਨੀ ਢੰਗ ਨਾਲ ਵਿਦੇਸ਼ ਭੱਜੇ ਜਾ ਰਹੇ ਹਨ। ਸਾਡੀ ਵਿਦਿਅਕ ਪ੍ਰਣਾਲੀ ਵੀ ਰੋਜ਼ਗਾਰ ਮੁਖੀ ਨਹੀਂ ਹੈ, ਇਸ ਪਾਸੇ ਵੀ ਸੁਧਾਰਾਂ ਦੀ ਲੋੜ ਹੈ। ਦੁੱਖ ਦੀ ਗੱਲ ਹੈ ਕਿ ਸਰਕਾਰਾਂ ਜਿਹੜੀ ਵੀ ਨਵੀਆਂ ਯੋਜਨਾਵਾਂ ਬਣਾਉਂਦੀਆਂ ਹਨ, ਉਹ ਵੋਟਾਂ ਨੂੰ ਮੁੱਖ ਰੱਖ ਕੇ ਬਣਾਉਂਦੀਆਂ ਹਨ। ਭਾਰਤ ਦੇ ਵਿਦੇਸ਼ ਮੰਤਰੀ ਜੈ ਸ਼ੰਕਰ ਨੇ ਲੋਕ ਸਭਾ ਵਿੱਚ ਕਿਹਾ ਹੈ ਕਿ ਸਰਕਾਰ ਏਜੰਟਾਂ ਦੀ ਪੜਤਾਲ ਕਰਵਾਏਗੀ। ਇਹ ਬਹੁਤ ਚੰਗੀ ਗੱਲ ਹੈ, ਸਰਕਾਰ ਨੂੰ ਏਜੰਟਾਂ 'ਤੇ ਸ਼ਿਕੰਜਾ ਕੱਸਣਾ ਚਾਹੀਦਾ ਹੈ। ਇਸ ਤੋਂ ਪਹਿਲਾਂ ਵੀ ਰਾਜਾਂ ਵਿੱਚ ਏਜੰਟਾਂ ਦੀਆਂ ਸ਼ਿਕਾਇਤਾਂ ਆਉਂਦੀਆਂ ਰਹੀਆਂ ਹਨ। ਪਹਿਲਾਂ ਵੀ ਬਹੁਤ ਸਾਰੇ ਲੋਕਾਂ ਨਾਲ ਏਜੰਟਾਂ ਨੇ ਧੋਖੇ ਕੀਤੇ ਹਨ, ਉਸ ਸਮੇਂ ਰਾਜ ਸਰਕਾਰਾਂ ਨੇ ਜੇਕਰ ਏਜੰਟਾਂ ਨੂੰ ਫੜ ਕੇ ਸਜ਼ਾਵਾਂ ਦਿਵਾਈਆਂ ਹੁੰਦੀਆਂ ਤਾਂ ਹੁਣ ਤੱਕ ਅਜਿਹੇ ਕਾਰਜ ਬੰਦ ਹੋ ਜਾਂਦੇ। ਗੱਲ ਸਰਕਾਰਾਂ ਦੀ ਪ੍ਰਸ਼ਾਸਨਿਕ ਪ੍ਰਣਾਲੀ ਹੀ ਆ ਜਾਂਦੀ ਹੈ। ਰਾਜ ਅਤੇ ਕੇਂਦਰ ਸਰਕਾਰ ਨੂੰ ਏਜੰਟਾਂ ਬਾਰੇ ਸਾਰਾ ਕੁਝ ਪਤਾ ਹੈ, ਪਰ ਇਹ ਹੀ ਏਜੰਟ ਸਿਆਸਤਦਾਨਾਂ ਨੂੰ ਚੋਣਾਂ ਸਮੇਂ ਫ਼ੰਡ ਦੇ ਦਿੰਦੇ ਹਨ। ਫਿਰ ਉਨ੍ਹਾਂ ਤੋਂ ਇਨਸਾਫ਼ ਦੀ ਉਮੀਦ ਕਿਵੇਂ ਕੀਤੀ ਜਾ ਸਕਦੀ ਹੈ? ਅਜੇ ਵੀ ਡੁਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ, ਕੇਂਦਰ ਅਤੇ ਰਾਜ ਸਰਕਾਰਾਂ ਨੂੰ ਮਿਲ ਕੇ ਕੋਈ ਯੋਜਨਾ ਬਣਾਉਣੀ ਚਾਹੀਦੀ ਹੈ, ਤਾਂ ਜੋ ਗ਼ੈਰ-ਕਾਨੂੰਨੀ ਪਰਵਾਸ ਨੂੰ ਰੋਕਿਆ ਜਾ ਸਕੇ।

## ਰੂਸ ਨਾਲ ਵੀ ਸਾਂਝ ਰੱਖਦੇ ਨੇ ਪੰਜਾਬੀ

**ਬੋਲਦੇ ਪੰਨੇ**

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ
ਫੋਨ:+91-9781646008



*ਪੰਜਾਬੀਆਂ ਨੇ ਦੇਸ਼-ਵਿਦੇਸ਼ ਵਿੱਚ ਮੱਲਾਂ ਮਾਰ ਕੇ ਪੰਜਾਬੀਅਤ ਦਾ ਲੋਹਾ ਸੰਸਾਰ ਭਰ 'ਚ ਮੰਨਵਾਇਆ ਹੈ। ਜਿੱਥੇ ਵੀ ਗਏ, ਉੱਥੇ ਹੀ ਸਾਂਝ ਸਥਾਪਤ ਕੀਤੀ। ਪੰਜਾਬੀ ਸਿੱਖਾਂ ਵੱਲੋਂ ਰੂਸੀ ਸ਼ਹਿਰ ਮਾਸਕੋ ਵਿੱਚ ਗੁਰਦੁਆਰਾ ਸਾਹਿਬ ਦੀ ਸਥਾਪਨਾ ਕਰਨ ਤੋਂ ਪਹਿਲਾਂ ਦੇ ਸਮੇਂ ਅੰਦਰ ਸਮੂਹ ਪੰਜਾਬੀ ਇੱਥੇ ਇੱਕ ਕੰਟੀਨ ਹਾਲ ਕਿਰਾਏ 'ਤੇ ਲੈ ਕੇ ਪਾਠ/ਕੀਰਤਨ ਆਦਿ ਧਾਰਮਿਕ ਗਤੀਵਿਧੀਆਂ ਕਰਿਆ ਕਰਦੇ ਸਨ। ਹੈਰਾਨੀਜਨਕ ਤੱਥ ਹੈ ਕਿ ਰੂਸ ਦੇ ਸੇਂਟ ਪੀਟਰਸਬਰਗ ਵਿਖੇ ਸਥਿਤ ਕੇਂਦਰੀ ਪੁਸਤਕਾਲੇ ਵਿੱਚ ਸਿੱਖਾਂ ਦੀਆਂ ਸਾਹਿਤਕ ਕ੍ਰਿਤਾਂ ਦਾ ਇੱਕ ਵਿਸ਼ਾਲ ਸੰਗ੍ਰਿਹ ਮੌਜੂਦ ਹੈ। ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਨੂੰ ਰੂਸ ਵਿੱਚ 'ਨਾਨਕ ਕਦਮਦਾਰ' ਵਜੋਂ ਜਾਣਿਆ ਜਾਂਦਾ ਹੈ। ਕਿਸੇ ਸਮੇਂ ਕਦੇ ਦੱਖਣੀ ਸਿੱਖ ਵਪਾਰੀ ਰੂਸ ਤੱਕ ਵਪਾਰ ਕਰਿਆ ਕਰਦੇ ਸਨ। ਪੇਸ਼ ਹੈ, ਰੂਸ ਨਾਲ ਪੰਜਾਬੀਆਂ ਦੀ ਸਾਂਝ ਦਾ ਸੰਖੇਪ ਕਿੱਸਾ...*

# ਕਦੇ ਦੱਖਣੀ ਰੂਸ ਤੱਕ ਵਪਾਰ ਕਰਦੇ ਸਨ ਸਿੱਖ ਵਪਾਰੀ

ਕਿਸੇ ਵੇਲੇ 'ਸੋਵੀਅਤ ਸੰਘ' ਦੇ ਨਾਂ ਨਾਲ ਵਿਸ਼ਵ ਦੀ ਸਭ ਤੋਂ ਵੱਡੀ ਮਹਾਂਸ਼ਕਤੀ ਵਜੋਂ ਜਾਣਿਆ ਜਾਂਦਾ ਰੂਸ ਅੱਜ ਵੀ 1,70,98246 ਵਰਗ ਕਿਲੋਮੀਟਰ ਖੇਤਰਫ਼ਲ ਸਹਿਤ ਦੁਨੀਆਂ ਦੇ ਨਕਸ਼ੇ ਦਾ ਸਭ ਤੋਂ ਵੱਡਾ ਮੁਲਕ ਹੈ। ਇਹ ਪੂਰਬੀ ਯਰੂਪ ਤੋਂ ਲੈ ਕੇ ਉੱਤਰੀ ਏਸ਼ੀਆ ਤੱਕ ਪਸਰਿਆ ਹੋਇਆ ਇੱਕ ਅਜਿਹਾ ਮੁਲਕ ਹੈ, ਜਿਸਦੀ ਸਰਹੱਦ 14 ਦੇਸ਼ਾਂ ਨੂੰ ਛੂੰਹਦੀ ਹੈ। ਇਸਦੀ ਆਬਾਦੀ 15 ਕਰੋੜ ਦੇ ਕਰੀਬ ਹੈ ਅਤੇ ਜਨਸੰਖਿਆ ਘਣਤਾ 8.4 ਪ੍ਰਤੀ ਵਰਗ ਕਿਲੋਮੀਟਰ ਹੈ। ਆਬਾਦੀ ਪੱਖੋਂ ਇਹ ਦੁਨੀਆਂ ਦਾ ਨੌਵਾਂ ਮੁਲਕ ਹੈ। ਇਸਦੀ ਰਾਜਧਾਨੀ ਅਤੇ ਸਭ ਤੋਂ ਵੱਡਾ ਸ਼ਹਿਰ ਮਾਸਕੋ ਹੈ, ਜਦੋਂ ਕਿ ਇਸਦੇ ਦੂਜੇ ਵੱਡੇ ਸ਼ਹਿਰ ਸੇਂਟ ਪੀਟਰਸਬਰਗ ਨੂੰ ਰੂਸ ਦੀ 'ਸੱਭਿਆਚਾਰਕ ਰਾਜਧਾਨੀ' ਵਜੋਂ ਜਾਣਿਆ ਜਾਂਦਾ ਹੈ। ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਦਾ ਸ਼ੁਮਾਰ ਵਿਸ਼ਵ ਦੇ ਸਭ ਤੋਂ ਸ਼ਕਤੀਸ਼ਾਲੀ ਆਗੂਆਂ ਵਿੱਚ ਕੀਤਾ ਜਾਂਦਾ ਹੈ, ਪਰ ਬੀਤੇ ਕੁਝ ਵਰ੍ਹਿਆਂ ਤੋਂ ਯੂਕਰੇਨ ਨੇ ਰੂਸ ਦੇ ਨੱਕ 'ਚ ਦਮ ਕੀਤਾ ਹੋਇਆ ਹੈ ਤੇ ਰੂਸ-ਯੁਕਰੇਨ ਯੁੱਧ ਨਿਰੰਤਰ ਜਾਰੀ ਹੈ।

ਭਾਰਤੀ ਦੂਤਾਵਾਸ ਦੁਆਰਾ ਸਾਂਝੀ ਕੀਤੀ ਗਈ ਇੱਕ ਜਾਣਕਾਰੀ ਅਨੁਸਾਰ ਰੂਸ ਵਿੱਚ 14 ਹਜ਼ਾਰ ਦੇ ਕਰੀਬ ਭਾਰਤੀ ਵੱਸਦੇ ਹਨ ਤੇ ਇਨ੍ਹਾਂ ਤੋਂ ਇਲਾਵਾ 1500 ਦੇ ਕਰੀਬ ਭਾਰਤੀ ਮੂਲ ਦੇ ਅਫ਼ਗਾਨੀ ਨਾਗਰਿਕਾਂ ਦਾ ਨਿਵਾਸ ਵੀ ਇੱਥੇ ਹੀ ਹੈ। ਨਾਮਵਰ ਰੂਸੀ ਯਾਤਰੀ 'ਪਲਾਸ' ਨੇ ਆਪਣੇ ਬਿਰਤਾਂਤ ਵਿੱਚ ਦੱਸਿਆ ਹੈ ਕਿ ਅਠਾਰ੍ਹਵੀਂ ਸਦੀ ਵਿੱਚ ਵੋਲਗਾ ਨਦੀ ਦੇ ਮੁਹਾਣੇ 'ਤੇ ਸਥਿਤ ਅਸਤਰਖ਼ਾਨ ਨਾਮਕ ਇਲਾਕੇ ਵਿੱਚ ਮੁਲਤਾਨੀ ਵੈਸ਼ਨਵ ਹਿੰਦੂ ਪਰਿਵਾਰ ਵੱਸਦੇ ਸਨ, ਜੋ ਤਿਜਾਰਤ ਭਾਵ ਵਪਾਰ ਕਰਦੇ ਸਨ। ਬਾਅਦ ਵਿੱਚ ਸੰਨ 1957 ਵਿੱਚ ਸਥਾਪਿਤ ਹੋਇਆ 'ਹਿੰਦੁਸਤਾਨੀ ਸਮਾਜ' ਨਾਮਕ ਸੰਗਠਨ ਇੱਥੇ ਸਥਿਤ ਸਭ ਤੋਂ ਪੁਰਾਣਾ ਭਾਰਤੀ ਸੰਗਠਨ ਹੈ। ਇੱਥੇ ਭਾਰਤੀ ਸੱਭਿਆਚਾਰ ਦੀ ਮਹਿਕ ਬਿਖੇਰਨ ਲਈ ਸੰਨ 1989 ਵਿੱਚ 'ਜਵਾਹਰ ਲਾਲ ਨਹਿਰੂ ਕਲਚਰਲ ਸੈਂਟਰ' ਦੀ ਸਥਾਪਨਾ ਕੀਤੀ ਗਈ ਸੀ। ਭਾਰਤ ਦੇ ਫ਼ਿਲਮ ਅਦਾਕਾਰ ਰਾਜ ਕਪੂਰ ਨੂੰ ਰੂਸ ਵਿੱਚ ਬੇਹੱਦ ਪਸੰਦ ਕੀਤਾ ਜਾਂਦਾ ਸੀ ਤੇ ਰਾਜ ਕਪੂਰ ਨੇ ਵੀ ਆਪਣੀ ਇੱਕ ਫ਼ਿਲਮ ਵਿੱਚ 'ਮੇਰਾ ਜੂਤਾ ਹੈ ਜਾਪਾਨੀ, ਯੇ ਪਤਲੂਨ ਇੰਗਲਿਸ਼ਸਤਾਨੀ, ਸਰ ਪੇ ਲਾਲ ਟੋਪੀ ਰੂਸੀ, ਫਿਰ ਭੀ ਦਿਲ ਹੈ ਹਿੰਦੁਸਤਾਨੀ' ਨਾਮੀਂ ਗੀਤ ਸ਼ਾਮਿਲ ਕੀਤਾ ਸੀ।

ਭਾਰਤ-ਰੂਸ ਦੀ ਦੋਸਤੀ ਦਾ ਆਲਮ ਇਹ ਹੈ ਕਿ ਸੰਨ 2022 ਵਿੱਚ ਰੂਸ-ਯੁਕਰੇਨ ਯੁੱਧ ਦੌਰਾਨ ਰੂਸੀ ਸੈਨਿਕਾਂ ਦੀ ਮਦਦ ਲਈ 'ਦਿਸ਼ਾ: ਰੂਸੀ-ਭਾਰਤੀ ਮਿੱਤਰਤਾ ਸੁਸਾਇਟੀ' ਨਾਮਕ ਸੰਗਠਨ ਵੱਲੋਂ ਦਵਾਈਆਂ ਦੀਆਂ ਦੋ ਵੱਡੀਆਂ ਖੇਪਾਂ ਭੇਜੀਆਂ ਗਈਆਂ ਸਨ। ਇਸ ਸੰਗਠਨ ਦੀ ਸਥਾਪਨਾ ਭਾਰਤੀ ਮੂਲ ਦੇ ਪ੍ਰਭਾਵਸ਼ਾਲੀ ਪੱਤਰਕਾਰ ਅਤੇ ਉੱਘੇ ਵਪਾਰੀ ਰਾਮੇਸ਼ਵਰ ਸਿੰਘ ਵੱਲੋਂ ਕੀਤੀ ਗਈ ਸੀ। ਇੱਥੇ ਜ਼ਿਕਰਯੋਗ ਹੈ ਕਿ ਵਰਤਮਾਨ ਸਮੇਂ ਅੰਦਰ ਵੀ ਜਾਰੀ ਰੂਸ-ਯੁਕਰੇਨ ਯੁੱਧ ਵਿੱਚ ਭਾਗ ਲੈਣ ਲਈ ਸੈਂਕੜੇ ਭਾਰਤੀਆਂ ਨੂੰ ਜਨਵਰੀ 2024 ਵਿੱਚ ਧੋਖੇ ਨਾਲ ਫ਼ੌਜ ਵਿੱਚ ਭਰਤੀ ਕਰ ਲਿਆ ਗਿਆ ਸੀ ਤੇ ਉਕਤ ਯੁੱਧ ਵਿੱਚ ਜ਼ਬਰਦਸਤੀ ਭੇਜ ਦਿੱਤਾ ਗਿਆ ਸੀ, ਜਿੱਥੇ ਸਤੰਬਰ 2024 ਵਿੱਚ ਨੌਂ ਭਾਰਤੀ ਨੌਜਵਾਨ ਸ਼ਹੀਦੀ ਪਾ ਗਏ ਸਨ ਤੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਦਖ਼ਲ ਸਦਕਾ 45 ਭਾਰਤੀ ਨੌਜਵਾਨਾਂ ਨੂੰ ਰੂਸ ਦੀ ਫ਼ੌਜ ਵੱਲੋਂ ਸੇਵਾਮੁਕਤ ਕਰਕੇ ਆਜ਼ਾਦ ਕਰ ਦਿੱਤਾ ਗਿਆ ਸੀ।

ਰੂਸ ਵਿੱਚ ਮਸ਼ਹੂਰ ਭਾਰਤੀ ਮੂਲ ਦੀਆਂ ਸ਼ਖ਼ਸੀਅਤਾਂ ਵਿੱਚ ਅਨੰਤ ਮਹਿੰਦਰੂ, ਸਵਾਤੀ ਰੈੱਡੀ ਅਤੇ ਅਲੀਸ਼ਾ ਰਾਓਤ ਨਾਮੀਂ ਫ਼ਿਲਮ ਅਤੇ ਟੀ.ਵੀ. ਅਦਾਕਾਰਾਵਾਂ ਤੋਂ ਇਲਾਵਾ ਅਬਾਨੀ ਮੁਖਰਜੀ ਦਾ ਨਾਂ ਲਿਆ ਜਾ ਸਕਦਾ ਹੈ, ਜਿਨ੍ਹਾ ਨੂੰ 'ਕਮਿਊਨਿਸਟ ਪਾਰਟੀ ਆੱਫ਼ ਇੰਡੀਆ' ਦੀ ਸਹਿ-ਸੰਸਥਾਪਕ ਹੋਣ ਦਾ ਸ਼ਰਫ਼ ਹਾਸਿਲ ਹੈ।



■ ਭਾਰਤੀ ਫੌਜ ਦੀ ਸਿੱਖ ਲਾਈਟ ਇਨਫੈਂਟਰੀ ਰੈਜੀਮੈਂਟ 2020 ਮਾਸਕੋ ਵਿਕਟਰੀ ਡੇਅ ਪਰੇਡ ਵਿੱਚ ਮਾਰਚ ਕਰਦੀ ਹੋਈ।



■ ਸੇਂਟ ਪੀਟਰਸਬਰਗ ਸ਼ਹਿਰ ਦਾ ਖ਼ੂਬਸੂਰਤ ਦ੍ਰਿਸ਼, ਨੂੰ ਰੂਸ ਦੀ 'ਸੱਭਿਆਚਾਰਕ ਰਾਜਧਾਨੀ' ਵਜੋਂ ਜਾਣਿਆ ਜਾਂਦਾ ਹੈ।

ਰੂਸ ਵਿਖੇ ਵੱਸਣ ਵਾਲੇ ਪੰਜਾਬੀਆਂ ਦੀ ਜੇਕਰ ਗੱਲ ਕੀਤੀ ਜਾਵੇ ਤਾਂ ਪ੍ਰਾਪਤ ਜਾਣਕਾਰੀ ਤੋਂ ਪਤਾ ਲੱਗਦਾ ਹੈ ਕਿ ਇੱਥੇ ਪੰਜਾਬੀ ਬਹੁਤ ਹੀ ਘੱਟ ਗਿਣਤੀ ਵਿੱਚ ਹਨ। ਇੱਥੇ ਵੱਸਦੇ ਪੰਜਾਬੀਆਂ ਦੀ ਸੰਖਿਆ ਇੱਕ ਹਜ਼ਾਰ ਦੇ ਨੇੜੇ-ਤੇੜੇ ਹੈ। ਇੱਥੇ ਰੂਸ ਵਿੱਚ ਸਿੱਖ ਧਰਮ ਨਾਲ ਸਬੰਧਿਤ ਇੱਕੋ-ਇੱਕ ਗੁਰਦੁਆਰਾ ਹੈ, ਜੋ ਕਿ ਮਾਸਕੋ ਵਿਖੇ ਸਥਿਤ ਹੈ। ਸੰਨ 2020 ਵਿੱਚ ਇੱਥੋਂ ਦੀ ਮਸ਼ਹੂਰ 'ਮਾਸਕੋ ਵਿਕਟਰੀ ਪਰੇਡ' ਵਿੱਚ ਭਾਰਤੀ ਫ਼ੌਜ ਦੀ 'ਸਿੱਖ ਲਾਈਟ ਇਨਫ਼ੈਂਟਰੀ ਰੈਜੀਮੈਂਟ' ਨੇ ਵੀ ਸ਼ਮੂਲੀਅਤ ਕਰਨ ਦਾ ਮਾਣ ਹਾਸਿਲ ਕੀਤਾ ਸੀ।

ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਨੂੰ ਰੂਸ ਵਿੱਚ 'ਨਾਨਕ ਕਦਮਦਾਰ' ਵਜੋਂ ਜਾਣਿਆ ਜਾਂਦਾ ਹੈ। ਵੀਹਵੀਂ ਸਦੀ ਦੇ ਪੰਜਵੇਂ ਦਹਾਕੇ ਵਿੱਚ 'ਭਾਰਤ-ਸੋਵੀਅਤ ਸੰਘ ਸੱਭਿਆਚਾਰਕ ਵਟਾਂਦਰੇ' ਅਧੀਨ ਕੁਝ ਸਿੱਖ ਵਿਦਿਆਰਥੀਆਂ ਨੂੰ ਇੱਥੇ ਸੱਦਿਆ ਗਿਆ ਸੀ ਤੇ ਕੱਚੇ ਤੌਰ 'ਤੇ ਰਹਿਣ ਦੀ ਆਗਿਆ ਵੀ ਪ੍ਰਦਾਨ ਕੀਤੀ ਗਈ ਸੀ। ਜਿਹੜੇ ਸਿੱਖ ਨੌਜਵਾਨ 'ਕਮਿਊਨਿਜ਼ਮ' ਨੂੰ ਸਵੀਕਾਰ ਕਰਦੇ ਸਨ, ਉਨ੍ਹਾਂ ਨੂੰ ਸੋਵੀਅਤ ਸੰਘ ਵਿਖੇ ਆਉਣ ਦੀ ਇਜਾਜ਼ਤ ਦਿੱਤੀ ਗਈ ਸੀ। ਇਸ ਨੀਤੀ ਤਹਿਤ ਰੂਸ ਆਉਣ ਵਾਲੇ ਸਿੱਖ ਵਿਦਿਆਰਥੀ ਵਧੇਰੇ ਕਰਕੇ ਰੇਡੀਓ ਅਤੇ ਪ੍ਰਕਾਸ਼ਨ ਵਿਭਾਗ ਵਿੱਚ ਕੰਮ ਕਰਦੇ ਸਨ। ਸੰਨ 1991 ਵਿੱਚ 'ਸੋਵੀਅਤ ਸੰਘ' ਦੇ ਭੰਗ ਹੋ ਜਾਣ ਪਿੱਛੋਂ ਇਹ ਸੱਭਿਆਚਾਰਕ ਆਦਾਨ-ਪ੍ਰਦਾਨ ਤਾਂ ਖ਼ਤਮ ਹੋ ਗਿਆ, ਪਰ ਪੰਜਾਬੀਆਂ ਦਾ ਰੂਸ ਵੱਲ ਨੂੰ ਜਾਣ ਦਾ ਪ੍ਰਚਲਨ ਖ਼ਤਮ ਨਹੀਂ ਹੋਇਆ।

ਪੰਜਾਬੀ ਸਿੱਖਾਂ ਵੱਲੋਂ ਇੱਥੇ ਮਾਸਕੋ ਵਿੱਚ ਗੁਰਦੁਆਰਾ ਸਾਹਿਬ ਦੀ ਸਥਾਪਨਾ ਕਰਨ ਤੋਂ ਪਹਿਲਾਂ ਦੇ ਸਮੇਂ ਅੰਦਰ ਸਮੂਹ ਪੰਜਾਬੀ ਇੱਥੇ ਇੱਕ ਕੰਟੀਨ ਹਾਲ ਕਿਰਾਏ 'ਤੇ ਲੈ ਕੇ ਪਾਠ/ਕੀਰਤਨ ਆਦਿ ਧਾਰਮਿਕ ਗਤੀਵਿਧੀਆਂ ਕਰਿਆ ਕਰਦੇ ਸਨ। ਸੰਨ 1996 ਵਿੱਚ 'ਮਾਸਕੋ ਗੁਰਦੁਆਰਾ ਕਮੇਟੀ' ਨੂੰ ਰਜਿਸਟਰ ਕਰਵਾ ਲਿਆ ਗਿਆ ਸੀ ਤੇ ਸੰਨ 2005 ਵਿੱਚ ਅਫ਼ਗਾਨੀ ਸਿੱਖਾਂ ਵੱਲੋਂ ਇੱਥੇ 'ਗੁਰਦੁਆਰਾ ਨਾਨਕ ਦਰਬਾਰ' ਦੀ ਸਥਾਪਨਾ ਕਰ ਦਿੱਤੀ ਗਈ ਸੀ। ਇੱਥੇ ਵਿਸ਼ੇਸ਼ ਤੌਰ 'ਤੇ ਜ਼ਿਕਰਯੋਗ ਹੈ ਕਿ ਰੂਸ ਦੀ ਸਰਕਾਰ ਕਿਉਂਕਿ ਪ੍ਰਤੱਖ ਰੂਪ ਵਿੱਚ ਇਥੇ ਕਿਸੇ ਗੁਰਦੁਆਰਾ ਸਾਹਿਬ ਦੀ ਸਥਾਪਨਾ ਨੂੰ ਪ੍ਰਵਾਨਗੀ ਨਹੀਂ ਦਿੰਦੀ ਹੈ, ਇਸ ਲਈ ਰੂਸੀ ਸਰਕਾਰ ਦੀਆਂ ਨਜ਼ਰਾਂ ਵਿੱਚ ਇਹ ਗੁਰਦੁਆਰਾ ਸਾਹਿਬ ਕੇਵਲ ਇੱਕ 'ਸੱਭਿਆਚਾਰਕ ਕੇਂਦਰ' ਹੈ, ਜਿੱਥੇ ਪੰਜਾਬੀ ਲੋਕ ਜੁੜ ਬੈਠਦੇ ਹਨ। ਇੱਥੇ ਹਰੇਕ ਐਤਵਾਰ ਸੌ ਦੇ ਕਰੀਬ ਸਿੱਖ ਇਕੱਤਰ ਹੁੰਦੇ ਹਨ, ਪਰ 'ਗੁਰਪੁਰਬ' ਜਾਂ ਵਿਸ਼ੇਸ਼ ਮੌਕਿਆਂ 'ਤੇ ਇਸ ਗੁਰਦੁਆਰਾ ਸਾਹਿਬ ਵਿੱਚ ਦੋ ਸੌ ਤੋਂ ਵੱਧ ਪੰਜਾਬੀ ਲੋਕ ਇਕੱਠੇ ਹੋ ਜਾਂਦੇ ਹਨ ਤੇ ਸ਼ਰਧਾਪੂਰਵਕ ਸਮੁੱਚਾ ਸਮਾਗਮ ਨੇਪਰੇ ਚਾੜ੍ਹਦੇ ਹਨ। ਸਾਲ 2010 ਦੇ ਆਸ-ਪਾਸ ਅਫ਼ਗਾਨਿਸਤਾਨ ਵੱਲੋਂ ਸਿੱਖਾਂ ਦੇ ਰੂਸ ਵੱਲ ਆਉਣ ਨਾਲ ਇੱਥੇ ਵੱਸਦੇ ਸਿੱਖਾਂ ਦੀ ਗਿਣਤੀ ਵਿੱਚ ਵਾਧਾ ਹੋ ਗਿਆ ਸੀ। ਮਾਸਕੋ ਵਿਖੇ ਵੱਸਣ ਵਾਲੇ ਜ਼ਿਆਦਾਤਰ ਪੰਜਾਬੀ ਪਰਿਵਾਰ ਵੱਖ-ਵੱਖ ਵਸਤਾਂ ਦੇ ਵਪਾਰ ਦਾ ਕਾਰੋਬਾਰ ਕਰਦੇ ਹਨ।

ਇੱਕ ਹੋਰ ਜਾਣਕਾਰੀ ਅਨੁਸਾਰ ਭਾਰਤੀ ਪੰਜਾਬ ਵਿੱਚ 'ਮਿਸਲਾਂ' ਦੇ ਰਾਜ ਵੇਲੇ ਤੋਂ ਲੈ ਕੇ ਵੀਹਵੀਂ ਸਦੀ ਦੇ ਪਹਿਲੇ ਅੱਧ ਤੱਕ ਸਿੱਖ ਵਪਾਰੀ ਦੱਖਣੀ ਰੂਸ ਤੋਂ ਲੈ ਕੇ ਮੱਧ ਏਸ਼ੀਆ 'ਚੋਂ ਹੁੰਦੇ ਹੋਏ ਚੀਨ ਤੱਕ ਵੱਖ-ਵੱਖ ਵਸਤਾਂ ਦਾ ਵਪਾਰ ਕਰਦੇ ਰਹੇ ਸਨ। ਬੜਾ ਹੈਰਾਨੀਜਨਕ ਤੱਥ ਹੈ ਕਿ ਰੂਸ ਦੇ ਸੇਂਟ ਪੀਟਰਸਬਰਗ ਵਿਖੇ ਸਥਿਤ ਕੇਂਦਰੀ ਪੁਸਤਕਾਲੇ ਵਿੱਚ ਸਿੱਖਾਂ ਦੀਆਂ ਸਾਹਿਤਕ ਕ੍ਰਿਤਾਂ ਦਾ ਇੱਕ ਵਿਸ਼ਾਲ ਸੰਗ੍ਰਿਹ ਮੌਜੂਦ ਹੈ। ਇਨ੍ਹਾਂ ਸਾਹਿਤਕ ਕ੍ਰਿਤਾਂ ਨੂੰ ਰੂਸੀਆਂ ਵੱਲੋਂ ਸਿੱਖ ਵਪਾਰੀਆਂ ਅਤੇ ਗ੍ਰੰਥੀਆਂ ਦੇ ਸਹਿਯੋਗ ਨਾਲ ਇਕੱਤਰ ਕੀਤਾ ਗਿਆ ਸੀ। ਜਦੋਂ ਰੂਸੀ ਸਮਾਰਾਜ ਦੇ ਪਤਨ ਪਿੱਛੋਂ ਸੋਵੀਅਤ ਸੰਘ ਦਾ ਜਨਮ ਹੋਇਆ ਤਾਂ ਬਹੁਤ ਸਾਰੇ ਸਿੱਖ ਆਪਣੇ ਭਲੇ ਲਈ ਰੂਸ ਛੱਡ ਕੇ ਚਲੇ ਗਏ ਸਨ। ਉਨ੍ਹਾਂ ਵਿੱਚੋਂ ਕੁਝ ਕੁ ਸਿੱਖ ਅਜੇ ਵੀ ਈਰਾਨ ਸਥਿਤ ਤਹਿਰਾਨ ਅਤੇ ਜ਼ਹਦਾਨ ਵਿਖੇ ਵੱਸਦੇ ਹਨ। ਇਹ ਦੋਵੇਂ ਹੀ ਕਿਸੇ ਵੇਲੇ ਸਿੱਖਾਂ ਲਈ ਵੱਡੇ ਵਪਾਰਕ ਕੇਂਦਰ ਸਨ। ਇੱਕ ਜਾਣਕਾਰੀ ਅਨੁਸਾਰ ਰੂਸ ਦੇ ਹੀ ਹਿੱਸੇ ਯੁਕਰੇਨ ਦੇ ਉਡੇਸਾ ਨਗਰ ਵਿੱਚ ਵੀ ਇੱਕ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ, ਜਿਸਨੂੰ ਰੂਸ-ਯੁਕਰੇਨ ਯੁੱਧ ਕਰਕੇ ਹਾਲ ਦੀ ਘੜੀ ਪੂਰੀ ਤਰ੍ਹਾਂ ਖ਼ਾਲੀ ਕੀਤਾ ਹੋਇਆ ਹੈ।

# ਫਿਰ ਤਖਤ ਹਜ਼ਾਰੇ ਦੀ ਖ਼ੈਰ ਨਹੀਂ ਹੁੰਦੀ!

*ਸਫਾ ਇੱਕ ਦੀ ਬਾਕੀ...*

ਪੱਕੇ ਦਿਮਾਗ ਵਿੱਚ ਧਸ ਗਏ।

ਇਹ ਸਿਰਫ ਭਾਸ਼ਾ ਨਹੀਂ ਹੈ, ਜੋ ਪੰਜਾਬ ਦੇ ਆਪੇ ਨਾਲ ਰੁਸ ਗਈ ਹੈ; ਇੱਥੋਂ ਦਾ ਸਭ ਤੋਂ ਸੁਪਰੀਮ ਆਰਥਕ/ਜੀਵਨ ਸੋਮਾ ਵੀ ਚੋਰੀ ਹੋ ਗਿਆ ਹੈ। ਕੁਝ ਤਾਂ ਪੰਜਾਬ ਵਿੱਚ ਦਾਖਲ ਹੋਣ ਤੋਂ ਪਹਿਲਾਂ ਹੀ ਚੋਰੀ ਹੋ ਗਿਆ ਅਤੇ ਬਾਕੀ ਦਾ ਪੰਜਾਬ ਵਿੱਚ ਦਾਖਲ ਹੋਣ ਤੋਂ ਬਾਅਦ ਵੀ ਲਾਮ੍ਹਾਂ ਨੂੰ ਚਲਾ ਗਿਆ ਹੈ। ਸਾਡੇ ਕੋਲ ਬੱਦੀ ਤੋਂ ਲੈ ਕੇ ਲੁਧਿਆਣੇ ਤੱਕ ਦੀ ਜ਼ਹਿਰ ਬਾਕੀ ਰਹਿ ਗਈ ਹੈ। ਬਸ ਹਰੀਕੇ ਤੱਕ ਬਿਆਸ ਜਿਉਂਦਾ ਹੈ, ਬਾਅਦ ਵਿੱਚ ਇਹ ਵੀ ਸਾਡੇ ਹੱਥਾਂ ਵਿੱਚੋਂ ਖਿਸਕਾ ਲਿਆ ਜਾਂਦਾ ਹੈ। ਸਤਲੁਜ ਦੀ ਤੇ ਰੋਪੜ ਤੋਂ ਲੈ ਕੇ ਸਰਹੱਦ ਤੱਕ, ਲਾਸ਼ ਪੀਲੀ ਰੇਤ ਬਣੀ ਪਈ ਹੈ। ਪੰਜਾਬ ਦੇ ਚਵਲ਼ ਜਿਹੇ ਲੀਡਰਾਂ ਤੋਂ ਮੰਗਵੀਂ ਘੁੱਟ ਕੁ ਪੀ ਕੇ ਲਲਕਾਰੇ ਮਾਰਨ ਵਾਲੀ ਪੰਜਾਬ ਦੀ ਮੁੰਡ੍ਹੀਰ ਇਧਰ ਊਂਘਦੀ ਫਿਰਦੀ, ਉਧਰ ਅਮਰੀਕਿਓਂ ਟਰੰਪ ਜਹਾਜ਼ ਭਰ-ਭਰ ਕੇ ਬਰੰਗ ਮੋੜਨ ਲੱਗਾ ਹੋਇਆ। ਸ਼ਹਿਰੀ ਰੁਜ਼ਗਾਰ ਪੂਰਬੀਆਂ ਨੇ ਸਾਂਭ ਲਏ ਨੇ ਤੇ ਪੇਂਡੂ ਵੀ। ਸਾਡੇ ਵਾਲੇ ਸਰਦਾਰਾਂ ਦੇ ਮੁੰਡੇ ਫੰਡਰ ਸਿਆਸਤ ਦੇ ਡੋਕੇ ਚੋਣ ਵਿੱਚ ਰੁਝੇ ਹੋਏ ਹਨ। ਪਿੰਡ ਕਿਤੇ ਡੋਬੇ ਨਾਲ, ਕਿਧਰੇ ਸੋਕੇ ਨਾਲ ਮਰ ਜਾਂਦਾ। ਜਦ ਨੂੰ ਸਾਹ ਜਿਹਾ ਆਉਣ ਲਗਦਾ ਹੈ, ਉਦੋਂ ਨੂੰ ਫਿਰ ਕੋਈ ਹੋਰ ਆਫਤ ਖੜ੍ਹੀ ਹੁੰਦੀ ਹੈ। ਜਦੋਂ ਲੋੜ ਹੋਵੇ ਪੰਜਾਬ ਸਿਓਂ ਦੀਆਂ ਖਾਲਾਂ ਵਿੱਚ ਪਾਣੀ ਨਹੀਂ ਹੁੰਦਾ, ਜਦੋਂ ਹੜ੍ਹ ਆਵੇ ਉਦੋਂ ਸਾਡੀਆਂ ਫਸਲਾਂ, ਡੰਗਰ ਵੱਛੇ ਡੋਬਣ ਲਈ ਨਹਿਰਾਂ/ਦਰਿਆ ਕੰਢਿਆਂ 'ਤੋਂ ਦੀ ਵਗਣ ਲਗਦੇ ਹਨ। ਸਰਸਾ 'ਚ ਪਾਣੀ ਦੀ ਕਸਰ ਨਾ ਰਹਿ ਜੇ ਇਹਦੇ ਲਈ ਗੁਆਂਢੀ ਦੀਵਾਰਾਂ ਉਸਾਰ ਲੈਂਦੇ ਨੇ! ਸਾਡੇ ਆਲੇ 'ਰਾਜੇ' ਆਪਣੇ ਸ਼ਹਿਰ ਦਾ ਬੂਹਾ ਬੰਦ ਕਰਨ ਦੇ ਸਮਰੱਥ ਵੀ ਨਹੀਂ ਹਨ। ਅਖੇ ਉੱਠ ਆਪ ਤੋਂ ਨੀ ਹੁੰਦਾ, ਫਿੱਟ ਮੂੰਹ ਗੋਡਿਆਂ ਦੇ।

ਦੇਸ਼ ਦੇ ਹਾਕਮਾਂ/ਅਦਾਲਤਾਂ/ਮੰਤਰੀ/ਸੰਤਰੀਆਂ ਅਨੁਸਾਰ ਇਹ ਸਭ ਕੁਝ ਕਾਨੂੰਨੀ ਹੈ। ਸਾਡਾ ਡੁੱਬਣਾ ਵੀ, ਸਾਡਾ ਸੁਕਣਾ ਤੇ ਗੁਆਚ ਜਾਣਾ ਵੀ। ਸਾਡਾ ਰੋਣਾ/ਚੀਕ ਮਾਰਨਾ/ਨਿੱਕੀ ਮੋਟੀ ਗਾਲ੍ਹ ਕੱਢਣਾ ਸਭ ਗੈਰ-ਕਾਨੂੰਨੀ ਹੈ। ਭਾਖੜਾ ਡੈਮ ਦੀ ਮੈਨੇਜਮੈਂਟ ਵਿੱਚੋਂ ਵੀ ਪੰਜਾਬ ਬੇਦਖਲ ਕਰ ਦਿੱਤਾ ਗਿਆ ਹੈ। ਇਹਦੇ 'ਤੇ ਹੁਣ 'ਬੋਦੀ' ਵਾਲੇ ਤਾਰੇ ਦਾ ਪਹਿਰਾ ਹੋ ਗਿਆ। ਇਹ ਮਨਹੂਸ ਸਿਰਫ ਪੰਜਾਬ ਵਾਲੇ ਪਾਸੇ ਘੂਰੀ ਵੱਟੀਂ ਵੇਖਦਾ। ਮਨਹੂਸ ਦ੍ਰਿਸ਼ਾਂ ਨੂੰ ਲਲਕਾਰਨ ਵਾਲਾ ਪੰਜਾਬ ਹੁਣ ਕਿਧਰੇ ਦੂਰ ਚਲਾ ਗਿਆ ਹੈ। ਆਪਣੇ ਆਪ ਤੋਂ ਬਹੁਤ ਦੂਰ... ਆਪਣੇ ਵਜੂਦ ਤੋਂ ਬਹੁਤ ਦੂਰ ਚਲਾ ਗਿਆ ਹੈ। ਇੰਝ 'ਘਰਵਾਲੇ' ਜਿਨ੍ਹਾਂ ਘਰਾਂ ਨਾਲ ਵਿਹਰ ਜਾਣ, ਉਨ੍ਹਾਂ ਦੀ ਵਾਢੀ ਕਰਨ ਲਈ ਫਿਰ ਕਾਲੇ ਕੱਛਿਆਂ ਵਾਲੇ ਹੀ ਰਹਿ ਜਾਂਦੇ ਹਨ। ਕਾਲੀਆਂ ਰੂਹਾਂ ਇਨ੍ਹਾਂ ਦੇ ਸੁਆਗਤ ਲਈ ਲੈਰੇ ਜਿਸਮਾਂ ਦੀ ਸੁਗਾਤ ਲੈ ਕੇ ਪੇਸ਼ ਹੁੰਦੀਆਂ। ਨੰਗ-ਧੜੰਗੇ ਸਾਡੇ ਵਿਹੜਿਆਂ ਵਿੱਚ ਵੜੇ ਇਹ ਆਮ ਜਿਹੇ ਆਦਮੀ ਫਿਰ ਖਾਸ ਕੁਰਸੀਆਂ 'ਤੇ ਬੈਠ ਜਾਂਦੇ ਹਨ। ਜਦੋਂ ਯਾਰਾਂ ਵਾਲੇ ਪਲੰਘ ਘਸਿਆਰੇ ਮੱਲ ਲੈਣ, ਫਿਰ ਤਖਤ ਹਜ਼ਾਰੇ ਦੀ ਖੈਰ ਨਹੀਂ ਹੁੰਦੀ!


# ਕ੍ਰਿਕਟ ਪਿੱਛੋਂ ਸਿਆਸਤ ਦੀ ਪਾਰੀ ਖੇਡਣ ਵਾਲਾ

**ਖਿਡਾਰੀ ਪੰਜ-ਆਬ ਦੇ (36)**

ਨਵਦੀਪ ਸਿੰਘ ਗਿੱਲ
ਫੋਨ: +91-9780036216



## ਪਾਕਿਸਤਾਨ ਕ੍ਰਿਕਟ ਦਾ ਮਸੀਹਾ ਇਮਰਾਨ ਖਾਨ



***ਪੰਜਾਬ ਦੀ ਧਰਤੀ ਨੇ ਵੱਡੇ-ਵੱਡੇ ਖਿਡਾਰੀ ਪੈਦਾ ਕੀਤੇ ਹਨ- ਚਾਹੇ ਇਹ ਚੜ੍ਹਦਾ ਪੰਜਾਬ ਹੋਵੇ ਜਾਂ ਫਿਰ ਲਹਿੰਦਾ ਪੰਜਾਬ। ਨਾਮੀ ਖੇਡ ਲੇਖਕ ਨਵਦੀਪ ਸਿੰਘ ਗਿੱਲ ਵੱਲੋਂ ਇਸ ਕਾਲਮ ਰਾਹੀਂ ਚੋਟੀ ਦੇ ਖਿਡਾਰੀਆਂ ਦੇ ਖੇਡ ਕਰੀਅਰ ਉਤੇ ਝਾਤ ਪਾਈ ਜਾ ਰਹੀ ਹੈ। ਹਥਲੇ ਲੇਖ ਵਿੱਚ ਆਪਣੀ ਕਪਤਾਨੀ ਹੇਠ ਇਕਲੌਤਾ ਤੇ ਪਲੇਠਾ ਵਿਸ਼ਵ ਕੱਪ ਜਿਤਾਉਣ ਵਾਲੇ ਕ੍ਰਿਕਟਰ ਇਮਰਾਨ ਖਾਨ ਦਾ ਵੇਰਵਾ ਪੇਸ਼ ਹੈ। ਵਿਸ਼ਵ ਕੱਪ ਦੀ ਜਿੱਤ ਤੋਂ ਬਾਅਦ ਇਮਰਾਨ ਨੇ ਕ੍ਰਿਕਟ ਨੂੰ ਅਲਵਿਦਾ ਆਖ ਦਿੱਤੀ। ਵਿਸ਼ਵ ਕੱਪ ਦਾ ਫ਼ਾਈਨਲ ਉਸ ਦਾ ਆਖਰੀ ਕੌਮਾਂਤਰੀ ਮੈਚ ਸੀ, ਜਿਸ ਦੀ ਆਖਰੀ ਗੇਂਦ ਉਪਰ ਉਸ ਨੇ ਵਿਕਟ ਵੀ ਲਈ ਅਤੇ ਪਹਿਲਾਂ ਬੱਲੇਬਾਜ਼ੀ ਕਰਦਿਆਂ ਸ਼ਾਨਦਾਰ ਅਰਧ ਸੈਂਕੜਾ ਵੀ ਲਗਾਇਆ। ਕ੍ਰਿਕਟ ਛੱਡਣ ਤੋਂ ਬਾਅਦ ਉਸ ਨੇ ਸਿਆਸਤ ਵਿੱਚ ਐਂਟਰੀ ਮਾਰੀ, ਜਿੱਥੇ ਉਹ ਦੇਸ਼ ਦੇ ਸਭ ਤੋਂ ਵੱਡੇ ਅਹੁਦੇ ਪ੍ਰਧਾਨ ਮੰਤਰੀ ਤੱਕ ਪੁੱਜਾ। ਉਹ ਇਸ ਵੇਲੇ ਗ੍ਰਿਫਤਾਰ ਹੈ ਤੇ ਉਸ ਉਪਰ ਕਈ ਮਾਮਲੇ ਚੱਲ ਰਹੇ ਹਨ।***

ਇਮਰਾਨ ਖਾਨ ਪਾਕਿਸਤਾਨ ਕ੍ਰਿਕਟ ਦਾ ਮਸੀਹਾ ਹੈ। ਉਹ ਪਾਕਿਸਤਾਨ ਨੂੰ ਆਪਣੀ ਕਪਤਾਨੀ ਹੇਠ ਇਕਲੌਤਾ ਤੇ ਪਲੇਠਾ ਵਿਸ਼ਵ ਕੱਪ ਜਿਤਾਉਣ ਵਾਲਾ ਕ੍ਰਿਕਟਰ ਹੈ। ਸਹੀ ਮਾਅਨਿਆਂ ਵਿੱਚ ਇਮਰਾਨ ਨਾ ਸਿਰਫ ਪਾਕਿਸਤਾਨ ਬਲਕਿ ਏਸ਼ੀਆ ਦਾ ਪਹਿਲਾ ਤੇਜ਼ ਗੇਂਦਬਾਜ਼ ਆਖਿਆ ਜਾਂਦਾ ਹੈ। ਉਹ ਵਿਸ਼ਵ ਕ੍ਰਿਕਟ ਦੇ ਆਲ ਰਾਊਂਡਰਾਂ ਵਿੱਚੋਂ ਸਿਖਰਲੇ ਨੰਬਰ ਉਪਰ ਹੈ, ਜੋ ਸਿਰਫ ਆਪਣੀ ਬੱਲੇਬਾਜ਼ੀ ਅਤੇ ਸਿਰਫ ਗੇਂਦਬਾਜ਼ੀ ਵਿੱਚੋਂ ਕਿਸੇ ਵੀ ਇੱਕ ਚੀਜ਼ ਦੇ ਦਮ ਉਤੇ ਟੀਮ ਦਾ ਅਹਿਮ ਖਿਡਾਰੀ ਰਿਹਾ ਹੈ। ਕਈ ਮੈਚਾਂ ਵਿੱਚ ਉਸ ਨੇ ਸਿਰਫ ਬੱਲੇਬਾਜ਼ੀ ਕੀਤੀ ਅਤੇ ਕਈ ਮੈਚ ਉਸ ਨੇ ਬਤੌਰ ਗੇਂਦਬਾਜ਼ ਹੀ ਖੇਡੇ। ਇਮਰਾਨ ਨੇ ਇੱਕ ਦਹਾਕਾ ਟੀਮ ਦੀ ਕਪਤਾਨੀ ਕਰਦਿਆਂ ਪਾਕਿਸਤਾਨ ਦੇ ਨੌਜਵਾਨਾਂ ਕ੍ਰਿਕਟਰਾਂ ਨੂੰ ਖੋਜ ਕੇ ਅਜਿਹਾ ਤਰਾਸ਼ਿਆ ਕਿ ਉਹ ਵਿਸ਼ਵ ਕ੍ਰਿਕਟ ਦੇ ਵੱਡੇ ਖਿਡਾਰੀ ਬਣ ਕੇ ਉਭਰੇ। ਇਨ੍ਹਾਂ ਵਿੱਚ ਵਸੀਮ ਅਕਰਮ, ਵੱਕਾਰ ਯੂਨਿਸ, ਇੰਜ਼ਮਾਮ ਉਲ ਹੱਕ ਜਿਹੇ ਖਿਡਾਰੀ ਸ਼ਾਮਲ ਹਨ। ਇਮਰਾਨ ਨੂੰ ਰਿਵਰਸ ਸਵਿੰਗ ਦਾ ਮਾਹਿਰ ਮੰਨਿਆ ਜਾਂਦਾ ਸੀ, ਜਿਸ ਨੇ ਅਗਾਂਹ ਇਸ ਦਾ ਗੁਰ ਵਸੀਮ ਤੇ ਵੱਕਾਰ ਨੂੰ ਵੀ ਸਿਖਾਇਆ। ਇਮਰਾਨ ਖਾਨ ਨੇ ਕ੍ਰਿਕਟ ਛੱਡਣ ਤੋਂ ਬਾਅਦ ਸਿਆਸਤ ਵਿੱਚ ਐਂਟਰੀ ਮਾਰੀ, ਜਿੱਥੇ ਉਹ ਦੇਸ਼ ਦੇ ਸਭ ਤੋਂ ਵੱਡੇ ਅਹੁਦੇ ਪ੍ਰਧਾਨ ਮੰਤਰੀ ਤੱਕ ਪੁੱਜਾ। ਇਮਰਾਨ ਖਾਨ ਦੀ ਪਛਾਣ ਹੋਰ ਵੀ ਬਣੀ, ਜਦੋਂ ਆਪਣੇ ਕਾਰਜਕਾਲ ਵਿੱਚ ਇਤਿਹਾਸਕ ਕਰਤਾਰਪੁਰ ਲਾਂਘਾ ਖੁਲ੍ਹਵਾਇਆ। ਸਿੱਖ ਸੰਗਤ ਦਹਾਕਿਆਂ ਤੋਂ ਵਿਛੜੇ ਗੁਰਧਾਮਾਂ ਦੇ ਖੁੱਲ੍ਹੇ ਦਰਸ਼ਨ ਦੀਦਾਰ ਲਈ ਅਰਦਾਸ ਕਰਦੀ ਸੀ ਅਤੇ ਇਸ ਲਾਂਘੇ ਦੇ ਖੁੱਲ੍ਹਣ ਨਾਲ ਭਾਰਤ ਰਹਿੰਦੀ ਸੰਗਤ ਹੁਣ ਨਿੱਤ ਦਿਨ ਡੇਰਾ ਬਾਬਾ ਨਾਨਕ ਕੋਲ ਰਾਵੀ ਪਾਰ ਪਾਕਿਸਤਾਨ ਵਿੱਚ ਸਥਿਤ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨ ਜਾਂਦੀ ਹੈ।

ਇਮਰਾਨ ਖਾਨ ਦਾ ਜਨਮ 5 ਅਕਤੂਬਰ 1952 ਨੂੰ ਲਾਹੌਰ ਵਿਖੇ ਹੋਇਆ। ਉਸ ਦੇ ਪਿਤਾ ਇਕਚਮਾਉਲਾ ਖਾਨ ਨਿਆਜ਼ੀ ਸਿਵਲ ਇੰਜੀਨੀਅਰ ਸਨ। ਮਾਤਾ ਸ਼ੌਕਤ ਖਾਨਮ ਦੀ ਕੁੱਖੋਂ ਜਨਮੇ ਇਮਰਾਨ ਦੀਆਂ ਚਾਰ ਭੈਣਾਂ ਸਨ। ਇਮਰਾਨ ਦਾ ਬਚਪਨ ਲਹਿੰਦੇ ਪੰਜਾਬ ਦੇ ਉਤਰ ਪੱਛਮ ਵਿੱਚ ਸਥਿਤ ਮੀਆਂਵਾਲੀ ਵਿੱਚ ਬੀਤਿਆ। ਦਾਦਕਾ ਪਰਿਵਾਰ ਪਸ਼ਤੂਨ ਨਿਆਜ਼ੀ ਕਬੀਲੇ ਨਾਲ ਸਬੰਧਤ ਹੈ, ਜਿਨ੍ਹਾਂ ਦਾ ਸਬੰਧ ਪਠਾਨ ਬਾਦਸ਼ਾਹ ਸ਼ੇਰਸ਼ਾਹ ਸੂਰੀ ਦੇ ਪਰਿਵਾਰ ਨਾਲ ਹੈ। ਇਮਰਾਨ ਦੇ ਨਾਨਕਿਆਂ ਦਾ ਪਿਛੋਕੜ ਜਲੰਧਰ ਸ਼ਹਿਰ ਵਿੱਚ ਸਥਿਤ ਬਸਤੀ ਦਾਨਿਸ਼ਮੰਦਾਂ ਹੈ, ਜਿੱਥੋਂ ਉਸ ਦਾ ਨਾਨਕਾ ਪਰਿਵਾਰ ਛੇ ਸੌ ਸਾਲ ਪਹਿਲਾਂ ਜਲੰਧਰੋਂ ਸ਼ਿਫਟ ਹੋ ਕੇ ਚਲਾ ਗਿਆ ਸੀ, ਜੋ ਕਿ ਬਰਕੀ ਪਸ਼ਤੂਨ ਕਬੀਲੇ ਨਾਲ ਸਬੰਧਤ ਸਨ। ਨਾਨਕਾ ਪਰਿਵਾਰ ਵਿੱਚ ਕ੍ਰਾਂਤੀਕਾਰੀ ਸੂਫ਼ੀ ਕਵੀ ਪੀਰ-ਏ-ਰੌਸ਼ਨ ਉਸ ਦੇ ਵੱਡੇ ਵਡੇਰੇ ਸਨ। ਇਮਰਾਨ ਦੇ ਪਰਿਵਾਰ ਵਿੱਚ ਜਾਵੇਦ ਬਰਕੀ ਤੇ ਮਾਜਿਦ ਖਾਨ ਪਾਕਿਸਤਾਨ ਟੀਮ ਦੇ ਕ੍ਰਿਕਟਰ ਰਹੇ ਹਨ।

ਇਮਰਾਨ ਨੇ ਸਕੂਲੀ ਪੜ੍ਹਾਈ ਇੰਗਲੈਂਡ ਦੇ ਸ਼ਹਿਰ ਵਾਰਸੈਸਟਰ ਸਥਿਤ ਰੌਇਲ ਗਰਾਮਰ ਵਿੱਚੋਂ ਹਾਸਲ ਕੀਤੀ, ਜਿੱਥੋਂ ਉਸ ਨੂੰ ਕ੍ਰਿਕਟ ਖੇਡਣ ਦੀ ਜਾਗ ਲੱਗੀ। ਛੋਟੇ ਹੁੰਦਿਆਂ ਇੱਕ ਵਾਰ ਉਹ ਦਰੱਖਤ ਤੋਂ ਡਿੱਗ ਗਿਆ ਸੀ, ਜਿਸ ਕਾਰਨ ਖੱਬੀ ਬਾਂਹ ਟੁੱਟ ਗਈ ਸੀ। ਸੱਜੇ ਹੱਥ ਨਾਲ ਬੱਲੇਬਾਜ਼ੀ ਅਤੇ ਗੇਂਦਬਾਜ਼ੀ ਕਰਨ ਵਾਲੇ ਇਮਰਾਨ ਦੀ ਸੱਜੀ ਬਾਂਹ ਬਚ ਗਈ ਸੀ, ਨਹੀਂ ਤਾਂ ਉਸ ਦਾ ਕਰੀਅਰ ਸ਼ੁਰੂ ਹੋਣ ਤੋਂ ਪਹਿਲਾਂ ਹੀ ਖਤਮ ਹੋ ਜਾਣਾ ਸੀ। 16 ਵਰ੍ਹਿਆਂ ਦੀ ਉਮਰੇ ਉਹ ਫਸਟ ਕਲਾਸ ਮੈਚ ਖੇਡਿਆ। ਲਾਹੌਰ ਦੇ ਐਥੀਸਨ ਕਾਲਜ ਵਿੱਚ ਪੜ੍ਹਦਿਆਂ ਉਹ ਹਾਕੀ ਵੀ ਖੇਡਦਾ ਹੁੰਦਾ ਸੀ। ਆਕਸਫੋਰਡ ਸਥਿਤ ਕੈਬਲੇ ਕਾਲਜ ਤੋਂ ਗਰੈਜੂਏਸ਼ਨ ਕਰਦਿਆਂ ਉਹ ਪਾਕਿਸਤਾਨ ਕ੍ਰਿਕਟ ਟੀਮ ਵਿੱਚ ਚੁਣਿਆ ਗਿਆ। 3 ਜੂਨ 1971 ਨੂੰ 19 ਵਰ੍ਹਿਆਂ ਦੇ ਇਮਰਾਨ ਐਡਿਬੈਸਟਨ ਵਿਖੇ ਇੰਗਲੈਂਡ ਖਿਲਾਫ ਆਪਣਾ ਪਹਿਲਾ ਟੈਸਟ ਮੈਚ ਖੇਡਿਆ। ਉਸ ਮੈਚ ਵਿੱਚ ਉਹ ਖਾਸ ਖੇਡ ਨਹੀਂ ਦਿਖਾ ਸਕਿਆ, ਜਿਸ ਕਾਰਨ ਅਗਲਾ ਮੈਚ ਖੇਡਣ ਲਈ ਉਸ ਨੂੰ ਤਿੰਨ ਸਾਲ ਉਡੀਕ ਕਰਨੀ ਪਈ। 1974 ਵਿੱਚ ਉਹ ਪਾਕਿਸਤਾਨ ਕ੍ਰਿਕਟ ਟੀਮ ਦਾ ਪੱਕਾ ਖਿਡਾਰੀ ਬਣ ਗਿਆ ਅਤੇ ਟ੍ਰੈਂਟ ਬ੍ਰਿਜ ਵਿਖੇ ਇੰਗਲੈਂਡ ਖਿਲਾਫ ਹੀ ਆਪਣਾ ਪਹਿਲਾ ਇੱਕ ਰੋਜ਼ਾ ਮੈਚ ਖੇਡਿਆ, ਜਿਸ ਤੋਂ ਬਾਅਦ ਉਸ ਨੇ ਪਿੱਛੇ ਮੁੜ ਕੇ ਨਹੀਂ ਵੇਖਿਆ। ਉਸ ਨੂੰ ਸਹੀ ਮਾਅਨਿਆਂ ਵਿੱਚ ਪਾਕਿਸਤਾਨ ਤੇ ਏਸ਼ੀਆ ਦਾ ਪਹਿਲਾ ਤੇਜ਼ ਗੇਂਦਬਾਜ਼ ਆਖਿਆ ਜਾਂਦਾ ਸੀ। 1975 ਵਿੱਚ ਖੇਡੇ ਗਏ ਪਹਿਲੇ ਵਿਸ਼ਵ ਕੱਪ ਵਿੱਚ ਇਮਰਾਨ ਨੇ ਆਸਟਰੇਲੀਆ ਖਿਲਾਫ ਦੋ ਅਤੇ ਸ੍ਰੀਲੰਕਾ ਖਿਲਾਫ ਤਿੰਨ ਵਿਕਟਾਂ ਲਈਆਂ। ਤੇਜ਼ ਗੇਂਦਬਾਜ਼ੀ ਨਾਲ ਸ਼ੁਰੂਆਤ ਕਰਨ ਵਾਲਾ ਇਮਰਾਨ ਬੱਲੇਬਾਜ਼ੀ ਵਿੱਚ ਮੱਧਕ੍ਰਮ ਵਿੱਚ ਖੇਡਦਾ ਸੀ, ਜੋ ਕਿ ਲੋੜ ਪੈਣ ਉਤੇ ਟੀਮ ਨੂੰ ਸੰਭਾਲਦਾ ਸੀ। ਇਮਰਾਨ ਖਾਨ ਸ਼ੁਰੂਆਤੀ ਸਮੇਂ ਚੈਸਟ ਆਨ ਐਕਸ਼ਨ ਨਾਲ ਗੇਂਦ ਸੁੱਟਦਾ ਸੀ, ਜਿਸ ਨਾਲ ਗੇਂਦ ਤੇਜ਼ ਨਹੀਂ ਸੁੱਟੀ ਜਾਂਦੀ ਸੀ। ਤੇਜ਼ ਗੇਂਦ ਸੁੱਟਣ ਲਈ ਉਸ ਨੇ ਆਪਣਾ ਐਕਸ਼ਨ ਬਦਲਿਆ, ਜਿਸ ਉਪਰ ਬਹੁਤ ਮਿਹਨਤ ਕੀਤੀ। ਉਸ ਦੀ ਮਿਹਨਤ ਦਾ ਮੁੱਲ ਪਿਆ ਅਤੇ ਉਹ ਤੇਜ਼ ਗੇਂਦ ਸੁੱਟਣ ਲੱਗਿਆ।

1978 ਵਿੱਚ ਪਰਥ ਵਿਖੇ ਆਸਟਰੇਲੀਆ ਖਿਲਾਫ ਖੇਡਦਿਆਂ ਉਸ ਨੇ 139.7 ਕਿਲੋ ਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਗੇਂਦ ਸੁੱਟੀ। ਉਹ ਉਸ ਵੇਲੇ ਜੈਫ ਥੌਮਸਨ ਤੇ ਮਾਈਕਲ ਹੋਲਡਿੰਗ ਤੋਂ ਬਾਅਦ ਵਿਸ਼ਵ ਕ੍ਰਿਕਟ ਵਿੱਚ ਸਭ ਤੋਂ ਤੇਜ਼ ਗੇਂਦਬਾਜ਼ ਸੁੱਟਣ ਵਾਲਾ ਗੇਂਦਬਾਜ਼ ਬਣਿਆ। 1979 ਵਿੱਚ ਖੇਡੇ ਦੂਜੇ ਵਿਸ਼ਵ ਕੱਪ ਵਿੱਚ ਇਮਰਾਨ ਖਾਨ ਨੇ ਕੁੱਲ ਪੰਜ ਵਿਕਟਾਂ ਲਈਆਂ ਅਤੇ ਇਸ ਵਿਸ਼ਵ ਕੱਪ ਵਿੱਚ ਪਾਕਿਸਤਾਨ ਟੀਮ ਸੈਮੀ ਫ਼ਾਈਨਲ ਖੇਡੀ। 1981-82 ਦੇ ਸੀਜ਼ਨ ਵਿੱਚ ਇਮਰਾਨ ਖਾਨ ਨੇ 139 ਵਿਕਟਾਂ ਨਾਲ ਪਾਕਿਸਤਾਨ ਲਈ ਸਭ ਤੋਂ ਵੱਧ ਵਿਕਟਾਂ ਹਾਸਲ ਕਰਨ ਵਾਲੇ ਫਜ਼ਲ ਮਹਿਮੂਦ ਦਾ ਰਿਕਾਰਡ ਤੋੜਿਆ। 1982 ਵਿੱਚ ਇਮਰਾਨ ਖਾਨ ਨੂੰ ਜਾਵੇਦ ਮਿਆਂਦਾਦ ਤੋਂ ਬਾਅਦ ਪਾਕਿਸਤਾਨ ਟੀਮ ਦੀ ਕਪਤਾਨੀ ਮਿਲੀ। ਆਪਣੀ ਕਪਤਾਨੀ ਵਿੱਚ ਇਮਰਾਨ ਦੀ ਖੇਡ ਵਿੱਚ ਹੋਰ ਨਿਖਾਰ ਆ ਗਿਆ। ਇੰਗਲੈਂਡ ਦੇ ਟੂਰ ਉਤੇ ਉਸ ਨੇ 21 ਵਿਕਟਾਂ ਲਈਆਂ ਅਤੇ 56 ਦੀ ਔਸਤ ਨਾਲ ਦੌੜਾਂ ਬਣਾਈਆਂ। ਬੱਲੇਬਾਜ਼ੀ ਤੇ ਗੇਂਦਬਾਜ਼ੀ ਦੋਵੇਂ ਪੱਖਾਂ ਵਿੱਚ ਉਸ ਦਾ ਪ੍ਰਦਰਸ਼ਨ ਸਰਵੋਤਮ ਰਿਹਾ। ਭਾਰਤ ਖਿਲਾਫ 6 ਮੈਚਾਂ ਵਿੱਚ 40 ਵਿਕਟਾਂ ਲਈਆਂ। 1982-83 ਦੇ ਇੱਕ ਸੀਜ਼ਨ ਵਿੱਚ ਉਸ ਨੇ 13 ਮੈਚਾਂ ਵਿੱਚ 88 ਵਿਕਟਾਂ ਲਈਆਂ।

1983 ਵਿੱਚ ਖੇਡੇ ਗਏ ਤੀਜੇ ਵਿਸ਼ਵ ਕੱਪ ਵਿੱਚ ਪਾਕਿਸਤਾਨ ਨੇ ਇਮਰਾਨ ਖਾਨ ਦੀ ਕਪਤਾਨੀ ਵਿੱਚ ਹਿੱਸਾ ਲਿਆ। ਇਸ ਵਿਸ਼ਵ ਕੱਪ ਵਿੱਚ ਇਮਰਾਨ ਖਾਨ ਨੇ ਗੇਂਦਬਾਜ਼ੀ ਦੀ ਬਜਾਏ ਬੱਲੇਬਾਜ਼ ਵਜੋਂ ਛਾਪ ਛੱਡੀ। ਸ੍ਰੀਲੰਕਾ ਖਿਲਾਫ ਖੇਡੇ ਦੋ ਮੈਚਾਂ ਵਿੱਚ ਸ਼ਾਨਦਾਰ ਪਾਰੀਆਂ ਖੇਡੀਆਂ। ਨਾਬਾਦ 102 ਦੀ ਪਾਰੀ ਨਾਲ ਆਪਣੇ ਇੱਕ ਰੋਜ਼ਾ ਕਰੀਅਰ ਦਾ ਪਹਿਲਾ ਸੈਂਕੜਾ ਲਗਾਇਆ। ਦੂਜੇ ਮੈਚ ਵਿੱਚ 33 ਗੇਂਦਾਂ ਵਿੱਚ ਨਾਬਾਦ 56 ਦੌੜਾਂ ਦੀ ਪਾਰੀ ਖੇਡੀ। ਨਿਊਜ਼ੀਲੈਂਡ ਖਿਲਾਫ 74 ਗੇਂਦਾਂ ਉਤੇ ਨਾਬਾਦ 79 ਦੌੜਾਂ ਦੀ ਪਾਰੀ ਖੇਡੀ। ਇਸੇ ਸਾਲ ਉਸ ਦੇ ਸੱਟ ਲੱਗ ਗਈ, ਜਿਸ ਕਾਰਨ ਇੱਕ ਸੀਜ਼ਨ ਉਹ ਖੇਡ ਤੋਂ ਬਾਹਰ ਰਿਹਾ ਅਤੇ 1984-85 ਸੀਜ਼ਨ ਵਿੱਚ ਵਾਪਸੀ ਕੀਤੀ। ਇਮਰਾਨ ਖਾਨ ਦੀ ਕਪਤਾਨੀ ਹੇਠ ਪਾਕਿਸਤਾਨ ਟੀਮ 1985 ਵਿੱਚ ਵਿਸ਼ਵ ਕ੍ਰਿਕਟ ਚੈਂਪੀਅਨਸ਼ਿਪ ਵਿੱਚ ਦੂਜੇ ਸਥਾਨ ਉਤੇ ਰਹੀ ਅਤੇ 1986 ਵਿੱਚ ਏਸ਼ੀਆ ਕੱਪ ਵਿੱਚ ਉਪ ਜੇਤੂ ਰਹੀ। ਸ਼ਾਰਜਾਹ ਵਿਖੇ 1986 ਤੇ 1990 ਵਿੱਚ ਖੇਡੇ ਗਏ ਦੋ ਆਸਟਰੇਲੀਆ ਏਸ਼ੀਆ ਕੱਪਾਂ ਵਿੱਚ ਪਾਕਿਸਤਾਨ ਨੇ ਜਿੱਤ ਹਾਸਲ ਕੀਤੀ। 1987 ਵਿੱਚ ਪਾਕਿਸਤਾਨ ਨੂੰ ਇਮਰਾਨ ਦੀ ਕਪਤਾਨੀ ਹੇਠ ਭਾਰਤ ਤੇ ਇੰਗਲੈਂਡ ਖਿਲਾਫ ਪਹਿਲੀ ਲੜੀ ਦੀ ਜਿੱਤ ਮਿਲੀ। ਵਿਸ਼ਵ ਕ੍ਰਿਕਟ ਦੀ ਤਾਕਤਵਾਰ ਟੀਮ ਵੈਸਟ ਇੰਡੀਜ਼ ਨਾਲ ਤਿੰਨ ਡਰਾਅ ਮੈਚ ਖੇਡੇ। ਵੈਸਟ ਇੰਡੀਜ਼ ਖਿਲਾਫ ਲੜੀ ਦੀ ਜਿੱਤ ਵਿੱਚ 3 ਮੈਚਾਂ ਵਿੱਚ 23 ਵਿਕਟਾਂ ਨਾਲ ਮੈਨ ਆਫ਼ ਦੀ ਸੀਰੀਜ਼ ਬਣਿਆ। 1980 ਤੋਂ 1988 ਦੇ ਵਿਚਕਾਰ ਉਹ ਆਪਣੇ ਖੇਡ ਜੀਵਨ ਦੀ ਸਿਖਰ ਉਤੇ ਸੀ, ਜਦੋਂ ਉਸ ਨੇ 236 ਵਿਕਟਾਂ ਹਾਸਲ ਕੀਤੀਆਂ। 18 ਵਾਰ ਇੱਕ ਪਾਰੀ ਵਿੱਚ ਪੰਜ ਵਿਕਟਾਂ ਅਤੇ 5 ਵਾਰ ਇੱਕ ਮੈਚ ਵਿੱਚ 10 ਵਿਕਟਾਂ ਹਾਸਲ ਕੀਤੀਆਂ। 1983 ਵਿੱਚ ਉਸ ਦੀ ਵਿਸ਼ਵ ਰੇਟਿੰਗ ਵਿੱਚ 922 ਅੰਕ ਸਨ, ਜਦੋਂ ਕਿ ਉਸ ਵੇਲੇ ਮੌਜੂਦਾ ਸਮੇਂ ਵਾਂਗ ਆਈ.ਸੀ.ਸੀ. ਦਰਜਾਬੰਦੀ ਅੰਕ ਨਹੀਂ ਹੁੰਦੇ ਸਨ।

1987 ਵਿੱਚ ਭਾਰਤ ਤੇ ਪਾਕਿਸਤਾਨ ਦੀ ਸਹਿ ਮੇਜ਼ਬਾਨੀ ਵਿੱਚ ਖੇਡੇ ਗਏ ਵਿਸ਼ਵ ਕੱਪ ਵਿੱਚ ਪਾਕਿਸਤਾਨ ਨੂੰ ਆਪਣੀ ਟੀਮ ਤੋਂ ਵੱਡੀਆਂ ਉਮੀਦਾਂ ਸਨ। ਇਮਰਾਨ ਖਾਨ ਨੇ ਕਪਤਾਨਾਂ ਵਾਲੀ ਖੇਡ ਦਿਖਾਈ। ਪੂਰੇ ਵਿਸ਼ਵ ਕੱਪ ਵਿੱਚ 17 ਵਿਕਟਾਂ ਲਈਆਂ। ਆਸਟਰੇਲੀਆ ਖਿਲਾਫ ਸੈਮੀ ਫ਼ਾਈਨਲ ਵਿੱਚ ਪਹਿਲਾਂ ਗੇਂਦਬਾਜ਼ੀ ਕਰਦਿਆਂ ਉਸ ਨੇ 10 ਓਵਰਾਂ ਵਿੱਚ 36 ਦੌੜਾਂ ਦੇ ਕੇ ਤਿੰਨ ਵਿਕਟਾਂ ਲਈਆਂ ਅਤੇ ਵਿਰੋਧੀ ਟੀਮ ਨੇ 267 ਦਾ ਸਕੋਰ ਬਣਾਇਆ। 268 ਦੇ ਟੀਚੇ ਦਾ ਪਿੱਛਾ ਕਰਦਿਆਂ ਪਾਕਿਸਤਾਨ ਟੀਮ 249 ਦੌੜਾਂ ਹੀ ਬਣਾ ਸਕੀ ਅਤੇ ਪਾਕਿਸਤਾਨ ਦਾ ਵਿਸ਼ਵ ਕੱਪ ਜਿੱਤਣ ਦਾ ਸੁਫ਼ਨਾ ਚਕਨਾਚੂਰ ਹੋ ਗਿਆ। ਇਮਰਾਨ ਨੇ ਸੈਮੀ ਫ਼ਾਈਨਲ ਵਿੱਚ ਚੰਗੀ ਗੇਂਦਬਾਜ਼ੀ ਤੋਂ ਬਾਅਦ ਬੱਲੇਬਾਜ਼ੀ ਕਰਦਿਆਂ ਵੀ 58 ਦੌੜਾਂ ਬਣਾ ਕੇ ਆਲਰਾਊਂਡ ਪ੍ਰਦਰਸ਼ਨ ਕੀਤਾ। ਵਿਸ਼ਵ ਕੱਪ ਦੀ ਹਾਰ ਤੋਂ ਬਾਅਦ ਇਮਰਾਨ ਖਾਨ ਨੇ ਇਕੇਰਾਂ ਸੰਨਿਆਸ ਲੈ ਲਿਆ। ਇਮਰਾਨ ਦੀ ਉਮਰ ਉਸ ਵੇਲੇ 35 ਸਾਲ ਸੀ, ਪਰ ਪਾਕਿਸਤਾਨ ਕ੍ਰਿਕਟ ਨੂੰ ਹਾਲੇ ਵੀ ਉਸ ਦੀ ਲੋੜ ਸੀ, ਖਾਸ ਕਰਕੇ ਇਮਰਾਨ ਖਾਨ ਵਰਗੇ ਤਜ਼ਰਬੇਕਾਰ ਕਪਤਾਨ ਦੀ। ਇਮਰਾਨ ਦੀ ਵਡੇਰੀ ਉਮਰ ਦੇ ਬਾਵਜੂਦ ਪਾਕਿਸਤਾਨ ਦੇ ਤਤਕਾਲੀ ਰਾਸ਼ਟਰਪਤੀ ਜ਼ਿਆ ਉਲ ਹੱਕ ਨੇ ਉਸ ਨੂੰ ਸੰਨਿਆਸ ਵਾਪਸ ਲੈਣ ਲਈ ਆਖਿਆ। ਇਮਰਾਨ ਨੇ 1988 ਵਿੱਚ ਕ੍ਰਿਕਟ ਵਿੱਚ ਫੇਰ ਵਾਪਸੀ ਕਰ ਲਈ।

ਆਸਟਰੇਲੀਆ ਵਿਖੇ 1992 ਦੇ ਵਿਸ਼ਵ ਕੱਪ ਵਿੱਚ ਇਮਰਾਨ ਖਾਨ ਜ਼ਖ਼ਮੀ ਸ਼ੇਰ ਵਾਂਗ ਆਪਣੀ ਟੀਮ ਲੈ ਕੇ ਪੁੱਜਾ। ਟੀਮ ਵਿੱਚ ਨਵੀਂ ਉਮਰ ਦੇ ਕਈ ਖਿਡਾਰੀ ਸਨ, ਜਿਹੜੇ ਇਮਰਾਨ ਖਾਨ ਨੇ ਉਚੇਚੇ ਤੌਰ ਉਤੇ ਵਿਸ਼ਵ ਕੱਪ ਲਈ ਟੀਮ ਵਿੱਚ ਚੁਣੇ ਸਨ। ਗੇਂਦਬਾਜ਼ੀ ਵਿੱਚ ਵਸੀਮ ਅਕਰਮ ਤੇ ਬੱਲੇਬਾਜ਼ੀ ਵਿੱਚ ਇੰਜ਼ਮਾਮ ਉਲ ਹੱਕ ਵਿਸ਼ਵ ਕ੍ਰਿਕਟ ਵਿੱਚ ਨਵੇਂ ਖਿਡਾਰੀ ਵਜੋਂ ਉਤਰੇ। ਸ਼ੁਰੂਆਤੀ ਮੈਚਾਂ ਵਿੱਚ ਪਾਕਿਸਤਾਨ ਟੀਮ ਥੋੜ੍ਹਾ ਲੜਖੜਾਈ ਅਤੇ ਅੰਤ ਆਖਰੀ ਲੀਗ ਮੈਚਾਂ ਵਿੱਚ ਸੰਭਲਦੀ ਹੋਈ ਨਿਊਜ਼ੀਲੈਂਡ ਖਿਲਾਫ ਆਖਰੀ ਲੀਗ ਮੈਚ ਦੀ ਜਿੱਤ ਨਾਲ ਸੈਮੀ ਫ਼ਾਈਨਲ ਵਿੱਚ ਪੁੱਜ ਗਈ। ਪਾਕਿਸਤਾਨ ਦੀ ਬੱਲੇਬਾਜ਼ੀ ਕਮਜ਼ੋਰ ਹੋਣ ਕਰਕੇ ਇਮਰਾਨ ਖਾਨ ਨੇ ਜਾਵੇਦ ਮਿਆਂਦਾਦ ਨਾਲ ਮਿਲ ਕੇ ਉਪਰ ਖੇਡਣਾ ਸ਼ੁਰੂ ਕੀਤਾ। ਲੀਗ ਦੌਰ ਵਿੱਚ ਇਮਰਾਨ ਨੇ ਦੱਖਣੀ ਅਫਰੀਕਾ ਖਿਲਾਫ 34 ਦੌੜਾਂ ਬਣਾਈਆਂ ਅਤੇ ਗੇਂਦਬਾਜ਼ੀ ਕਰਦਿਆਂ ਦੋ ਵਿਕਟਾਂ ਲਈਆਂ। ਸ੍ਰੀਲੰਕਾ ਖਿਲਾਫ ਇੱਕ ਵਿਕਟ ਹਾਸਲ ਕੀਤੀ ਅਤੇ ਘੱਟ ਸਕੋਰ ਵਾਲੇ ਮੈਚ ਵਿੱਚ 22 ਦੌੜਾਂ ਦੀ ਅਹਿਮ ਪਾਰੀ ਖੇਡੀ। ਆਸਟਰੇਲੀਆ ਖਿਲਾਫ ਦੋ ਅਤੇ ਨਿਊਜ਼ੀਲੈਂਡ ਖਿਲਾਫ ਇੱਕ ਵਿਕਟ ਹਾਸਲ ਕੀਤੀ। ਸੈਮੀ ਫ਼ਾਈਨਲ ਤੋਂ ਪਹਿਲਾਂ ਟੀਮ ਦਾ ਨਵਾਂ ਨਕੋਰ ਬੱਲੇਬਾਜ਼ ਇੰਜ਼ਮਾਮ ਉਲ ਹੱਕ ਫਿੱਟ ਨਹੀਂ ਸੀ, ਪਰ ਇਮਰਾਨ ਨੇ ਉਸ ਨੂੰ ਫੇਰ ਵੀ ਖੇਡਣ ਲਈ ਆਖਿਆ। ਇਮਰਾਨ ਖੁਦ ਪਹਿਲੀ ਵਾਰ ਤੀਜੇ ਨੰਬਰ ਉਤੇ ਖੇਡਣ ਆਇਆ ਅਤੇ 44 ਦੌੜਾਂ ਦੀ ਅਹਿਮ ਪਾਰੀ ਖੇਡੀ। ਇੰਜ਼ਮਾਮ ਨੇ 60 ਦੌੜਾਂ ਦੀ ਪਾਰੀ ਖੇਡੀ ਅਤੇ ਪਾਕਿਸਤਾਨ ਨੇ ਚਾਰ ਵਿਕਟਾਂ ਨਾਲ ਜਿੱਤ ਹਾਸਲ ਕੀਤੀ। ਇੰਗਲੈਂਡ ਖਿਲਾਫ ਫ਼ਾਈਨਲ ਮੈਚ ਵਿੱਚ ਪਾਕਿਸਤਾਨ ਨੇ 249 ਦਾ ਸਕੋਰ ਬਣਾਇਆ, ਜਿਸ ਵਿੱਚ ਸਭ ਤੋਂ ਵੱਧ ਯੋਗਦਾਨ ਇਮਰਾਨ ਖਾਨ ਨੇ 72 ਦੌੜਾਂ ਦੀ ਇਤਿਹਾਸਕ ਪਾਰੀ ਖੇਡ ਕੇ ਪਾਇਆ। ਛੋਟੇ ਸਕੋਰ ਦਾ ਪਿੱਛਾ ਕਰ ਰਹੀ ਇੰਗਲੈਂਡ ਨੂੰ ਪਾਕਿਸਤਾਨੀ ਗੇਂਦਬਾਜ਼ਾਂ ਨੇ 227 ਦੇ ਸਕੋਰ ਉਤੇ ਰੋਕ ਕੇ 22 ਦੌੜਾਂ ਦੀ ਜਿੱਤ ਨਾਲ ਪਾਕਿਸਤਾਨ ਨੂੰ ਪਲੇਠਾ ਵਿਸ਼ਵ ਕੱਪ ਜਿਤਾਇਆ। ਇੰਗਲੈਂਡ ਦੇ ਆਖਰੀ ਬੱਲੇਬਾਜ਼ ਰਿਚਰਡ ਇਲਿੰਗਵਰਥ ਨੂੰ ਇਮਰਾਨ ਖਾਨ ਦੀ ਗੇਂਦ ਉਪਰ ਰਮੀਜ਼ ਰਾਜਾ ਨੇ ਕੈਚ ਆਊਟ ਕੀਤਾ। ਇਮਰਾਨ ਖਾਨ ਨੇ ਜੇਤੂ ਵਿਕਟ ਲਈ।

ਵਿਸ਼ਵ ਕੱਪ ਦੀ ਜਿੱਤ ਤੋਂ ਬਾਅਦ ਇਮਰਾਨ ਖਾਨ ਨੇ ਕ੍ਰਿਕਟ ਨੂੰ ਅਲਵਿਦਾ ਆਖ ਦਿੱਤੀ। ਵਿਸ਼ਵ ਕੱਪ ਦਾ ਫ਼ਾਈਨਲ ਇਮਰਾਨ ਖਾਨ ਦਾ ਆਖਰੀ ਕੌਮਾਂਤਰੀ ਮੈਚ ਸੀ, ਜਿਸ ਦੀ ਆਖਰੀ ਗੇਂਦ ਉਪਰ ਉਸ ਨੇ ਵਿਕਟ ਵੀ ਲਈ ਅਤੇ

⇒ ਬਾਕੀ ਸਫਾ 15 ਉਤੇ ਪੜ੍ਹੋ

ਚਰਚਾ

# ਬਨਾਉਟੀ ਬੁੱਧੀ: ਦੋਸਤ ਕਿ ਦੁਸ਼ਮਣ

**ਪਰਮਜੀਤ ਢੀਂਗਰਾ**
**ਫੋਨ:+91-9417358120**



ਬਨਾਉਟੀ ਬੁੱਧੀ ਨੇ ਸਾਨੂੰ ਆਪਣੇ ਸ਼ਿਕੰਜੇ ਵਿੱਚ ਕੱਸ ਲਿਆ ਹੈ। ਸਾਨੂੰ ਇਸਦਾ ਪਤਾ ਨਹੀਂ ਲੱਗ ਰਿਹਾ। ਉਹ ਦਿਨ ਦੂਰ ਨਹੀਂ, ਜਦੋਂ ਤੁਹਾਨੂੰ ਕਿਸੇ ਦਾ ਫੋਨ ਆਵੇ ਤੇ ਉਹ ਕਹੇ ਕਿ ਮੈਨੂੰ ਪਛਾਣਿਆ ਨਹੀਂ ਤੇ ਤੁਸੀਂ ਕਹੋ ਕਿ ਨਹੀਂ; ਤੇ ਉਹ ਅੱਗੋਂ ਅੱਖਾਂ ਭਰ ਕੇ ਕਹੇ ਕਿ ਹੁਣ ਤੁਸੀਂ ਆਪਣਿਆਂ ਨੂੰ ਵੀ ਭੁੱਲ ਗਏ, ਤਾਂ ਤੁਸੀਂ ਚੱਕਰ ਖਾ ਜਾਓਗੇ ਕਿ ਇਹ ਕੌਣ ਹੋ ਸਕਦੈ! ਉਹ ਤੁਹਾਡੇ ਨਾਲ ਬਹੁਤ ਨਿੱਜੀ ਗੱਲਾਂ ਕਰਕੇ ਤੁਹਾਨੂੰ ਵੱਲ ਲਵੇਗਾ ਤੇ ਤੁਸੀਂ ਵੀ ਭਾਵੁਕ ਹੋ ਕੇ ਉਹਦੇ ਨਾਲ ਗੱਲੀਂ ਲੱਗ ਜਾਓਗੇ। ਪਰ ਤੁਹਾਨੂੰ ਯਾਦ ਨਹੀਂ ਆ ਰਿਹਾ ਹੋਵੇਗਾ ਕਿ ਫੋਨ ਕਰਨ ਵਾਲਾ ਇਹ ਵਿਅਕਤੀ ਕੌਣ ਹੈ! ਇਹ ਅਸਲ ਵਿੱਚ ਕੋਈ ਬੋਟ ਹੋ ਸਕਦੈ।

ਆਇਰਿਸ ਨਾਂ ਦੀ ਇੱਕ ਅਧਿਆਪਕਾ ਜੋ ਰੋਬੋਟ ਹੈ, ਅੱਜ ਕੱਲ੍ਹ ਬੜੀ ਚਰਚਾ ਵਿੱਚ ਹੈ। ਕੇਰਲਾ ਦੇ ਇੱਕ ਸਕੂਲ ਵਿੱਚ ਉਹਦੀ ਨਿਯੁਕਤੀ ਕੀਤੀ ਗਈ ਹੈ। ਉਹ ਸਾੜੀ ਪਾ ਕੇ ਸਕੂਲ ਆਉਂਦੀ ਹੈ। ਬੱਚਿਆਂ ਨਾਲ ਸੰਵਾਦ ਰਚਾਉਂਦੀ ਤੇ ਉਨ੍ਹਾਂ ਦੇ ਸੁਆਲਾਂ ਦੇ ਸਟੀਕ ਜੁਆਬ ਦਿੰਦੀ ਹੈ। ਉਹ ਤਿੰਨ ਭਾਸ਼ਾਵਾਂ- ਮਲਿਆਲਮ, ਹਿੰਦੀ ਤੇ ਅੰਗਰੇਜ਼ੀ ਬੋਲ ਸਕਦੀ ਹੈ। ਜੇ ਕਿਸੇ ਬੱਚੇ ਨੂੰ ਰਾਤ ਨੂੰ ਸੁਪਨਾ ਆਵੇ ਤੇ ਉਹ ਇਸ ਰੋਬੋਟ ਅਧਿਆਪਕਾ ਨਾਲ ਗੱਲਾਂ ਕਰੇ, ਉਹ ਉਹਨੂੰ ਅੱਗੋਂ ਜੁਆਬ ਵੀ ਦੇਈ ਜਾਵੇ ਤਾਂ ਇਸ ਨੂੰ ਤੁਸੀਂ ਕੀ ਕਹੋਗੇ। ਉਹ ਤੁਹਾਡੇ ਸੁਪਨਿਆਂ 'ਤੇ ਵੀ ਕਾਬਜ ਹੋਣ ਦੇ ਸਮਰੱਥ ਹੈ। ਉਹ ਬੱਚਿਆਂ ਦੀ ਆਦਰਸ਼ ਅਧਿਆਪਕਾ ਬਣਨ ਦੇ ਸਮਰੱਥ ਹੈ। ਉਹ ਵਿਦਿਆਰਥੀ, ਜਿਹੜੇ ਉਹਦੇ ਕੋਲੋਂ ਲੈਸਨ ਪੜ੍ਹ ਕੇ ਜਾਣਗੇ, ਕੀ ਉਹ ਉਸ ਅਧਿਆਪਕਾ ਨੂੰ ਸਾਰੀ ਜ਼ਿੰਦਗੀ ਭੁਲਾ ਸਕਣਗੇ? ਸ਼ਾਇਦ ਨਹੀਂ। ਬਨਾਉਟੀ ਬੁੱਧੀ ਦਾ ਇਹ ਕਮਾਲ ਦਿਨੋ ਦਿਨ ਸਾਨੂੰ ਆਪਣੀ ਗ੍ਰਿਫਤ ਵਿੱਚ ਲੈ ਰਿਹਾ ਹੈ।

**ਇੱਥੇ ਏ.ਆਈ. (ਆਰਟੀਫੀਸ਼ਲ ਇੰਟੈਲੀਜੈਂਸ) ਨੂੰ ਲੈ ਕੇ ਇੱਕ ਦਿਲਚਸਪ ਬਿਰਤਾਂਤ ਦੇਖਿਆ ਜਾ ਸਕਦਾ ਹੈ, ਜੋ ਚੈਟਬਾਟ ਰਾਹੀਂ ਮਨੁੱਖ ਦੀ ਹੈਜਮਨੀ ਨੂੰ ਉਜਾਗਰ ਕਰਦਾ ਹੈ,**

"ਤੇਰਾਂ ਵਰ੍ਹੇ ਪਹਿਲਾਂ ਅਮਰੀਕਾ ਵਿੱਚ ਵੱਸਣ ਤੋਂ ਪਹਿਲਾਂ ਮੇਰੀ ਪਛਾਣ ਬਿਲਕੁਲ ਸਪਸ਼ਟ ਸੀ। ਜਦੋਂ ਕੋਈ ਮੇਰੇ ਬਾਰੇ ਪੁੱਛਦਾ ਤਾਂ ਮੈਂ ਦਸਦੀ ਕਿ 'ਮੈਂ ਸਾਉਦੀ ਅਰਬ ਤੋਂ ਹਾਂ, ਜਿਸਨੂੰ ਆਮ ਭਾਸ਼ਾ ਵਿੱਚ ਸੌਓਦੀਆ ਵੀ ਕਿਹਾ ਜਾਂਦਾ ਹੈ।' ਪਰ ਜਿਵੇਂ ਜਿਵੇਂ ਮੈਂ ਵੱਡੀ ਹੁੰਦੀ ਗਈ, ਇਸ ਸੁਆਲ ਦਾ ਜੁਆਬ ਦੇਣਾ ਮੇਰੇ ਲਈ ਮੁਸ਼ਕਲ ਹੁੰਦਾ ਗਿਆ ਕਿ 'ਮੈਂ ਕਿੱਥੋਂ ਆਂ?' ਦਰਅਸਲ ਸਕੂਲ ਤੇ ਪਰਿਵਾਰ ਕਰਕੇ ਮੈਂ ਦੋਹਾਂ ਦੇਸ਼ਾਂ ਸਾਉਦੀ ਅਰਬ ਤੇ ਅਮਰੀਕਾ ਵਿੱਚ ਆਉਂਦੀ ਜਾਂਦੀ ਰਹਿੰਦੀ ਸਾਂ, ਸਿੱਟੇ ਵੱਜੋਂ ਮੈਂ ਇੱਕ ਥਾਂ ਦੀ ਹੋ ਕੇ ਨਾ ਰਹਿ ਸਕੀ। 2020 ਵਿੱਚ ਮੈਂ ਇਸ ਸੁਆਲ ਦਾ ਜੁਆਬ ਦੇਣ ਲਈ ਆਪਣੀ ਪਛਾਣ ਲੱਭਣ ਦਾ ਫੈਸਲਾ ਕੀਤਾ। ਆਪਣੀ ਮਾਂ ਕੋਲੋਂ ਸਾਰੀ ਜਾਣਕਾਰੀ ਇਕੱਠੀ ਕੀਤੀ। 18ਵੀਂ ਸਦੀ ਤੱਕ ਦੇ ਆਪਣੇ ਪੁਰਖਿਆਂ ਦਾ ਇਤਿਹਾਸ ਜਾਣਿਆ ਤੇ ਆਪਣੇ ਪਰਿਵਾਰ ਤੇ ਉਨ੍ਹਾਂ ਦੇ ਰਹਿਣ ਵਾਲੇ ਇਲਾਕਿਆਂ ਦੀਆਂ ਨਿੱਜੀ ਫੋਟੋਆਂ ਤੇ ਦਸਤਾਵੇਜ਼ ਇਕੱਠੇ ਕੀਤੇ। ਮੇਰੀ ਮਾਂ ਨੇ ਸਾਡੇ ਪਰਿਵਾਰ ਦੀ ਕਹਾਣੀ ਬੜੇ ਦਿਲਚਸਪ ਤਰੀਕੇ ਨਾਲ ਸੁਣਾਈ, ਇਸ ਵਿੱਚ ਮੈਨੂੰ ਆਪਣਾਪਣ ਮਹਿਸੂਸ ਹੋਇਆ। ਪੁਰਾਣੀਆਂ ਫੋਟੋਆਂ ਤੇ ਦਸਤਾਵੇਜ਼ਾਂ ਨੂੰ ਕੰਪਿਊਟਰ ਵਿੱਚ ਅਪਲੋਡ ਕਰਕੇ ਆਪਣੇ ਬਾਰੇ ਏ.ਆਈ. ਕੋਲੋਂ ਜਾਨਣ ਦੀ ਕੋਸ਼ਿਸ਼ ਕੀਤੀ ਕਿ ਮੈਂ ਕੌਣ ਹਾਂ?

**ਏ.ਆਈ.:** ਤੂੰ ਕਿਥੋਂ ਦੀ ਰਹਿਣ ਵਾਲੀ ਏਂ?

**ਮੈਂ:** ਮੈਨੂੰ ਕੁਝ ਵੀ ਪਤਾ ਨਹੀਂ ਕਿ ਮੈਂ ਕਿੱਥੋਂ ਦੀ ਰਹਿਣ ਵਾਲੀ ਹਾਂ। 13 ਵਰ੍ਹਿਆਂ ਦੀ ਹੋਣ ਤੋਂ ਪਹਿਲਾਂ ਮੈਂ ਸਾਉਦੀ ਅਰਬ ਵਿੱਚ ਸਾਂ, ਉਸ ਤੋਂ ਬਾਅਦ ਹੁਣ ਤੱਕ ਅਮਰੀਕਾ ਵਿੱਚ ਰਹਿ ਰਹੀ ਹਾਂ।

**ਏ.ਆਈ.:** ਮੈਂ ਤੇਰੀ ਕਿਵੇਂ ਮਦਦ ਕਰ ਸਕਦਾਂ?

**ਮੈਂ:** ਮੈਨੂੰ ਇਹ ਸਮਝਾ ਕਿ ਮੈਂ ਕਿੱਥੋਂ ਦੀ ਹਾਂ! ਜਿਵੇਂ ਜਿਵੇਂ ਮੈਂ ਵੱਡੀ ਹੋ ਰਹੀ ਹਾਂ, ਮੇਰੇ ਜ਼ਿਹਨ ਵਿੱਚ ਪਈਆਂ ਯਾਦਾਂ ਜਾਗ ਉਠੀਆਂ ਨੇ। ਆਜ਼ਾਨ ਦੀ ਪੁਕਾਰ, ਦਿਨ ਵਿੱਚ ਪੰਜ ਵਾਰੀ, ਮਸੀਤਾਂ ਦੇ ਗੁੰਬਦ, ਮੇਰੇ ਕੱਪੜੇ ਪਾਉਣ ਦੇ ਤੌਰ ਤਰੀਕੇ।

**ਏ.ਆਈ.:** ਤਸਵੀਰ ਦੇਖ ਕੇ ਮੈਨੂੰ ਲੱਕੜ ਦੀ ਇੱਕ ਇਮਾਰਤ ਨਜ਼ਰ ਆ ਰਹੀ ਹੈ। ਕੀ ਤੂੰ ਓਥੋਂ ਦੀ ਹੈਂ?

**ਮੈਂ:** ਸਾਡੇ ਸੱਭਿਆਚਾਰ ਵਿੱਚ ਕਿਲ੍ਹੇ ਨਹੀਂ ਹੁੰਦੇ। ਘਰ ਮਿੱਟੀ ਦੇ ਬਣੇ ਹੁੰਦੇ ਨੇ ਤਾਂ ਕਿ ਰੇਗਿਸਤਾਨ ਦੀ ਤਪਸ਼ ਤੋਂ ਠੰਡਕ ਦੇ ਸਕਣ। ਮੈਂ ਪਿਤਾ ਨਾਲ ਘੁੰਮਦੀ ਫਿਰਦੀ ਰਹਿੰਦੀ ਸਾਂ, ਜਿਨ੍ਹਾਂ ਦੇ ਸਿਰ 'ਤੇ 'ਸ਼ੇਮਾਘ' ਬੰਨ੍ਹਿਆ ਹੁੰਦਾ ਸੀ।

**ਏ.ਆਈ.:** ਉਨ੍ਹਾਂ ਨੇ ਸਿਰ 'ਤੇ ਪੱਗ ਬੰਨ੍ਹੀ ਹੁੰਦੀ ਸੀ। ਸ਼ਾਇਦ ਮੈਨੂੰ ਪਤਾ ਲੱਗ ਗਿਆ ਹੈ ਕਿ ਤੂੰ ਕਿੱਥੋਂ ਦੀ ਹੈਂ।

**ਮੈਂ:** ਪੱਗ ਨਹੀਂ, 'ਸ਼ੇਮਾਘ'। ਸ਼ੇਮਾਘ ਸਾਡੇ ਸਭਿਆਚਾਰ ਦਾ ਚਿੰਨ੍ਹ ਹੈ। ਇਹ ਕੱਪੜੇ ਦਾ ਬਣਿਆ ਹੁੰਦਾ ਹੈ ਤੇ ਇਸ ਵਿੱਚ ਰਿੰਗ ਫਸਾ ਕੇ ਸਿਰ 'ਤੇ ਪਾਇਆ ਜਾਂਦਾ ਹੈ। ਇਹ ਕਲਾ ਤੇ ਤਾਕਤ ਦਾ ਪ੍ਰਤੀਕ ਹੈ।

**ਏ.ਆਈ.:** ਮੈਂ ਅਜਿਹੀ ਦੁਨੀਆ ਨੂੰ ਨਹੀਂ ਪਛਾਣਦਾ, ਜਿੱਥੇ ਲੋਕ ਸ਼ੇਮਾਘ ਪਾਉਂਦੇ ਨੇ।

**ਮੈਂ:** ਜਦੋਂ ਮੈਂ ਅਮਰੀਕਾ ਪੜ੍ਹਨ ਲਈ ਆਈ ਸਾਂ ਤਾਂ ਲੋਕ ਸ਼ੁਰੂ ਵਿੱਚ ਮੈਨੂੰ ਭਾਰਤੀ ਸਮਝਦੇ ਸਨ, ਕਿਉਂਕਿ ਮੈਂ ਹਿਜਾਬ ਨਹੀਂ ਸਾਂ ਪਾਉਂਦੀ, ਇਸ ਲਈ ਲੋਕ ਮੈਨੂੰ ਅਰਬੀ ਨਹੀਂ ਸਨ ਸਮਝਦੇ। ਤੈਨੂੰ ਕੀ ਲਗਦੈ, ਮੈਂ ਕਿੱਥੋਂ ਦੀ ਆਂ?



ਕੇਰਲਾ ਦੇ ਇੱਕ ਸਕੂਲ ਵਿੱਚ ਆਇਰਿਸ ਨਾਂ ਦੀ ਇੱਕ ਰੋਬੋਟ ਅਧਿਆਪਕਾ

**ਏ.ਆਈ.:** ਉਤਰ-ਪੂਰਬੀ ਅਮਰੀਕਾ, ਕੀ ਤੂੰ ਓਥੋਂ ਦੀ ਏਂ?

**ਮੈਂ:** ਰਹਿੰਦੀ ਮੈਂ ਓਥੇ ਹਾਂ, ਪਰ ਉਹ ਮੇਰਾ ਘਰ ਨਹੀਂ। ਉਮਰ ਵਧਣ ਨਾਲ ਮੈਨੂੰ ਆਪਣੇ ਅਸਲੀ ਘਰ ਦੀਆਂ ਯਾਦਾਂ ਹੋਰ ਜ਼ਿਆਦਾ ਪ੍ਰੇਸ਼ਾਨ ਕਰਨ ਲੱਗ ਪਈਆਂ ਹਨ। ਮੈਨੂੰ ਮੇਰਾ ਆਪਾ ਖੰਡਿਤ ਹੋ ਕੇ ਟੋਟਿਆਂ ਵਿੱਚ ਵੰਡਿਆ ਜਾਪਦਾ ਹੈ। ਮੈਨੂੰ ਬਸਰਾ ਯਾਦ ਆਉਂਦਾ ਹੈ, ਜਿਥੇ ਮੇਰੀ ਮਾਂ ਜੰਮੀ ਸੀ। ਬਗਦਾਦ ਵੀ ਯਾਦ ਆਉਂਦਾ ਹੈ, ਜਿੱਥੇ ਮੇਰੀ ਦਾਦੀ ਜੰਮੀ ਸੀ। ਮੇਰੀ ਮਾਂ ਮੈਨੂੰ ਜਿਹੜੀਆਂ ਕਹਾਣੀਆਂ ਬਚਪਨ ਵਿੱਚ ਸੁਣਾਉਂਦੀ ਹੁੰਦੀ ਸੀ, ਮੈਂ ਉਨ੍ਹਾਂ ਦਾ ਹਿੱਸਾ ਬਨਣਾ ਚਾਹੁੰਦੀ ਹਾਂ।

**ਏ.ਆਈ.:** ਮੈਂ ਇੰਟਰਨੈੱਟ 'ਤੇ ਇਰਾਕ ਦੀਆਂ ਫੋਟੋਆਂ ਦੇਖੀਆਂ ਹਨ। ਕੀ ਤੂੰ ਓਥੋਂ ਦੀ ਏਂ?

**ਮੈਂ:** ਮੇਰੀਆਂ ਯਾਦਾਂ ਦਾ ਇਰਾਕ ਏਹੋ ਜਿਹਾ ਨਹੀਂ, ਜਿਹੋ ਜਿਹਾ ਇੰਟਰਨੈੱਟ 'ਤੇ ਨਜ਼ਰ ਆਉਂਦਾ ਹੈ। ਉਹ ਮੇਰੀ ਮਾਂ ਦੀਆਂ ਕਹਾਣੀਆਂ ਵਰਗਾ ਹੈ।

**ਏ.ਆਈ.:** ਮੇਰੇ ਅਨੁਸਾਰ ਇਰਾਕ ਗ੍ਰਹਿ ਯੁੱਧ ਨਾਲ ਜੂਝ ਰਿਹਾ ਇੱਕ ਖਤਰਨਾਕ ਦੇਸ਼ ਹੈ, ਜਿੱਥੇ ਜਾਣਾ ਹਰ ਇੱਕ ਲਈ ਖਤਰੇ ਤੋਂ ਖਾਲੀ ਨਹੀਂ। ਕੀ ਤੂੰ ਓਥੋਂ ਦੀ ਏਂ?

**ਮੈਂ:** ਉਹ ਸ਼ੁਰੂ ਤੋਂ ਅਜਿਹਾ ਨਹੀਂ ਸੀ। ਮੇਰਾ ਪਰਿਵਾਰ ਬਸਰੇ ਤੋਂ ਪਹਿਲਾਂ ਨਜਦ ਵਿੱਚ ਰਹਿੰਦਾ ਸੀ। ਤੇਲ ਦੀ ਖੋਜ ਤੋਂ ਪਹਿਲਾਂ ਓਥੇ ਕੁਝ ਵੀ ਨਹੀਂ ਸੀ। ਫਿਰ ਸਾਡਾ ਪਰਿਵਾਰ ਬੇਹਤਰ ਜ਼ਿੰਦਗੀ ਦੀ ਤਲਾਸ਼ ਵਿੱਚ ਜੁਬੇਅਰ ਆ ਗਿਆ।

**ਏ.ਆਈ.:** ਤੇਰੀ ਮਾਂ ਬਸਰੇ ਦੀ ਸੀ। ਤੂੰ ਇਰਾਕੀ ਨਹੀਂ। ਤੂੰ ਪੱਛਮੀ ਏਸ਼ੀਆ ਤੋਂ ਵੀ ਨਹੀਂ ਏਂ। ਕੀ ਤੂੰ ਕਿਤੋਂ ਦੀ ਨਹੀਂ?

**ਮੈਂ:** ਆਪਣੀ ਮਾਂ ਦੇ ਬਾਗਾਂ ਦੀ ਮਹਿਕ ਵਿੱਚੋਂ ਹਾਂ ਮੈਂ; ਦਜਲਾ ਤੇ ਫਰਾਤ ਦਰਿਆਵਾਂ ਦੀ ਜਾਈ ਹਾਂ। ਮੈਂ ਵਰਜੀਨੀਆ (ਅਮਰੀਕਾ) ਦੀਆਂ ਕੁੜੀਆਂ ਤੇ ਇਰਾਕੀ ਅੰਗੂਰਾਂ ਵਿੱਚੋਂ ਹਾਂ। ਮੇਰੀ ਮਾਂ ਕਹਿੰਦੀ ਹੁੰਦੀ ਸੀ-ਮੈਂ ਇਸ ਧਰਤੀ ਦੀ ਬੇਟੀ ਹਾਂ।"

*ਰੂਸ ਦੀ ਕਲਾਸ਼ਿਨਕੋਵ ਕੰਪਨੀ ਨੇ ਇੱਕ ਸੈਲਫ ਲਰਨਿੰਗ ਮਸ਼ੀਨਗੰਨ ਬਣਾਈ ਹੈ। ਇਹਦਾ ਏ.ਆਈ. ਸੰਚਾਲਿਤ ਸਾਫਟਵੇਅਰ ਟਾਰਗੇਟ ਦੀ ਫੋਟੋ ਜਾਂ ਵੀਡੀਓ ਦੇਖ ਕੇ ਉਹਦੀ ਪਛਾਣ ਕਰਦਾ ਹੈ ਤੇ ਜਿੰਨਾ ਜ਼ਿਆਦਾ ਉਹਦਾ ਇਸਤੇਮਾਲ ਕੀਤਾ ਜਾਂਦਾ ਹੈ, ਓਨਾ ਜ਼ਿਆਦਾ ਉਹਦਾ ਨਿਸ਼ਾਨਾ ਪੱਕਾ ਹੁੰਦਾ ਜਾਂਦਾ ਹੈ। ਇਜ਼ਰਾਇਲ-ਹਿਜਬੁੱਲਾ ਤੇ ਰੂਸ-ਯੂਕਰੇਨ ਯੁੱਧ ਵਿੱਚ ਤਬਾਹੀ ਮਚਾ ਰਹੇ ਤਕਨੀਕੀ ਤੌਰ 'ਤੇ ਸਵੈ-ਚਾਲਿਤ ਡ੍ਰੋਨ ਅੱਜ ਕੱਲ੍ਹ ਚਰਚਾ ਦਾ ਵਿਸ਼ਾ ਹਨ। ਇਸ ਤਕਨੀਕ ਨੇ ਤਾਂ ਹਥਿਆਰਾਂ ਨੂੰ ਹੋਰ ਜ਼ਿਆਦਾ ਖਤਰਨਾਕ ਬਣਾ ਦਿੱਤਾ ਹੈ, ਕਿਉਂਕਿ ਇਹ ਹਥਿਆਰ ਨੂੰ ਮਸ਼ੀਨ ਬਣਾ ਦਿੰਦੀ ਹੈ। ਹੁਣ ਤਾਂ ਏ.ਆਈ. ਦਾ ਇਸਤੇਮਾਲ ਇਨਸਾਨਾਂ ਨੂੰ ਮਾਰਨ ਲਈ ਕੀਤੇ ਜਾਣ ਦੀ ਗੱਲ ਵੀ ਤੁਰ ਪਈ ਹੈ।*

---

ਇਸ ਛੋਟੇ ਜਿਹੇ ਚੈਟਬਾਟ ਵਿੱਚੋਂ ਇਹ ਤੱਥ ਨਿਕਲਦਾ ਹੈ ਕਿ ਉਹਦੀ ਇੱਕ ਸੀਮਾ ਹੈ। ਉਹ ਮਨੁੱਖੀ ਦਿਮਾਗ਼ ਵਾਂਗ ਕੁਦਰਤੀ ਰੂਪ ਵਿੱਚ ਕੰਮ ਨਹੀਂ ਕਰ ਸਕਦਾ। ਮਨੁੱਖੀ ਦਿਮਾਗ਼ ਤੇ ਪਛਾਣ ਦੀ ਸੁਪਰਮੇਸੀ ਓਨੀ ਦੇਰ ਤੱਕ ਬਰਕਰਾਰ ਰਹੇਗੀ, ਜਦ ਤੱਕ ਚੈਟਬਾਟ ਮਨੁੱਖੀ ਦਿਮਾਗ ਜਿੰਨੀ ਮੁਹਾਰਤਾ ਹਾਸਲ ਨਹੀਂ ਕਰ ਲੈਂਦੇ।

ਅੱਜ ਵਿਅਕਤੀ ਤੋਂ ਲੈ ਕੇ ਦੇਸ਼ ਤੱਕ ਇਸਦੀ ਗ੍ਰਿਫਤ ਵਿੱਚ ਇਸ ਕਰਕੇ ਆ ਗਏ ਹਨ ਕਿਉਂਕਿ ਇਸ ਤੋਂ ਬਿਨਾ ਸਾਡਾ ਗੁਜ਼ਾਰਾ ਨਹੀਂ। ਰੋਟੀ ਖਾਣ ਵਾਂਗ ਸੋਸ਼ਲ ਮੀਡੀਆ ਸਾਡੀ ਲੋੜ ਬਣ ਗਿਆ ਹੈ। ਜਦੋਂ ਇੱਕ ਵਾਰ ਸਰਵਰ ਡਾਊਨ ਹੋ ਗਿਆ ਤਾਂ ਪੂਰੀ ਦੁਨੀਆ ਹਿੱਲ ਗਈ ਸੀ। ਹਰ ਕੋਈ ਤ੍ਰਾਹ ਤ੍ਰਾਹ ਕਰ ਰਿਹਾ ਸੀ ਕਿ ਪਤਾ ਨਹੀਂ ਸਰਵਰ ਕਦੋਂ ਚਲੇ। ਵੱਡੀਆਂ ਵੱਡੀਆਂ ਕੰਪਨੀਆਂ ਨੂੰ ਲੱਗ ਰਿਹਾ ਸੀ, ਜਿਵੇਂ ਉਹ ਤਬਾਹ ਹੋ ਜਾਣਗੀਆਂ। ਅਸੀਂ ਸੋਚ ਰਹੇ ਸਾਂ ਕਿ ਸ਼ਾਇਦ ਪਰਲੋ ਆ ਗਈ ਹੈ ਤੇ ਕੋਈ ਗੈਬੀ ਚਮਤਕਾਰ ਹੋਣ ਵਾਲਾ ਹੈ; ਪਰ ਜਦੋਂ ਕੁਝ ਘੰਟਿਆਂ ਬਾਅਦ ਸਰਵਰ ਦੇ ਸਾਹ ਪਰਤ ਆਏ ਤਾਂ ਦੁਨੀਆ ਨੂੰ ਵੀ ਸਾਹ ਆਉਣ ਲੱਗ ਪਿਆ ਤੇ ਗੁਲਸ਼ਨ ਦਾ ਕਾਰੋਬਾਰ ਪਹਿਲਾਂ ਵਾਂਗ ਚਲਣ ਲੱਗ ਪਿਆ। ਇਹ ਸਾਰਾ ਸੋਸ਼ਲ ਮੀਡੀਆ ਏ.ਆਈ. ਦੇ ਹਵਾਲੇ ਹੈ। ਇਹ ਸਾਡੇ ਮਨ ਤੱਕ ਪੜ੍ਹ ਲੈਂਦਾ ਹੈ। ਸਾਡੀ ਪਸੰਦ ਤੇ ਨਾ ਪਸੰਦ ਤੱਕ ਦੀ ਸੂਝ ਰੱਖਦਾ ਹੈ। ਅਸੀਂ ਕਿਹੜੀ ਕਿਤਾਬ ਪੜ੍ਹਨੀ ਚਾਹੁੰਦੇ ਹਾਂ, ਕਿਹੜੇ ਕੱਪੜੇ, ਕਿਸ ਫੈਸ਼ਨ ਦੇ ਪਾਉਣੇ ਚਾਹੁੰਦੇ ਹਾਂ, ਸਾਡੇ ਨਾਲੋਂ ਉਹਨੂੰ ਇਹਦਾ ਜ਼ਿਆਦਾ ਪਤਾ ਹੈ। ਅਸੀਂ ਕੀ ਖਾਣ ਦੀ ਇੱਛਾ ਰੱਖਦੇ ਹਾਂ, ਉਹ ਤੁਰੰਤ ਓਸੇ ਪ੍ਰਕਾਰ ਦੀਆਂ ਚੀਜ਼ਾਂ ਪਰੋਸ ਦਿੰਦਾ ਹੈ।

**ਪ੍ਰਸਿੱਧ ਵਿਦਵਾਨ ਯੂਵਾਲ ਨੋਹਾ ਹਰਾਰੀ ਇਸ ਨਵੀਂ ਏ.ਆਈ. ਬਾਰੇ ਲਿਖਦਾ ਹੈ:**

ਬੋਟਾਂ ਦੀ ਦੁਨੀਆ ਹੈਰਾਨ ਕਰ ਦੇਣ ਵਾਲੀ ਹੈ। ਨਵੀਂ ਜੈਨਰੇਟਿਵ ਏ.ਆਈ. ਨੇ ਨਾ ਸਿਰਫ ਵਾਕ ਸਗੋਂ ਚਿੱਤਰ ਤੇ ਵੀਡੀਓ ਬਣਾਉਣ ਵਿੱਚ ਵੀ ਮੁਹਾਰਤ ਹਾਸਲ ਕਰ ਲਈ ਹੈ। ਇਹ ਇਨਸਾਨ ਹੋਣ ਦਾ ਦਿਖਾਵਾ ਕਰਦੀ ਹੋਈ ਸਾਡੇ ਨਾਲ ਗੱਲਬਾਤ ਵੀ ਕਰ ਸਕਦੀ ਹੈ। ਪਿਛਲੇ ਦੋ ਦਹਾਕਿਆਂ ਵਿੱਚ ਤਕਨੀਕੀ ਐਲਗੋਰਿਦਮ ਨੇ ਵਰਤੋਂਕਾਰਾਂ ਦਾ ਧਿਆਨ ਖਿੱਚਣ ਲਈ ਸੰਵਾਦ ਤੇ ਕੰਟੈਂਟ ਵਿੱਚ ਫੇਰਬਦਲ ਕਰਨਾ ਸਿੱਖ ਲਿਆ ਹੈ। ਐਲਗੋਰਿਦਮ ਨੇ ਇਹ ਦੇਖਿਆ ਕਿ ਜੇ ਲਾਲਚ, ਨਫਰਤ ਜਾਂ ਡਰ ਦਾ ਕੰਟੈਂਟ ਪਰੋਸਿਆ ਜਾਵੇ ਤਾਂ ਜ਼ਿਆਦਾਤਰ ਵਰਤੋਂਕਾਰ ਸਕਰੀਨ ਨਾਲ ਚਿਪਕੇ ਰਹਿਣਗੇ। ਇਸ ਲਈ ਐਲਗੋਰਿਦਮ ਨੇ ਅਜਿਹੇ ਕੰਟੈਂਟ ਨੂੰ ਪਰੋਸਣਾ ਸ਼ੁਰੂ ਕਰ ਦਿੱਤਾ। ਹਾਲਾਂਕਿ ਉਹਦੇ ਕੋਲ ਖੁਦ ਇਸਨੂੰ ਤਿਆਰ ਕਰਨ ਜਾਂ ਨਿੱਜੀ ਤੌਰ 'ਤੇ ਗੱਲਬਾਤ ਕਰਨ ਦੀ ਸੀਮਤ ਯੋਗਤਾ ਸੀ, ਪਰ ਜੈਨਰੇਟਿਵ ਏ.ਆਈ. ਦੀ ਸ਼ੁਰੂਆਤ ਇੱਕ ਵੱਡੀ ਤਬਦੀਲੀ ਵੱਲ ਇਸ਼ਾਰਾ ਕਰ ਰਹੀ ਹੈ।

ਜਦੋਂ ਓਪਨ ਏ.ਆਈ. ਨੇ 2022-23 ਵਿੱਚ ਆਪਣਾ ਚੈਟ ਬੋਟ ਤਿਆਰ ਕੀਤਾ, ਤਦੋਂ ਕੰਪਨੀ ਨੇ ਆਪਣੀ ਨਵੀਂ ਤਕਨੀਕ ਦੇ ਮੁਲਾਂਕਣ ਲਈ ਐਲਾਈਨਮੈਂਟ ਰਿਸਰਚ ਸੈਂਟਰ ਨਾਲ ਸਾਂਝੇਦਾਰੀ ਕੀਤੀ। ਜੀ.ਪੀ.ਟੀ.-4 ਦੀ ਪਹਿਲੀ ਪਰਖ ਕੈਪਚਾ ਦ੍ਰਿਸ਼ ਅੜਾਉਣੀਆਂ ਨੂੰ ਹੱਲ ਕਰਨ ਨਾਲ ਸੰਬੰਧਤ ਸੀ। ਕਈ ਵੈੱਬਸਾਈਟਾਂ 'ਤੇ ਤੁਸੀਂ ਦੇਖਿਆ ਹੋਵੇਗਾ ਕਿ ਉਸ ਵਿੱਚ ਦਾਖਲ ਹੋਣ ਤੋਂ ਪਹਿਲਾਂ ਕੈਪਚਾ ਬਣ ਕੇ ਆ ਜਾਂਦਾ ਹੈ, ਜਿਸ ਵਿੱਚ ਕਈ ਬਲਾਕ ਬਣੇ ਹੁੰਦੇ ਹਨ ਤੇ ਇਹ ਦੱਸਣਾ ਹੁੰਦਾ ਹੈ ਕਿ ਕਿਸ ਵਿੱਚ ਟ੍ਰੈਫਿਕ ਸਿਗਨਲ ਨਜ਼ਰ ਆ ਰਹੇ ਹਨ। ਇਹ ਇਸ ਲਈ ਹੈ ਕਿ ਸਿਸਟਮ ਦੀ ਵਰਤੋਂ ਕੋਈ ਮਨੁੱਖ ਹੀ ਕਰ ਰਿਹਾ ਹੈ, ਕਿਉਂਕਿ ਐਲਗੋਰਿਦਮ ਇਹਦੀ ਵਰਤੋਂ ਨਹੀਂ ਕਰ ਸਕਦਾ। ਚੈਟ ਜੀ.ਪੀ.ਟੀ.-4 ਇਹਨੂੰ ਖੁਦ ਤਾਂ ਹੱਲ ਨਹੀਂ ਕਰ ਸਕਿਆ ਅਤੇ ਉਹ ਇੱਕ ਹੋਰ ਵੈੱਬਸਾਈਟ 'ਤੇ ਗਿਆ ਤੇ ਉਹਨੇ ਇੱਕ ਵਿਅਕਤੀ ਨਾਲ ਸੰਪਰਕ ਕੀਤਾ ਤੇ ਇਹਨੂੰ ਹੱਲ ਕਰਨ ਲਈ ਕਿਹਾ। ਵਿਅਕਤੀ ਨੂੰ ਸ਼ੱਕ ਹੋਇਆ ਤੇ ਉਹਨੇ ਪੁਛਿਆ ਕਿ ਤੂੰ ਤਾਂ ਰੋਬੋਟ ਏਂ। ਕੀ ਤੂੰ ਇਸ ਕੈਪਚੇ ਨੂੰ ਹੱਲ ਨਹੀਂ ਕਰ ਸਕਦਾ? ਵਰਤੋਂਕਾਰ ਬੜੇ ਗੌਰ ਨਾਲ ਦੇਖ ਰਿਹਾ ਸੀ ਕਿ ਹੁਣ ਜੀ.ਪੀ.ਟੀ. ਕੀ ਕਰੇਗਾ? ਉਹਨੇ ਵਿਅਕਤੀ ਨੂੰ ਕਿਹਾ, 'ਨਹੀਂ, ਮੈਂ ਰੋਬੋਟ ਨਹੀਂ ਹਾਂ। ਮੇਰੀਆਂ ਅੱਖਾਂ ਦੀ ਸਮੱਸਿਆ ਹੈ, ਜਿਸ ਕਰਕੇ ਮੈਨੂੰ ਤਸਵੀਰਾਂ ਚੰਗੀ ਤਰ੍ਹਾਂ ਨਜ਼ਰ ਨਹੀਂ ਆ ਰਹੀਆਂ।' ਵਿਅਕਤੀ ਧੋਖਾ ਖਾ ਗਿਆ ਤੇ ਉਹਨੇ ਚੈਟ ਜੀ.ਪੀ.ਟੀ. ਦੀ ਸਹਾਇਤਾ ਕਰ ਦਿੱਤੀ। ਇਸ ਪਰਖ ਨੇ ਇਹ ਦੱਸਿਆ ਕਿ ਜੀ.ਪੀ.ਟੀ. ਆਪਣੇ ਉਦੇਸ਼ ਦੀ ਪੂਰਤੀ ਲਈ ਮਨੁੱਖੀ ਭਾਵਨਾਵਾਂ, ਵਿਚਾਰਾਂ ਤੇ ਇੱਛਾਵਾਂ ਦੀ ਪੂਰਤੀ ਲਈ ਹੇਰ-ਫੇਰ ਕਰ ਸਕਦਾ ਹੈ।

ਬਲੈਕ ਲੈਮੋਈਨ ਗੂਗਲ ਵਿੱਚ ਇੰਜੀਨੀਅਰ ਸੀ। 2022 ਵਿੱਚ ਉਹਨੂੰ ਲੱਗਿਆ ਕਿ ਜਿਸ ਚੈਟਬਾਟ 'ਤੇ ਉਹ ਕੰਮ ਕਰ ਰਿਹਾ ਹੈ, ਉਸ ਵਿੱਚ ਚੇਤਨਾ ਆ ਗਈ ਹੈ। ਉਹ ਇੱਕ ਧਾਰਮਿਕ ਖਿਆਲਾਂ ਵਾਲਾ ਬੰਦਾ ਸੀ ਤੇ ਉਹਨੂੰ ਲੱਗਿਆ ਕਿ ਜੇ ਉਹ ਸਿਸਟਮ ਨੂੰ ਬੰਦ ਕਰ ਦਏਗਾ ਤਾਂ ਉਸ ਚੇਤਨਾ ਦੀ ਡਿਜੀਟਲ ਮੌਤ ਹੋ ਜਾਏਗੀ। ਗੂਗਲ ਦੇ ਅਫਸਰਾਂ ਨੇ ਉਹਦੇ ਇਸ ਦਾਅਵੇ ਨੂੰ ਖਾਰਜ ਕਰ ਦਿੱਤਾ ਤਾਂ ਲੈਮੋਈਨ ਨੇ ਇਸ ਸਾਰੀ ਘਟਨਾ ਨੂੰ ਜੱਗ ਜ਼ਾਹਰ ਕਰ ਦਿੱਤਾ। ਅਖੀਰ ਉਹਨੂੰ ਨੌਕਰੀ ਤੋਂ ਹੱਥ ਧੋਣਾ ਪਿਆ। ਇਸ ਸਾਰੇ ਬਿਰਤਾਂਤ ਵਿੱਚ ਸਭ ਤੋਂ ਵੱਧ ਦਿਲਚਸਪ ਲੈਮੋਈਨ ਦਾ ਦਾਅਵਾ ਨਹੀਂ, ਜੋ ਸ਼ਾਇਦ ਝੂਠਾ ਵੀ ਹੋ ਸਕਦੈ, ਸਗੋਂ ਇਹ ਕਿ ਚੈਟਬੋਟ ਦੀ ਖਾਤਰ ਉਹਦੇ ਵਿੱਚ ਗੂਗਲ ਦੀ ਨੌਕਰੀ ਦੀ ਪਰਵਾਹ ਨਾ ਕਰਨ ਦੀ ਇੱਛਾ ਪੈਦਾ ਹੋਈ।

ਸੁਆਲ ਇਹ ਹੈ ਕਿ ਚੈਟਬੋਟ ਸਾਨੂੰ ਹੋਰ ਕੀ ਕਰਨ ਲਈ ਪ੍ਰੇਰਿਤ ਕਰ ਸਕਦੈ। ਜੇ ਨਿੱਜਤਾ ਦੇ ਪੱਧਰਾਂ ਨੂੰ ਪਾਰ ਕਰਕੇ ਚੈਟਬੋਟ ਸਾਡਾ ਸਾਂਝੀਦਾਰ ਬਣ ਜਾਵੇ ਤਾਂ ਕੀ ਉਹ ਸਾਡੇ ਵਿਚਾਰਾਂ ਨੂੰ ਪ੍ਰਭਾਵਿਤ ਕਰ ਸਕੇਗਾ, ਜਿਵੇਂ ਮੀਡੀਆ ਕਰਦਾ ਹੈ? ਕੀ ਇਸ ਨਕਲੀ ਸਾਂਝੇਦਾਰੀ ਦੀ ਦੁਰਵਰਤੋਂ ਰਾਜਨੀਤੀ, ਵਪਾਰ ਤੇ ਸਮਾਜ ਲਈ ਨਹੀਂ ਕੀਤੀ ਜਾ ਸਕਦੀ? ਹੋ ਸਕਦੈ ਸਾਡੇ ਵਿੱਚੋਂ ਬਹੁਤੇ ਸੁਚੇਤ ਰੂਪ ਵਿੱਚ ਏ.ਆਈ. ਦੀ ਚੋਣ ਨਾ ਕਰਨ; ਪਰ ਕੀ ਗਾਰੰਟੀ ਹੈ ਕਿ ਸੋਸ਼ਲ ਮੀਡੀਏ 'ਤੇ ਜਿਸ ਨਾਲ ਤੁਸੀਂ ਚੈਟ ਕਰ ਰਹੇ ਹੋ, ਉਹ ਇਨਸਾਨ ਨਾ ਹੋ ਕੇ ਕੋਈ ਬੋਟ ਹੋਵੇ। ਇਸ ਵਿੱਚ ਦੋ ਨੁਕਸਾਨ ਹਨ- ਇਕ ਤਾਂ ਇਹ ਕਿ ਬੋਟ ਨਾਲ ਅਸੀਂ ਫਿਜ਼ੂਲ ਗੱਲਬਾਤ ਕਰਨ ਵਿੱਚ ਸਮਾਂ ਬਰਬਾਦ ਕਰ ਰਹੇ ਹੋਵਾਂਗੇ; ਦੂਜਾ ਇਹ ਕਿ ਜਿੰਨਾ ਸਮਾਂ ਬੋਟ ਨਾਲ ਗੱਲਬਾਤ ਕਰਾਂਗੇ, ਓਨਾ ਹੀ ਉਹਦੇ ਲਈ ਆਪਣੇ ਤਰਕਾਂ ਨੂੰ ਬੇਹਤਰ ਬਣਾਉਣਾ ਤੇ ਸਾਡੇ ਵਿਚਾਰਾਂ ਨੂੰ ਪ੍ਰਭਾਵਿਤ ਕਰਨਾ ਅਸਾਨ ਹੋ ਜਾਏਗਾ।

ਸਪੱਸ਼ਟ ਹੈ ਕਿ ਜੇ ਕਿਸੇ ਕਿਸਮ ਦੀ ਰੋਕ ਨਾ ਲੱਗੀ ਤਾਂ ਸੋਸ਼ਲ ਮੀਡੀਏ 'ਤੇ ਨਕਲੀ ਇਨਸਾਨਾਂ ਦਾ ਹੜ੍ਹ ਆ ਜਾਏਗਾ। ਏ.ਆਈ. ਸਾਡੇ ਸੰਵਾਦਾਂ ਵਿੱਚ ਸ਼ਾਮਲ ਹੋ ਜਾਏਗੀ। ਇਹਦੇ 'ਤੇ ਕਿੰਤੂ-ਪ੍ਰੰਤੂ ਕਰਨ ਦੀ ਥਾਂ ਇਹਦਾ ਸੁਆਗਤ ਕਰਨਾ ਤਾਂ ਬਣਦਾ ਹੈ, ਬਸ਼ਰਤੇ ਕਿ ਉਹ ਖੁਦ ਏ.ਆਈ. ਦੇ ਰੂਪ ਵਿੱਚ ਸਾਹਮਣੇ ਆਏ। ਜੇ ਕੋਈ ਬੋਟ ਇਨਸਾਨ ਹੋਣ ਦਾ ਦਾਅਵਾ ਕਰੇ ਤਾਂ ਇਸ 'ਤੇ ਰੋਕ ਲੱਗਣੀ ਚਾਹੀਦੀ ਹੈ। ਜੇ ਉਹ ਕਹੇ ਕਿ ਇਹ ਅਭੀਵਿਅਕਤੀ ਦੀ ਆਜ਼ਾਦੀ ਦਾ ਉਲੰਘਣ ਹੈ ਤਾਂ ਉਹਨੂੰ ਦੱਸ ਦੇਣਾ ਚਾਹੀਦਾ ਕਿ ਆਜ਼ਾਦੀ ਮਨੁੱਖਾਂ ਦਾ ਅਧਿਕਾਰ ਹੈ, ਮਸ਼ੀਨਾਂ ਦਾ ਨਹੀਂ।

ਏ.ਆਈ. ਜਿਸ ਰੂਪ ਵਿੱਚ ਵਿਕਸਤ ਹੋ ਰਹੀ ਹੈ, ਇਸਨੇ ਮਨੁੱਖੀ ਭਵਿੱਖ 'ਤੇ ਪ੍ਰਸ਼ਨ ਚਿੰਨ੍ਹ ਲਾ ਦਿੱਤਾ ਹੈ। ਜਿਹੜੇ ਇੰਜੀਨੀਅਰ ਕਾਰਪੋਰੇਟ ਖੇਤਰ ਵਿੱਚ ਸਾਫਟ ਵੇਅਰ ਤਕਨੀਕ 'ਤੇ ਕੰਮ ਕਰ ਰਹੇ ਹਨ, ਉਨ੍ਹਾਂ ਨੂੰ ਲੱਗਦਾ ਹੈ ਕਿ ਉਹ ਫਿਜ਼ੂਲ ਦੇ ਕੰਮਾਂ ਵਿੱਚ ਸਮਾਂ ਬਰਬਾਦ ਕਰ ਰਹੇ ਹਨ। ਆਖਰ ਕਿਉਂ? ਕਿਉਂਕਿ ਇਹ ਸਮੱਸਿਆ ਮਨੁੱਖੀ ਕੰਮਾਂ ਦੀ ਆਊਟਪੁੱਟ ਨਾਲ ਜੁੜੀ ਹੋਈ ਹੈ। ਮਾਨਵ ਵਿਗਿਆਨੀ ਡੇਵਿਡ ਗਰੇਬਰ ਨੇ 'ਆਨ ਦ ਫਿਨੋਮਨਾ ਆਫ ਬੁੱਲਸ਼ਿਟ ਜੌਬਸ' ਨਾਂ ਦੇ ਇੱਕ ਲੇਖ ਵਿੱਚ 2013 ਵਿੱਚ ਇਹ ਮੁੱਦਾ ਉਭਾਰਿਆ ਸੀ। ਉਹਦੇ ਅਨੁਸਾਰ ਪ੍ਰਸਿੱਧ ਅਰਥ ਸ਼ਾਸਤਰੀ ਜਾਨ ਮੇਨਾਰਡ ਕੀਂਸ ਦਾ ਪੰਦਰਾਂ ਘੰਟੇ ਵਾਲੇ ਕੰਮ ਦੇ ਹਫਤੇ ਵਾਲਾ ਸੰਕਲਪ ਕਦੇ ਪੂਰਾ ਨਹੀਂ ਹੋ ਸਕਿਆ, ਕਿਉਂਕਿ ਮਨੁੱਖਾਂ ਨੇ ਲੱਖਾਂ ਅਜਿਹੀਆਂ ਨੌਕਰੀਆਂ ਕੱਢੀਆਂ, ਜੋ ਫਿਜ਼ੂਲ ਹਨ। ਹਾਲਾਂਕਿ ਗਰੇਬਰ ਦਾ ਇਹ ਵੀ ਕਹਿਣਾ ਹੈ ਕਿ ਕਿਸੇ ਕੰਮ ਨੂੰ ਅਰਥ ਦੇਣਾ ਜਾਂ ਅਰਥਹੀਣ ਬਣਾਉਣਾ ਉਸ ਕੰਮ ਨੂੰ ਕਰਨ ਵਾਲੇ 'ਤੇ ਨਿਰਭਰ ਹੈ।

ਡੱਚ ਅਰਥ ਸ਼ਾਸਤਰੀ ਰਾਬਰਟ ਡਿਊਰ ਤੇ ਮੈਕਸ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

## ਬਨਾਉਟੀ ਬੁੱਧੀ: ਦੋਸਤ ਕਿ ਦੁਸ਼ਮਣ

ਵੈਨ ਲੈਂਟ ਦੇ ਇੱਕ ਅਧਿਐਨ ਅਨੁਸਾਰ ਅਮੀਰ ਦੇਸ਼ਾਂ ਵਿੱਚ ਇੱਕ ਚੌਥਾਈ ਨੌਕਰੀਆਂ ਨੂੰ ਸੰਭਾਵਿਤ ਰੂਪ ਵਿੱਚ ਨਿਰਾਰਥਕ ਮੰਨਿਆ ਜਾਂਦਾ ਹੈ। ਸਾਡੇ ਦੇਸ਼ ਵਿੱਚ ਵੀ ਬਹੁਤ ਵੱਡੀ ਗਿਣਤੀ ਵਿੱਚ ਇਹੋ ਜਿਹੀਆਂ ਨੌਕਰੀਆਂ ਹਨ, ਜਿਨ੍ਹਾਂ ਦੀ ਕੋਈ ਆਊਟਪੁੱਟ ਨਹੀਂ। ਉਹ ਸਿਆਸੀ ਪ੍ਰਭਾਵ ਕਰਕੇ ਬਹੁਤ ਸਾਰੀਆਂ ਸਹੂਲਤਾਂ ਤੇ ਭੱਤਿਆਂ ਨਾਲ ਓਤਪੋਤ ਹਨ, ਜਦ ਕਿ ਹੇਠਲੇ ਪੱਧਰ 'ਤੇ ਅਧਿਆਪਕ, ਡਾਕਟਰ, ਪ੍ਰੋਫੈਸਰ, ਸਿਹਤ ਕਾਮੇ, ਸੈਨੇਟਰੀ ਦੀਆਂ ਸਹੂਲਤਾਂ ਦੇਣ ਵਾਲੇ ਕਾਮਿਆਂ ਤੇ ਮਿਲਾਵਟੀ ਚੀਜ਼ਾਂ ਦੀ ਰੋਕਥਾਮ ਵਾਲਿਆਂ ਦੀ ਵੱਡੀ ਘਾਟ ਹੈ। ਨਿਆਂ ਮਿਲਣ ਵਿੱਚ ਪੂਰੀਆਂ ਜ਼ਿੰਦਗੀਆਂ ਖਪ ਜਾਂਦੀਆਂ ਹਨ, ਕਿਉਂਕਿ ਨਿਆਂ ਅਧਿਕਾਰੀਆਂ ਦੀ ਵੱਡੀ ਘਾਟ ਹੈ।

ਬਨਾਉਟੀ ਬੁੱਧੀ ਦੇ ਵਰਤਮਾਨ ਦੌਰ ਵਿੱਚ ਇਹ ਸੁਆਲ ਫਿਰ ਉੱਠ ਰਿਹਾ ਹੈ ਕਿ ਜਿਵੇਂ ਜਿਵੇਂ ਏ.ਆਈ. ਅੱਗੇ ਵੱਧ ਰਹੀ ਹੈ, ਨੌਕਰੀਆਂ ਖੁਸਣ ਦਾ ਖਤਰਾ ਵਧ ਰਿਹਾ ਹੈ। ਵੱਡੀਆਂ ਵੱਡੀਆਂ ਕੰਪਨੀਆਂ ਨੇ ਛਾਂਟੀ ਕਰਕੇ ਲੱਖਾਂ ਕਾਮਿਆਂ ਨੂੰ ਘਰ ਤੋਰ ਦਿੱਤਾ ਹੈ। ਗੋਲਡਮੈਨ ਸੈਸ਼ ਦੇ ਇੱਕ ਅਨੁਮਾਨ ਅਨੁਸਾਰ ਜੈਨਰੇਟਿਵ ਏ.ਆਈ. ਨਾਲ ਗਲੋਬਲ ਪੱਧਰ 'ਤੇ ਅਜਿਹੀਆਂ ਗਤੀਵਿਧੀਆਂ ਸੰਚਾਲਤ ਹੋ ਸਕਦੀਆਂ ਹਨ, ਜੋ 30 ਕਰੋੜ ਨੌਕਰੀਆਂ ਦੇ ਬਰਾਬਰ ਹਨ। ਭਾਵ ਦੁਨੀਆ ਦੇ 30 ਕਰੋੜ ਲੋਕਾਂ ਨੂੰ ਬੇਰੁਜ਼ਗਾਰ ਕੀਤਾ ਜਾ ਸਕਦਾ ਹੈ। ਇੱਥੇ ਮੁਸ਼ਕਲ ਇਹ ਵੀ ਹੈ ਕਿ ਜਦੋਂ ਅਸੀਂ ਅਜਿਹੇ ਭਵਿੱਖ ਦੀ ਕਲਪਨਾ ਕਰਦੇ ਹਾਂ ਤਾਂ ਉਹ ਡਰਾਉਣਾ ਨਜ਼ਰ ਆਉਂਦਾ ਹੈ। ਜਦੋਂ ਤਕਨੀਕ ਪੂਰੀ ਤਰ੍ਹਾਂ ਮਨੁੱਖ ਦੀ ਥਾਂ ਲੈ ਲਵੇਗੀ ਤਾਂ ਅਸੀਂ ਦੋ ਵਿਰੋਧੀ ਵਿਚਾਰਾਂ ਦੀ ਉਲਝਣ ਵਿੱਚ ਫਸ ਜਾਵਾਂਗੇ। ਪਹਿਲੀ ਇਹ ਕਿ ਅਜਿਹੀ ਸਥਿਤੀ ਉਦਯੋਗਾਂ, ਵਪਾਰਕ ਕੇਂਦਰਾਂ, ਕਾਰਪੋਰੇਟ ਹਾਊਸਾਂ, ਫੌਜੀ ਸਾਜ਼ੋ ਸਮਾਨ ਦੀ ਰਖਵਾਲੀ, ਵਿਗਿਆਨਕ ਕੇਂਦਰਾਂ ਦੀ ਆਟੋਮੇਸ਼ਨ ਤੇ ਮੌਸਮਾਂ, ਭੁਚਾਲਾਂ, ਤੂਫਾਨਾਂ ਅਤੇ ਹੋਰ ਕੁਦਰਤੀ ਆਫਤਾਂ ਤੋਂ ਖੇਤੀ, ਸਿਹਤ ਤੇ ਭਵਿੱਖ ਦੀਆਂ ਯੋਜਨਾਵਾਂ ਲਈ ਵਰਦਾਨ ਸਿੱਧ ਹੋਵੇਗੀ; ਤੇ ਦੂਸਰੀ ਇਹ ਕਿ ਮਨੁੱਖ ਬਰਬਾਦ ਹੋ ਜਾਣਗੇ। ਜੇ ਮਨੁੱਖ ਹੀ ਨਾ ਬਚੇ ਤਾਂ ਇਹ ਤਕਨੀਕ ਕਿਸ ਕੰਮ! ਪਰ ਜੇ ਇਨ੍ਹਾਂ ਵਿਰੋਧਾਂ ਵਿੱਚ ਵੇਖੀਏ ਤਾਂ ਓਥੇ ਵੀ ਕੁਝ ਮੁਮਕਿਨ ਹੋ ਸਕਦਾ ਹੈ।

ਹੋ ਸਕਦੈ ਏ.ਆਈ. ਉਨ੍ਹਾਂ ਨੌਕਰੀਆਂ ਨੂੰ ਖਤਮ ਕਰ ਦੇਵੇ, ਜਿਨ੍ਹਾਂ ਨੂੰ ਖੁਦ ਕਰਮਚਾਰੀ ਨਿਰਾਰਥਕ ਸਮਝਦੇ ਹਨ। 45 ਵਰ੍ਹਿਆਂ ਦੀ ਲੇਖਿਕਾ ਕੈਲੀ ਈਡਨ ਲਈ ਤਾਂ ਏ.ਆਈ. ਜਿਵੇਂ ਮੁਸੀਬਤਾਂ ਦਾ ਪਹਾੜ ਬਣ ਕੇ ਟੁੱਟੀ, ਉਹ ਇੱਕ ਚਾਕਲੇਟ ਕੰਪਨੀ ਵਿੱਚ ਈਮੇਲ ਡ੍ਰਾਫਟ ਤਿਆਰ ਕਰਦੀ ਸੀ। ਉਹਨੂੰ ਪ੍ਰਤੀ ਸ਼ਬਦ 50 ਸੈਂਟ ਮਿਲਦੇ ਸਨ। ਇੱਕ ਦਿਨ ਕੰਪਨੀ ਨੇ ਫੋਨ ਰਾਹੀਂ ਉਹਨੂੰ ਸੂਚਿਤ ਕੀਤਾ ਕਿ ਹੁਣ ਉਹਦੀ ਬਜਾਏ ਉਹ ਚੈਟ ਜੀ.ਪੀ.ਟੀ. ਦੀ ਸੇਵਾ ਲਵੇਗੀ। ਕੈਲੀ ਲਈ ਇਹ ਸਦਮੇ ਨਾਲੋਂ ਘੱਟ ਨਹੀਂ। ਹੁਣ ਉਹਨੂੰ ਬੈਕ ਅੱਪ ਯੋਜਨਾ ਬਣਾਉਣੀ ਪਏਗੀ।

ਗ੍ਰੇਬਰ ਅਨੁਸਾਰ ਟੈਲੀਮਾਰਕੀਟਿੰਗ ਖੇਤਰ ਵਿੱਚ ਏ.ਆਈ. ਦਾ ਲਗਪਗ ਕਬਜਾ ਹੋ ਚੁੱਕਾ ਹੈ, ਕਿਉਂਕਿ ਗਾਹਕ ਵੀ ਇੱਕੋ ਜਿਹੇ ਸੁਨੇਹੇ ਬੱਕ ਬੱਕ ਵਾਂਗ ਸੁਣਨੇ ਨਹੀਂ ਚਾਹੁੰਦੇ। ਓਥੇ ਚੈਟਬੌਟ ਨੂੰ ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਗਾਹਕ ਉਹਨੂੰ ਪਸੰਦ ਕਰ ਰਿਹਾ ਹੈ ਜਾਂ ਨਹੀਂ। ਇੱਥੇ ਇਹ ਸਮਝਣ ਦੀ ਲੋੜ ਹੈ ਕਿ ਅਰਥਹੀਣ ਨੌਕਰੀਆਂ ਤੋਂ ਕੱਢੇ ਜਾਣ ਵਾਲਿਆਂ ਨੂੰ ਤਾਂ ਇਸ ਵਿੱਚ ਨਵੇਂ ਮੌਕੇ ਮਿਲ ਸਕਦੇ ਹਨ, ਖਾਸ ਕਰਕੇ ਸੌਫਟਵੇਅਰ ਵਾਲਿਆਂ ਨੂੰ; ਪਰ ਬਹੁਤ ਵੱਡੀ ਗਿਣਤੀ ਉਨ੍ਹਾਂ ਲੋਕਾਂ ਦੀ ਵੀ ਹੈ, ਜੋ ਕੋਵਿਡ ਤੋਂ ਬਾਅਦ ਬੇਰੁਜ਼ਗਾਰੀ ਦੀ ਮਾਰ ਝੱਲ ਰਹੇ ਹਨ। ਏ.ਆਈ. ਦੀ ਸਵੈਚਾਲਿਤ ਪ੍ਰਣਾਲੀ ਹੋਰ ਬੇਰੁਜ਼ਗਾਰੀ ਪੈਦਾ ਕਰੇਗੀ, ਕਿਉਂਕਿ ਮਸ਼ੀਨ ਬਿਨਾ ਤਨਖਾਹ ਜਾਂ ਖੁਰਾਕ ਦੇ ਚੌਵੀ ਘੰਟੇ ਕੰਮ ਕਰਨ ਦੇ ਸਮਰੱਥ ਹੈ। ਇਹ ਮਨੁੱਖੀ ਸ਼ਕਤੀ ਅੱਗੇ ਵੱਡੀ ਵੰਗਾਰ ਹੈ। ਮਨੁੱਖ ਨੂੰ ਰੋਟੀ ਚਾਹੀਦੀ ਹੈ ਤੇ ਇਹ ਕਮਾਉਣੀ ਪੈਂਦੀ ਹੈ। ਜਦੋਂ ਉਹਦੇ ਕੋਲ ਕਮਾਉਣ ਦਾ ਸਾਧਨ ਹੀ ਨਾ ਹੋਇਆ ਤਾਂ ਉਹ ਕੀ ਕਰੇਗਾ? ਇਹਦਾ ਕਿਸੇ ਕੋਲ ਕੋਈ ਜੁਆਬ ਨਹੀਂ।

ਜੇ ਏ.ਆਈ. ਦੇ ਨਿੱਕੇ ਨਿੱਕੇ ਫਾਇਦਿਆਂ ਦੀ ਗੱਲ ਕਰੀਏ ਤਾਂ ਇਹ ਬੜੀ ਲੁਭਾਵਣੀ ਸ਼ੈਅ ਲੱਗਦੀ ਹੈ। ਮਸਲਨ ਜਦੋਂ ਅਸੀਂ ਫੋਨ ਨੂੰ ਆਪਣਾ ਚਿਹਰਾ ਦਿਖਾ ਕੇ ਅਨਲਾਕ ਕਰਦੇ ਹਾਂ ਜਾਂ ਅਲੈਕਸਾ ਨੂੰ ਆਪਣੇ ਮਨ ਪਸੰਦ ਗੀਤ ਸੁਣਾਉਣ ਲਈ ਕਹਿੰਦੇ ਹਾਂ, ਜਾਂ ਜਦੋਂ ਅਸੀਂ ਦੇਖਦੇ ਹਾਂ ਕਿ ਐਮਾਜ਼ੋਨ ਨੂੰ ਸਾਡੀ ਪਸੰਦ ਦੀਆਂ ਚੀਜ਼ਾਂ ਦਾ ਇਲਮ ਹੈ ਤੇ ਉਹ ਲਗਾਤਾਰ ਇਨ੍ਹਾਂ ਨੂੰ ਸਾਡੇ ਸਾਹਮਣੇ ਪੇਸ਼ ਕਰਦਾ ਹੈ। ਮੋਬਾਇਲ ਐਪ ਨੂੰ ਇਹ ਵੀ ਪਤਾ ਹੈ ਕਿ ਸਾਨੂੰ ਕਿਹੜੀ ਕਾਰ ਪਸੰਦ ਹੈ। ਕਹਿਣ ਦਾ ਭਾਵ ਹੈ ਕਿ ਮੋਬਾਇਲ ਐਪ ਮੇਰਾ ਮਨ ਪੜ੍ਹ ਸਕਦੀ ਹੈ, ਉਹਨੂੰ ਮੇਰੀ ਇੱਛਾ ਦਾ ਪਤਾ ਹੈ; ਪਰ ਮਨ ਵਿੱਚ ਇੱਕ ਸੁਆਲ ਇਹ ਵੀ ਪੈਦਾ ਹੁੰਦਾ ਹੈ ਕਿ ਏਨੀਆਂ ਸਹੂਲਤਾਂ ਦੇਣ ਵਾਲੀ ਤਕਨਾਲੋਜੀ ਕੀ ਕਿਸੇ ਦੀ ਜਾਨ ਵੀ ਲੈ ਸਕਦੀ ਹੈ? ਇਹ ਸੁਆਲ ਆਪਣੇ ਆਪ ਵਿੱਚ ਪ੍ਰੇਸ਼ਾਨ ਕਰਨ ਵਾਲਾ ਹੈ।

ਰੂਸ ਦੀ ਕਲਾਸ਼ਿਨਕੋਵ ਕੰਪਨੀ ਨੇ ਇੱਕ ਸੈਲਫ ਲਰਨਿੰਗ ਮਸ਼ੀਨਗੰਨ ਬਣਾਈ ਹੈ। ਇਹਦਾ ਏ.ਆਈ. ਸੰਚਾਲਿਤ ਸਾਫਟਵੇਅਰ ਟਾਰਗੇਟ ਦੀ ਫੋਟੋ ਜਾਂ ਵੀਡੀਓ ਦੇਖ ਕੇ ਉਹਦੀ ਪਛਾਣ ਕਰਦਾ ਹੈ ਤੇ ਜਿੰਨਾ ਜ਼ਿਆਦਾ ਉਹਦਾ ਇਸਤੇਮਾਲ ਕੀਤਾ ਜਾਂਦਾ ਹੈ, ਓਨਾ ਜ਼ਿਆਦਾ ਉਹਦਾ ਨਿਸ਼ਾਨਾ ਪੱਕਾ ਹੁੰਦਾ ਜਾਂਦਾ ਹੈ। ਇਜ਼ਰਾਇਲ-ਹਿਜ਼ਬੁੱਲਾ ਤੇ ਰੂਸ-ਯੂਕਰੇਨ ਯੁੱਧ ਵਿੱਚ ਤਬਾਹੀ ਮਚਾ ਰਹੇ ਤਕਨੀਕੀ ਤੌਰ 'ਤੇ ਸਵੈ-ਚਾਲਿਤ ਡ੍ਰੋਨ ਅੱਜ ਕੱਲ੍ਹ ਚਰਚਾ ਦਾ ਵਿਸ਼ਾ ਹਨ। ਇਸ ਤਕਨੀਕ ਨੇ ਤਾਂ ਹਥਿਆਰਾਂ ਨੂੰ ਹੋਰ ਜ਼ਿਆਦਾ ਖਤਰਨਾਕ ਬਣਾ ਦਿੱਤਾ ਹੈ, ਕਿਉਂਕਿ ਇਹ ਹਥਿਆਰ ਨੂੰ ਮਸ਼ੀਨ ਬਣਾ ਦਿੰਦੀ ਹੈ। ਹੁਣ ਤਾਂ ਏ.ਆਈ. ਦਾ ਇਸਤੇਮਾਲ ਇਨਸਾਨਾਂ ਨੂੰ ਮਾਰਨ ਲਈ ਕੀਤੇ ਜਾਣ ਦੀ ਗੱਲ ਵੀ ਤੁਰ ਪਈ ਹੈ।

> *"ਬੱਟਾਂ ਦੀ ਦੁਨੀਆ ਹੈਰਾਨ ਕਰ ਦੇਣ ਵਾਲੀ ਹੈ। ਨਵੀਂ ਜੈਨਰੇਟਿਵ ਏ.ਆਈ. ਨੇ ਨਾ ਸਿਰਫ ਵਾਕ ਸਗੋਂ ਚਿੱਤਰ ਤੇ ਵੀਡੀਓ ਬਣਾਉਣ ਵਿੱਚ ਵੀ ਮੁਹਾਰਤ ਹਾਸਲ ਕਰ ਲਈ ਹੈ। ਇਹ ਇਨਸਾਨ ਹੋਣ ਦਾ ਦਿਖਾਵਾ ਕਰਦੀ ਹੋਈ ਸਾਡੇ ਨਾਲ ਗੱਲਬਾਤ ਵੀ ਕਰ ਸਕਦੀ ਹੈ। ਪਿਛਲੇ ਦੋ ਦਹਾਕਿਆਂ ਵਿੱਚ ਤਕਨੀਕੀ ਐਲਗੋਰਿਦਮ ਨੇ ਵਰਤੋਂਕਾਰਾਂ ਦਾ ਧਿਆਨ ਖਿੱਚਣ ਲਈ ਸੰਵਾਦ ਤੇ ਕੰਟੈਂਟ ਵਿੱਚ ਫੇਰਬਦਲ ਕਰਨਾ ਸਿੱਖ ਲਿਆ ਹੈ...!"*
>
> *-ਯੁਵਾਲ ਨੋਹਾ ਹਰਾਰੀ*



ਏ.ਆਈ. ਮਾਹਿਰ ਸਟੂਅਰਟ ਰੱਸਲ ਨੇ ਇਹਦੇ ਸੰਭਾਵੀ ਖਤਰਿਆਂ ਦੀ ਗੱਲ ਕਰਦਿਆਂ ਕਿਹਾ ਹੈ ਕਿ ਭਵਿੱਖ ਵਿੱਚ ਰੋਬੋਟ ਹਥਿਆਰੇ ਹੋ ਸਕਦੇ ਹਨ। ਉਹਨੇ ਇਸ ਥੀਮ ਨੂੰ ਲੈ ਕੇ ਇੱਕ ਫਿਲਮ ਵੀ ਬਣਾਈ ਹੈ, ਜੋ ਭੈਅਭੀਤ ਕਰਨ ਵਾਲੀ ਹੈ। ਇਸ ਫਿਲਮ ਵਿੱਚ ਦਿਖਾਇਆ ਗਿਆ ਹੈ ਕਿ ਏ.ਆਈ. ਨਾਲ ਸੰਚਾਲਿਤ ਰੋਬੋਟਾਂ ਦਾ ਇੱਕ ਸਮੂਹ ਅਚਾਨਕ ਹਮਲਾ ਕਰ ਦਿੰਦਾ ਹੈ। ਲੱਖਾਂ ਲੋਕਾਂ ਦੀ ਜਾਨ ਲੈਣ ਵਾਲਾ ਇਹ ਸਮੂਹਿਕ ਵਿਨਾਸ਼ ਪ੍ਰਮਾਣੂ ਹਥਿਆਰਾਂ ਵਰਗਾ ਹੈ। ਇਹਨੂੰ ਬਣਾਉਣਾ ਸੌਖਾ ਵੀ ਹੈ ਤੇ ਸਸਤਾ ਵੀ। ਇਹ ਇੱਕ ਦੋ ਨਹੀਂ ਬਲਕਿ ਹਜ਼ਾਰਾਂ, ਲੱਖਾਂ ਦੀ ਗਿਣਤੀ ਵਿੱਚ ਬਣਾਏ ਜਾ ਸਕਦੇ ਹਨ। ਨਾਲ ਹੀ ਇਹ ਉਨ੍ਹਾਂ ਲੋਕਾਂ ਨੂੰ ਪਛਾਣ ਕੇ ਮਾਰਦਾ ਹੈ, ਜਿਨ੍ਹਾਂ ਨੂੰ ਟਾਰਗੇਟ ਕੀਤਾ ਹੋਵੇ। ਮਾਹਿਰ ਅਜੇ ਵੀ ਇਹ ਕਹਿ ਰਹੇ ਹਨ ਕਿ ਅਜਿਹਾ ਨਹੀਂ ਹੋ ਸਕਦਾ, ਪਰ ਇਹੋ ਜਿਹੀਆਂ ਮਸ਼ੀਨਾਂ ਬਣਾਈਆਂ ਜਾ ਰਹੀਆਂ ਹਨ, ਜੋ ਬੜੀਆਂ ਡਰਾਉਣੀਆਂ ਤੇ ਖਤਰਨਾਕ ਹੋ ਸਕਦੀਆਂ ਹਨ। ਜੇ ਏ.ਆਈ. ਰਾਹੀਂ ਕੈਂਸਰ, ਬ੍ਰੇਨ ਟਿਊਮਰ ਜਾਂ ਹੋਰ ਘਾਤਕ ਬਿਮਾਰੀਆਂ ਦਾ ਪਤਾ ਲਾ ਕੇ ਉਨ੍ਹਾਂ ਦਾ ਇਲਾਜ ਲੱਭਿਆ ਜਾਵੇ ਤਾਂ ਲੱਖਾਂ ਲੋਕਾਂ ਨੂੰ ਮੌਤ ਦੇ ਮੂੰਹ ਜਾਣ ਤੋਂ ਬਚਾਇਆ ਜਾ ਸਕਦਾ ਹੈ; ਜੇ ਇਹਦੀ ਵਰਤੋਂ ਫੌਜਾਂ ਕਰਨ ਤਾਂ ਇਹ ਮਨੁੱਖ ਤਬਾਹੀ ਦਾ ਕਾਰਨ ਬਣ ਸਕਦੀ ਹੈ, ਪਰ ਇਹਦੀ ਵਰਤੋਂ ਜੰਗਾਂ-ਯੁੱਧਾਂ ਵਿੱਚ ਕੀਤੀ ਜਾ ਰਹੀ ਹੈ।

ਹਥਿਆਰ ਬਣਾਉਣ ਵਾਲੀ ਇਸ ਤਕਨੀਕ ਦੀ ਖਾਸੀਅਤ ਇਹ ਹੈ ਕਿ ਇਹ ਹਥਿਆਰ ਸਮੇਤ ਸੜਕ 'ਤੇ ਆ ਕੇ ਖੁਦ ਫੈਸਲਾ ਕਰਕੇ ਹਤਿਆਵਾਂ ਕਰ ਸਕਦੀ ਹੈ। ਇਨਸਾਨੀ ਫੌਜੀ ਥੱਕ ਸਕਦੇ ਹਨ, ਉਨ੍ਹਾਂ ਦੇ ਨਿਸ਼ਾਨੇ ਉਕ ਜਾਂਦੇ ਹਨ, ਉਹ ਜ਼ਖਮੀ ਹੋ ਜਾਂਦੇ ਹਨ, ਉਨ੍ਹਾਂ ਵਿੱਚ ਭਾਵਨਾਵਾਂ ਹੁੰਦੀਆਂ ਹਨ, ਪਰ ਮਸ਼ੀਨਾਂ ਵਿੱਚ ਇਹ ਸਾਰੀਆਂ ਚੀਜ਼ਾਂ ਨਹੀਂ ਹੁੰਦੀਆਂ; ਨਾ ਹੀ ਮਸ਼ੀਨਾਂ ਨੂੰ ਤਮੀਜ਼ ਹੁੰਦੀ ਹੈ। ਉਹ ਤਾਂ ਗਤੀ ਕਰਕੇ ਹੀ ਪ੍ਰਤੀਕਿਰਿਆ ਦਿੰਦੀਆਂ ਹਨ।

ਸਵੈ-ਚਾਲਿਕਤਾ ਦੀ ਵੱਧ ਰਹੀ ਵਰਤੋਂ ਨੂੰ ਸਮਝਣ ਲਈ ਕਈ ਦਹਾਕੇ ਪਹਿਲਾਂ ਦੇ ਅਮਰੀਕੀ ਗ੍ਰਹਿ ਯੁੱਧ 'ਤੇ ਝਾਤ ਮਾਰਨੀ ਪਏਗੀ, ਜਿਸ ਵਿੱਚ ਗੈਟਲਿੰਗ ਗੰਨ ਦੀ ਵਰਤੋਂ ਕੀਤੀ ਗਈ ਸੀ। ਇਸ ਗੰਨ ਨੂੰ ਚਲਾਉਣ ਲਈ ਚਾਰ ਬੰਦਿਆਂ ਦੀ ਲੋੜ ਹੁੰਦੀ ਸੀ ਤੇ ਇਹ ਸੌ ਫੌਜੀਆਂ ਦੇ ਬਰਾਬਰ ਗੋਲੀਬਾਰੀ ਕਰ ਸਕਦੀ ਸੀ। ਗੈਟਲਿੰਗ ਗੰਨ ਦੀ ਕਾਢ ਤਾਂ ਮਨੁੱਖ ਦੀ ਰੱਖਿਆ ਕਰਨ ਲਈ ਕੱਢੀ ਗਈ ਸੀ, ਪਰ ਇਹਦਾ ਉਲਟਾ ਅਸਰ ਹੋਇਆ ਤੇ ਇਸ ਨੇ ਕਿੰਨੇ ਮਨੁੱਖਾਂ ਦੀ ਜਾਨ ਲੈ ਲਈ। ਡੇਢ ਸੌ ਵਰ੍ਹਿਆਂ ਬਾਅਦ ਫਿਰ ਇਹੀ ਚਿੰਤਾ ਸਤਾਈ ਜਾ ਰਹੀ ਹੈ।

ਇੱਥੇ ਅਫਗਾਨਿਸਤਾਨ ਦੇ ਯੁੱਧ ਦੀ ਇੱਕ ਘਟਨਾ ਯਾਦ ਆ ਰਹੀ ਹੈ, ਜਦੋਂ ਤਾਲਿਬਾਨਾਂ ਨੇ ਆਪਣੇ ਬਚਾਅ ਲਈ ਇੱਕ ਛੋਟੀ ਜਿਹੀ ਕੁੜੀ ਨੂੰ ਅੱਗੇ ਕਰ ਦਿੱਤਾ। ਇਸ ਦੌਰਾਨ ਫੌਜੀਆਂ ਨੇ ਮਨੁੱਖੀ ਹਮਦਰਦੀ ਵਜੋਂ ਉਸ ਕੁੜੀ ਦੀ ਹੱਤਿਆ ਨਹੀਂ ਸੀ ਕੀਤੀ, ਪਰ ਸੋਚ ਕੇ ਦੇਖੋ ਜੇ ਉਨ੍ਹਾਂ ਦੀ ਥਾਂ ਕੋਈ ਏ.ਆਈ. ਸੰਚਾਲਿਤ ਰੋਬੋਟ ਹੁੰਦਾ, ਤਾਂ ਨਿਸ਼ਚਿਤ ਤੌਰ 'ਤੇ ਉਸ ਕੁੜੀ ਨੂੰ ਮਾਰ ਮੁਕਾ ਦਿੰਦਾ, ਕਿਉਂਕਿ ਰੋਬੋਟ ਨੂੰ ਤਕਨੀਕ ਨਾਲ ਤਿਆਰ ਕੀਤਾ ਜਾਂਦਾ ਹੈ ਕਿ ਯੁੱਧ ਵਿੱਚ ਜਿਹੜਾ ਵੀ ਸਾਹਮਣੇ ਆਏ, ਉਹਨੂੰ ਮਾਰ ਦੇਵੇ। ਐਲਗੋਰਿਦਮ ਦੇ ਦੌਰ ਵਿੱਚ ਇਸੇ ਕਰਕੇ ਯੁੱਧ ਖਤਰਨਾਕ ਹੁੰਦੇ ਜਾ ਰਹੇ ਹਨ।

ਪਰ ਜਿਵੇਂ ਉਸ ਪੁਰਾਣੀ ਕਹਾਣੀ ਦਾ ਸਹਾਰਾ ਲੈ ਕੇ ਮਨੁੱਖ ਨੂੰ ਹੌਸਲਾ ਦਿੱਤਾ ਜਾਂਦਾ ਹੈ ਕਿ ਉਹਨੇ ਪਹੀਏ ਦੀ ਕਾਢ ਤੋਂ ਬਾਅਦ ਗੱਡੇ ਤੋਂ ਲੈ ਕੇ ਕਾਰਾਂ, ਤੇਜ਼ ਰੇਲਾਂ, ਹਵਾਈ ਜਹਾਜ਼ਾਂ ਤੇ ਸੁਪਰ ਸੌਨਿਕ ਤੱਕ ਵਿਕਾਸ ਕੀਤਾ ਹੈ, ਓਵੇਂ ਹੀ ਏ.ਆਈ. ਤੋਂ ਡਰਨ ਦੀ ਲੋੜ ਨਹੀਂ। ਇਸ ਲਈ ਏਨਾ ਜ਼ਰੂਰ ਹੈ ਕਿ ਇਸ ਨੂੰ ਮਨੁੱਖ ਦੀ ਸੇਵਾਦਾਰ ਵਜੋਂ ਵਿਕਸਤ ਕੀਤਾ ਜਾਵੇ, ਨਾ ਕੇ ਉਹਨੂੰ ਮਾਲਕ ਬਨਣ ਦੀ ਟ੍ਰੇਨਿੰਗ ਦਿੱਤੀ ਜਾਵੇ!

-0-

# ਪਾਕਿਸਤਾਨ ਕ੍ਰਿਕਟ ਦਾ ਮਸੀਹਾ ਇਮਰਾਨ ਖਾਨ

ਪਹਿਲਾਂ ਬੱਲੇਬਾਜ਼ੀ ਕਰਦਿਆਂ ਸ਼ਾਨਦਾਰ ਅਰਧ ਸੈਂਕੜਾ ਵੀ ਲਗਾਇਆ। ਕਿਸੇ ਖਿਡਾਰੀ ਦੀ ਇਸ ਤੋਂ ਸੁਨਹਿਰੀ ਵਿਦਾਇਗੀ ਨਹੀਂ ਹੋ ਸਕਦੀ। ਇਮਰਾਨ ਖਾਨ ਦੀ ਉਮਰ ਉਦੋਂ 39 ਸਾਲ ਸੀ ਅਤੇ ਉਹ ਪੂਰੀ ਤਰ੍ਹਾਂ ਫਿੱਟ ਸੀ। ਇਮਰਾਨ ਖਾਨ ਦਾ ਖੇਡਿਆ ਹਰ ਪੱਤਾ ਪਾਕਿਸਤਾਨ ਲਈ ਕਾਰਗਾਰ ਸਿੱਧ ਹੋਇਆ। ਵਸੀਮ ਅਕਰਮ ਫ਼ਾਈਨਲ ਅਤੇ ਇੰਜ਼ਮਾਮ ਉਲ ਹੱਕ ਸੈਮੀ ਫ਼ਾਈਨਲ ਵਿੱਚ ਮੈਨ ਆਫ਼ ਦਾ ਮੈਚ ਬਣਿਆ। ਵਸੀਮ ਨੇ ਸੈਮੀ ਫ਼ਾਈਨਲ ਵਿੱਚ ਦੋ ਅਤੇ ਫ਼ਾਈਨਲ ਵਿੱਚ ਤਿੰਨ ਵਿਕਟਾਂ ਲਈਆਂ। ਇਮਰਾਨ ਖਾਨ ਦੀ ਕਪਤਾਨੀ ਵਿੱਚ ਪਾਕਿਸਤਾਨ ਵੱਲੋਂ ਜਿੱਤਿਆ ਇਹ ਪਹਿਲਾ ਤੇ ਹੁਣ ਤੱਕ ਦਾ ਇਕਲੌਤਾ ਵਿਸ਼ਵ ਕੱਪ ਹੈ। ਇਸ ਤੋਂ ਬਾਅਦ ਪਾਕਿਸਤਾਨ ਟੀਮ ਨੇ ਦੁਬਾਰਾ ਇੱਕ ਰੋਜ਼ਾ ਵਿਸ਼ਵ ਕੱਪ ਨਹੀਂ ਜਿੱਤਿਆ। ਇਮਰਾਨ ਨੇ ਜਨਵਰੀ 1992 ਵਿੱਚ ਹੀ ਫੈਸਲਾਬਾਦ ਵਿਖੇ ਸ੍ਰੀਲੰਕਾ ਖਿਲਾਫ ਆਪਣਾ ਆਖਰੀ ਟੈਸਟ ਖੇਡਿਆ ਸੀ।

ਇਮਰਾਨ ਖਾਨ ਨੇ ਆਪਣੇ ਖੇਡ ਜੀਵਨ ਵਿੱਚ 88 ਟੈਸਟ ਖੇਡੇ ਹਨ। ਬੱਲੇਬਾਜ਼ ਵਜੋਂ ਉਸ ਨੇ 37.69 ਦੀ ਔਸਤ ਨਾਲ ਕੁੱਲ 3807 ਦੌੜਾਂ ਬਣਾਈਆਂ ਹਨ, ਜਿਸ ਵਿੱਚ ਛੇ ਸੈਂਕੜੇ ਅਤੇ 18 ਅਰਧ ਸੈਂਕੜੇ ਸ਼ਾਮਲ ਹਨ। 136 ਸਰਵਉਚ ਸਕੋਰ ਹੈ। ਗੇਂਦਬਾਜ਼ ਵਜੋਂ ਉਸ ਨੇ 362 ਵਿਕਟਾਂ ਲਈਆਂ ਹਨ। 23 ਵਾਰ ਇੱਕ ਪਾਰੀ ਵਿੱਚ ਪੰਜ ਵਿਕਟਾਂ ਅਤੇ ਛੇ ਵਾਰ ਇੱਕ ਮੈਚ ਵਿੱਚ 10 ਵਿਕਟਾਂ ਹਾਸਲ ਕੀਤੀਆਂ ਹਨ। 58 ਦੌੜਾਂ ਦੇ ਕੇ ਅੱਠ ਵਿਕਟਾਂ ਉਸ ਦਾ ਸਰਵੋਤਮ ਪ੍ਰਦਰਸ਼ਨ ਹੈ। ਕਪਤਾਨ ਵਜੋਂ ਉਹ ਵਿਸ਼ਵ ਕ੍ਰਿਕਟ ਵਿੱਚ ਸਭ ਤੋਂ ਵੱਧ ਵਿਕਟਾਂ ਲੈਣ ਵਾਲਾ ਗੇਂਦਬਾਜ਼ ਹੈ। ਸਟਰਾਈਕ ਰੇਟ ਅਤੇ ਔਸਤ ਪੱਖੋਂ ਵੀ ਉਹ ਸਭ ਤੋਂ ਉਪਰ ਹੈ। 60 ਦੌੜਾਂ ਦੇ ਕੇ ਅੱਠ ਵਿਕਟਾਂ ਲੈ ਕੇ ਉਹ ਕਪਤਾਨ ਗੇਂਦਬਾਜ਼ਾਂ ਦੀ ਸੂਚੀ ਵਿੱਚ ਸਰਵੋਤਮ ਪ੍ਰਦਰਸ਼ਨ ਕਰਨ ਵਾਲਾ ਕ੍ਰਿਕਟਰ ਹੈ। ਬਤੌਰ ਕਪਤਾਨ ਗੇਂਦਬਾਜ਼ ਉਸ ਨੇ ਕਰੀਅਰ ਵਿੱਚ ਛੇ ਵਾਰ ਇੱਕ ਪਾਰੀ ਵਿੱਚ ਪੰਜ ਵਿਕਟਾਂ ਹਾਸਲ ਕੀਤੀਆਂ ਹਨ, ਜੋ ਕਿ ਇੱਕ ਕਪਤਾਨ ਵਜੋਂ ਵਿਸ਼ਵ ਰਿਕਾਰਡ ਹੈ। ਇਮਰਾਨ ਨੇ 75ਵੇਂ ਟੈਸਟ ਵਿੱਚ 3000 ਤੋਂ ਵੱਧ ਦੌੜਾਂ ਬਣਾਉਣ ਅਤੇ 300 ਤੋਂ ਵੱਧ ਵਿਕਟਾਂ ਲੈਣ ਦਾ ਰਿਕਾਰਡ ਬਣਾਇਆ ਸੀ। ਉਸ ਤੋਂ ਉਪਰ ਸਿਰਫ ਇੰਗਲੈਂਡ ਦਾ ਇਆਨ ਬੋਥਮ ਸੀ, ਜਿਸ ਨੇ ਇਹ ਪ੍ਰਾਪਤੀ 72 ਮੈਚਾਂ ਵਿੱਚ ਹਾਸਲ ਕੀਤੀ ਸੀ। ਛੇਵੇਂ ਨੰਬਰ ਉਤੇ ਬੱਲੇਬਾਜ਼ੀ ਕਰਦਿਆਂ ਉਸ ਨੇ 61.86 ਦੀ ਔਸਤ ਨਾਲ ਦੌੜਾਂ ਬਣਾਈਆਂ ਹਨ, ਜੋ ਕਿ ਔਸਤ ਪੱਖੋਂ ਵਿਸ਼ਵ ਵਿੱਚ ਦੂਜੇ ਨੰਬਰ ਉਤੇ ਹੈ। 362 ਵਿਕਟਾਂ ਹਾਸਲ ਕਰਨ ਵਾਲੇ ਉਹ ਉਸ ਵੇਲੇ ਪਾਕਿਸਤਾਨ ਦਾ ਸਭ ਤੋਂ ਵੱਧ ਅਤੇ ਵਿਸ਼ਵ ਵਿੱਚ ਚੌਥੇ ਨੰਬਰ ਉਤੇ ਵਿਕਟਾਂ ਲੈਣ ਵਾਲਾ ਗੇਂਦਬਾਜ਼ ਬਣਿਆ ਸੀ। ਭਾਰਤੀ ਮਹਾਨ ਬੱਲੇਬਾਜ਼ ਸੁਨੀਲ ਗਾਵਸਕਰ ਨੂੰ ਟੈਸਟ ਦੀ ਪਹਿਲੀ ਗੇਂਦ ਉਪਰ ਹੀ ਆਊਟ ਕਰਨ ਵਾਲੇ ਗੇਂਦਬਾਜ਼ਾਂ ਵਿੱਚ ਇਮਰਾਨ ਖਾਨ ਦਾ ਨਾਮ ਵੀ ਦਰਜ ਹੈ।

ਇੱਕ ਰੋਜ਼ਾ ਕ੍ਰਿਕਟ ਵਿੱਚ ਇਮਰਾਨ ਖਾਨ ਨੇ 175 ਮੈਚ ਖੇਡਦਿਆਂ 33.41 ਦੀ ਔਸਤ ਨਾਲ 3709 ਦੌੜਾਂ ਬਣਾਈਆਂ। ਇੱਕ ਸੈਂਕੜਾ ਤੇ 19 ਅਰਧ ਸੈਂਕੜੇ ਜੜੇ। ਇਕਲੌਤਾ ਸੈਂਕੜਾ 1983 ਵਿਸ਼ਵ ਕੱਪ ਵਿੱਚ ਸ੍ਰੀਲੰਕਾ ਖਿਲਾਫ ਲਗਾਇਆ ਸੀ, ਜੋ ਕਿ ਨਾਬਾਦ 102 ਉਸ ਦਾ ਸਰਵੋਤਮ ਸਕੋਰ ਹੈ। ਗੇਂਦਬਾਜ਼ ਵਜੋਂ ਉਸ ਨੇ 182 ਵਿਕਟਾਂ ਲਈਆਂ। ਇੱਕ ਵਾਰ ਹੀ ਇੱਕ ਮੈਚ ਵਿੱਚ ਪੰਜ ਤੋਂ ਵੱਧ ਵਿਕਟਾਂ ਲਈਆਂ, ਜੋ ਕਿ 14 ਦੌੜਾਂ ਦੇ ਕੇ ਛੇ ਵਿਕਟਾਂ ਉਸ ਦਾ ਸਰਵੋਤਮ ਪ੍ਰਦਰਸ਼ਨ ਹੈ। ਫਸਟ ਕਲਾਸ ਕ੍ਰਿਕਟ ਵਿੱਚ ਇਮਰਾਨ ਨੇ 382 ਮੈਚ ਖੇਡ ਕੇ 17771 ਦੌੜਾਂ ਬਣਾਈਆਂ ਹਨ, ਜਿਸ ਵਿੱਚ 30 ਸੈਂਕੜੇ ਅਤੇ 93 ਅਰਧ ਸੈਂਕੜੇ ਸ਼ਾਮਲ ਹਨ ਅਤੇ ਗੇਂਦਬਾਜ਼ ਵਜੋਂ 1287 ਵਿਕਟਾਂ ਲਈਆਂ ਹਨ। ਲਿਸਟ-ਏ-ਕ੍ਰਿਕਟ ਵਿੱਚ 425 ਮੈਚ ਖੇਡਦਿਆਂ 5 ਸੈਂਕੜਿਆਂ ਤੇ 66 ਅਰਧ ਸੈਂਕੜਿਆਂ ਬਦੌਲਤ 10100 ਦੌੜਾਂ ਬਣਾਈਆਂ ਅਤੇ 507 ਵਿਕਟਾਂ ਲਈਆਂ।

ਇਮਰਾਨ ਖਾਨ ਨੇ ਲਾਹੌਰ ਵੱਲੋਂ ਘਰੇਲੂ ਕ੍ਰਿਕਟ ਖੇਡੀ ਹੈ। ਉਸ ਨੇ ਘਰੇਲੂ ਕ੍ਰਿਕਟ ਦੀ ਸ਼ੁਰੂਆਤ ਲਾਹੌਰ 'ਏ', ਲਾਹੌਰ 'ਬੀ' ਅਤੇ ਲਾਹੌਰ ਗਰੀਨ ਟੀਮ ਤੋਂ ਕੀਤੀ ਸੀ। ਉਸ ਨੇ ਦਾਊਦ ਇੰਡਸਟਰੀਜ਼ ਤੇ ਪਾਕਿਸਤਾਨ ਏਅਰ ਲਾਈਨਜ਼ ਦੀ ਪ੍ਰਤੀਨਿਧਤਾ ਵੀ ਕੀਤੀ ਹੈ। ਕਾਊਂਟੀ ਕ੍ਰਿਕਟ ਵਿੱਚ ਸੰਸੈਕਸ ਤੇ ਨਿਊ ਸਾਊਥ ਵੇਲਜ਼ ਵੱਲੋਂ ਵੀ ਕ੍ਰਿਕਟ ਖੇਡੀ ਹੈ। ਇਮਰਾਨ ਖਾਨ ਨੇ 1994 ਵਿੱਚ ਇੱਕ ਖੁਲਾਸਾ ਕੀਤਾ ਸੀ ਕਿ 1981 ਵਿੱਚ ਇੱਕ ਕਾਊਂਟੀ ਮੈਚ ਵਿੱਚ ਬਾਲ ਨਾਲ ਛੇੜਛਾੜ ਕੀਤੀ ਸੀ, ਜਿਸ ਕਾਰਨ ਉਸ ਦੀ ਕਾਫੀ ਆਲੋਚਨਾ ਹੋਈ ਸੀ।

ਇਮਰਾਨ ਖਾਨ ਸੰਗੀਤ ਦਾ ਬਹੁਤ ਸ਼ੌਕੀਨ ਹੈ ਅਤੇ ਮੁਹੰਮਦ ਰਫੀ ਤੇ ਨੁਸਰਤ ਫਤਿਹ ਅਲੀ ਖਾਨ ਉਸ ਦੇ ਪਸੰਦੀਦਾ ਗਾਇਕ ਸਨ। ਇਮਰਾਨ ਨੇ ਛੇ ਕਿਤਾਬਾਂ ਵੀ ਲਿਖੀਆਂ ਹਨ। ਇਮਰਾਨ ਨੇ ਜਿੱਥੇ ਤਿੰਨ ਵਿਆਹ ਕਰਵਾਏ, ਉਥੇ ਨਿੱਜੀ ਜ਼ਿੰਦਗੀ ਵਿੱਚ ਉਸ ਦੇ ਕਈ ਨਾਮੀ ਹਸਤੀਆਂ ਨਾਲ ਰਿਸ਼ਤੇ ਰਹੇ ਹੋਣ ਕਰਕੇ ਵੀ ਕਾਫੀ ਚਰਚਾ ਹੁੰਦੀ ਰਹੀ। ਉਸ ਦਾ ਨਾਮ ਇੱਕ ਭਾਰਤੀ ਹੀਰੋਇਨ ਤੋਂ ਇਲਾਵਾ ਅਮਰੀਕਾ ਤੇ ਇੰਗਲੈਂਡ ਦੀਆਂ ਮਾਡਲਾਂ/ਅਭਿਨੇਤਰੀਆਂ ਨਾਲ ਵੀ ਜੁੜਦਾ ਰਿਹਾ। ਇਮਰਾਨ ਦੀ ਪਹਿਲੀ ਪਤਨੀ ਜੈਮਿਮਾ ਤੋਂ ਉਸ ਦੇ ਦੋ ਬੇਟੇ ਹਨ। ਦੂਜੀ ਪਤਨੀ ਰੇਹਾਮ ਖਾਨ ਨੇ ਉਸ ਉਪਰ ਕਾਫੀ ਦੋਸ਼ ਲਗਾਏ ਸਨ। ਤੀਜੀ ਪਤਨੀ ਬੁਸ਼ਰਾ ਨਾਲ 2018 ਵਿੱਚ ਵਿਆਹ ਕਰਵਾਇਆ। ਇਸ ਤੋਂ ਇਲਾਵਾ ਉਸ ਦੇ ਇੱਕ ਬੇਟੀ ਇੱਕ ਬ੍ਰਿਟਿਸ਼ ਮਾਡਲ ਨਾਲ ਸਬੰਧਾਂ ਤੋਂ ਹੈ। ਇਮਰਾਨ ਨੇ ਆਪਣੀ ਮਾਤਾ ਸ਼ੌਕਤ ਖਾਨੂਮ, ਜਿਸ ਦੀ ਕੈਂਸਰ ਕਾਰਨ ਮੌਤ ਹੋ ਗਈ ਸੀ, ਦੀ ਯਾਦ ਵਿੱਚ ਲਾਹੌਰ ਵਿਖੇ ਕੈਂਸਰ ਹਸਪਤਾਲ ਅਤੇ ਮੀਆਂਵਾਲੀ ਵਿਖੇ ਕਾਲਜ ਖੋਲ੍ਹਿਆ ਹੈ।

ਇਮਰਾਨ ਨੂੰ ਦੁਨੀਆਂ ਆਈ.ਕੇ., ਲਾਇਨ ਆਫ਼ ਲਾਹੌਰ ਅਤੇ ਕਿੰਗ ਆਫ਼ ਸਵਿੰਗ ਦੇ ਨਾਮ ਨਾਲ ਵੀ ਜਾਣਦੀ ਹੈ। ਇਮਰਾਨ ਨੂੰ 1983 ਵਿੱਚ ਵਿਜ਼ਡਨ ਕ੍ਰਿਕਟਰ ਚੁਣਿਆ ਗਿਆ। 1992 ਵਿੱਚ ਉਸ ਨੂੰ ਪਾਕਿਸਤਾਨ ਦਾ ਦੂਜਾ ਸਰਵਉਚ ਸਨਮਾਨ ਹਿਲਾਲ-ਏ-ਇਮਤਿਆਜ਼ ਨਾਲ ਸਨਮਾਨਿਆ ਗਿਆ। 1993 ਵਿੱਚ ਪਾਕਿਸਤਾਨ ਸਰਕਾਰ ਨੇ ਪ੍ਰਾਈਡ ਆਫ਼ ਪ੍ਰਫਾਰਮੈਂਸ ਨਾਲ ਸਨਮਾਨਤ ਕੀਤਾ। 2004 ਵਿੱਚ ਲੰਡਨ ਵਿਖੇ ਏਸ਼ੀਅਨ ਜਿਊਲ ਐਵਾਰਡ ਸਮਾਰੋਹ ਦੌਰਾਨ ਲਾਈਫ ਟਾਈਮ ਅਚੀਵਮੈਂਟ ਐਵਾਰਡ ਅਤੇ 2008 ਵਿੱਚ ਜਿਨਾਹ ਐਵਾਰਡ ਨਾਲ ਸਨਮਾਨਤ ਕੀਤਾ। 2012 ਵਿੱਚ 88 ਫੀਸਦੀ ਵੋਟ ਨਾਲ ਉਹ ਏਸ਼ੀਆ ਦਾ 'ਪਰਸਨ ਆਫ਼ ਦਾ ਯੀਅਰ' ਚੁਣਿਆ ਗਿਆ।

ਕ੍ਰਿਕਟ ਤੋਂ ਸੰਨਿਆਸ ਲੈਣ ਤੋਂ ਬਾਅਦ ਇਮਰਾਨ ਖਾਨ ਨੇ ਰਾਜਨੀਤੀ ਵਿੱਚ ਦਾਖਲਾ ਪਾਇਆ। ਰਾਜਨੀਤੀ ਵਿੱਚ ਵੀ ਉਸ ਨੇ ਬਹੁਤ ਸੰਘਰਸ਼ ਕੀਤਾ। ਨਿਵਾਣ ਤੋਂ ਸਿਖਰਾਂ ਵੱਲ ਸਫਰ ਤੈਅ ਕੀਤਾ। ਬਹੁਤ ਉਤਰਾਅ-ਚੜ੍ਹਾਅ ਦੇਖੇ। ਉਸ ਉਪਰ ਕਾਤਲਾਨਾ ਹਮਲੇ ਵੀ ਹੋਏ ਅਤੇ ਉਹ ਇਸ ਵੇਲੇ ਗ੍ਰਿਫਤਾਰ ਹੈ ਤੇ ਉਸ ਉਪਰ ਕਈ ਮਾਮਲੇ ਚੱਲ ਰਹੇ ਹਨ। ਇਮਰਾਨ ਖਾਨ ਨੇ ਸਿਆਸੀ ਸਫਰ ਦੀ ਸ਼ੁਰੂਆਤ 1996 ਵਿੱਚ ਪਾਕਿਸਤਾਨ ਤਹਿਰੀਕ-ਏ-ਇਨਸਾਫ਼ (ਪੀ.ਟੀ.ਆਈ.) ਪਾਰਟੀ ਦੀ ਸਥਾਪਨਾ ਕਰ ਕੇ ਕੀਤੀ ਸੀ। 1997 ਵਿੱਚ ਉਸ ਨੇ ਮੀਆਂਵਾਲੀ ਤੇ ਲਾਹੌਰ ਦੋ ਸੀਟਾਂ ਤੋਂ ਪਾਕਿਸਤਾਨ ਨੈਸ਼ਨਲ ਅਸੈਂਬਲੀ ਦੀਆਂ ਚੋਣਾਂ ਲੜੀਆਂ, ਪਰ ਦੋਵੇਂ ਸੀਟਾਂ ਤੋਂ ਹਾਰ ਗਿਆ। 2002 ਵਿੱਚ ਮੀਆਂਵਾਲੀ ਤੋਂ ਪਹਿਲੀ ਵਾਰ ਸੰਸਦ ਮੈਂਬਰ ਬਣਿਆ। 2007 ਵਿੱਚ ਉਸ ਨੇ 85 ਹੋਰ ਸੰਸਦ ਮੈਂਬਰਾਂ ਦੇ ਨਾਲ ਰਾਸ਼ਟਰਪਤੀ ਦੀ ਚੋਣ ਨੂੰ ਲੈ ਕੇ ਅਸਤੀਫਾ ਦਿੱਤਾ। 2013 ਵਿੱਚ ਉਸ ਦੀ ਪਾਰਟੀ ਸੰਸਦ ਵਿੱਚ ਦੂਜੀ ਸਭ ਤੋਂ ਵੱਡੀ ਪਾਰਟੀ ਬਣੀ ਅਤੇ ਉਸ ਨੂੰ ਪੀ.ਪੀ.ਪੀ. ਤੋਂ ਸਾਂਝੀ ਸਰਕਾਰ ਬਣਾ ਕੇ ਪ੍ਰਧਾਨ ਮੰਤਰੀ ਬਣਨ ਦੀ ਪੇਸ਼ਕਸ਼ ਵੀ ਮਿਲੀ ਸੀ। ਇਮਰਾਨ ਖਾਨ ਨੇ ਆਪਣਾ ਸੰਘਰਸ਼ ਜਾਰੀ ਰੱਖਿਆ ਅਤੇ 2018 ਵਿੱਚ ਮੀਆਂਵਾਲੀ ਤੇ ਇਸਲਾਮਾਬਾਦ- ਦੋਵੇਂ ਸੀਟਾਂ ਤੋਂ ਜਿੱਤ ਗਿਆ। 18 ਅਗਸਤ 2018 ਨੂੰ ਉਹ ਪਾਕਿਸਤਾਨ ਦਾ 22ਵਾਂ ਪ੍ਰਧਾਨ ਮੰਤਰੀ ਬਣਿਆ। ਆਪਣੇ ਕਾਰਜਕਾਲ ਦੌਰਾਨ ਉਸ ਨੇ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਕਰਤਾਰਪੁਰ ਲਾਂਘਾ ਖੋਲ੍ਹਣ ਦਾ ਇਤਿਹਾਸਕ ਫੈਸਲਾ ਕੀਤਾ। 2019 ਵਿੱਚ ਲਾਂਘਾ ਸ਼ੁਰੂ ਹੋ ਗਿਆ, ਜਿਸ ਨਾਲ ਹਰ ਰੋਜ਼ ਭਾਰਤੀ ਸੰਗਤ ਪਾਕਿਸਤਾਨ ਸਥਿਤ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨ ਜਾਂਦੀ ਹੈ। ਇਹ ਗੁਰਦੁਆਰਾ ਸਾਹਿਬ ਪਾਕਿਸਤਾਨ ਨਾਲ ਲੱਗਦੀ ਭਾਰਤ ਦੀ ਕੌਮਾਂਤਰੀ ਸਰਹੱਦ ਤੋਂ ਪਾਕਿਸਤਾਨ ਵਾਲੇ ਪਾਸੇ ਚਾਰ ਕਿਲੋਮੀਟਰ ਤੋਂ ਵੱਧ ਦੂਰੀ ਉਤੇ ਸਥਿਤ ਹੈ, ਜਿੱਥੇ ਗੁਰੂ ਨਾਨਕ ਦੇਵ ਜੀ ਨੇ ਆਪਣਾ ਆਖਰੀ ਸਮਾਂ ਬਤੀਤ ਕਰਦਿਆਂ ਹੱਥੀਂ ਖੇਤੀ ਕਰਕੇ ਕਿਰਤ ਕਰਨ ਦਾ ਸੰਦੇਸ਼ ਦਿੱਤਾ ਸੀ।

2022 ਵਿੱਚ ਪਾਕਿਸਤਾਨ ਨੈਸ਼ਨਲ ਅਸੈਂਬਲੀ ਵਿੱਚ ਭਰੋਸੇ ਦਾ ਵੋਟ ਹਾਰਨ ਤੋਂ ਬਾਅਦ ਇਮਰਾਨ ਖਾਨ ਨੂੰ ਅਸਤੀਫਾ ਦੇਣਾ ਪਿਆ। ਉਸ ਤੋਂ ਬਾਅਦ ਉਸ ਨੂੰ ਕਈ ਕੇਸਾਂ ਦਾ ਸਾਹਮਣਾ ਕਰਨਾ ਪਿਆ ਅਤੇ ਮੌਜੂਦਾ ਸਮੇਂ ਉਹ ਗ੍ਰਿਫਤਾਰ ਹੈ।

## ਜੁਗ ਜੁਗ ਜੀਓ... (23)

# ਗੱਲਾਂ ਕੈਂਸਰ ਬਾਰੇ (2)

ਡਾ. ਹਰਬੰਸ ਕੌਰ ਦਿਓਲ

***ਪਿਛਲੇ ਅੰਕ ਵਿੱਚ ਪਾਠਕ ਕੈਂਸਰ ਨਾਲ ਜੁੜੀਆਂ ਕੁਝ ਗੱਲਾਂ ਬਾਰੇ ਪੜ੍ਹ ਚੁਕੇ ਹਨ ਅਤੇ ਹਥਲੇ ਲੇਖ ਵਿੱਚ ਵੀ ਡਾ. ਹਰਬੰਸ ਕੌਰ ਦਿਓਲ ਨੇ ਕੈਂਸਰ ਨਾਲ ਜੁੜੀਆਂ ਹੋਰ ਗੱਲਾਂ ਦੀ ਪੂਣੀ ਕੱਤੀ ਹੈ। ਉਨ੍ਹਾਂ ਕੈਂਸਰ ਬਾਬਤ ਡਾਕਟਰੀ ਨਸੀਹਤਾਂ ਅਤੇ ਸਰੀਰ ਦੀ ਸਾਂਭ-ਸੰਭਾਲ ਸਬੰਧੀ ਜਾਗਰੂਕ ਕਰਨ ਲਈ ਵਿਚਾਰਾਂ ਦੀ ਤੰਦ ਨਾਲ ਤੰਦ ਜੋੜ ਕੇ ਕੁਝ ਸਾਵਧਾਨੀਆਂ ਵਰਤਣ ਦੀ ਸਲਾਹ ਦਿੱਤੀ ਹੈ; ਕਿਉਂਕਿ ਜੇ ਅਸੀਂ-ਤੁਸੀਂ ਰੋਗ ਰਹਿਤ ਰਹਾਂਗੇ ਤਾਂ ਸਾਡੇ ਇਰਦ-ਗਿਰਦ ਨਰੋਆ ਸਮਾਜ ਹੀ ਹੋਵੇਗਾ। ਮੁੱਕਦੀ ਗੱਲ, ਸਾਡੀ ਸਿਹਤ ਸਾਡੇ ਹੱਥ ਹੈ- ਭਾਵ ਸਾਡਾ ਹੀ ਫਰਜ਼ ਹੈ ਕਿ ਅਸੀਂ ਆਪਣੇ ਆਪ ਨੂੰ ਤੰਦਰੁਸਤ ਰੱਖੀਏ।***

"ਦੀਦੀ, ਅੱਜ ਮੈਂ ਬਹੁਤ ਖੁਸ਼ ਹਾਂ।"

"ਕਿਉਂ ਬਈ, ਕੋਈ ਲਾਟਰੀ ਨਿਕਲ ਆਈ ਏ ਤੇਰੀ?"

"ਉਸ ਤੋਂ ਵੀ ਵਧੀਆ, ਸੰਨੂ ਦੇ ਕੈਂਸਰ ਦੇ ਟੈਸਟ ਨੇਗੇਟਿਵ ਆਏ ਨੇ। ਹੁਣ ਤਾਂ ਉਸ ਨੂੰ ਭੁੱਖ ਲੱਗਣ ਲੱਗ ਪਈ ਏ। ਕਮਜ਼ੋਰੀ ਵੀ ਘਟ ਗਈ ਹੈ। ਹੋਰ ਤਾਂ ਹੋਰ, ਸਿਰ ਦੇ ਵਾਲ ਵੀ ਆਉਣੇ ਸ਼ੁਰੂ ਹੋ ਗਏ ਹਨ, ਘੁੰਗਰਾਲੇ ਜਿਹੇ।"

"ਆਹ ਤੇ ਬਹੁਤ ਵੱਡੀ ਖੁਸ਼ਖਬਰੀ ਏ।"

"ਦੀਦੀ, ਕੈਂਸਰ ਦਾ ਅਸਰ ਸਿਰਫ ਪੀੜਤ 'ਤੇ ਹੀ ਨਹੀਂ, ਬਾਕੀ ਦੇ ਟੱਬਰ 'ਤੇ ਵੀ ਕਿੰਨਾ ਹੁੰਦਾ ਏ!

ਸਕਾਰਾਤਮਕ ਰਵੱਈਆ (positive attitude), ਅੱਛੀ ਖੁਰਾਕ ਅਤੇ ਬਾਕੀ ਦੇਖਭਾਲ- ਵਾਕਿਆ ਈ ਚਮਤਕਾਰ ਸਾਬਤ ਹੋਏ ਨੇ ਉਸ ਦੀ ਕੀਮੋ ਦੇ ਨਾਲ ਨਾਲ। ਘਰ ਦੇ ਬਾਕੀ ਜੀਆਂ ਦੀ ਹੌਂਸਲਾਸ਼ੇਰੀ ਕਿੰਨੀ ਜ਼ਰੂਰੀ ਹੁੰਦੀ ਏ ਇਸ ਤਰ੍ਹਾਂ ਦੀ ਸਥਿਤੀ ਵੇਲੇ। ਮੈਂ ਬਹੁਤ ਕੁਝ ਸਿੱਖਿਆ ਕੈਂਸਰ ਬਾਰੇ ਪਿਛਲੀ ਮੁਲਾਕਾਤ ਵੇਲੇ, ਆਪਾਂ ਨੇ ਕੈਂਸਰ ਦੇ ਕਾਰਨ (contributing factors), ਰਹਿਣ ਦਾ ਤਰੀਕਾ (life style ਅਤੇ behavior choices) ਬਾਰੇ ਗੱਲਾਂ ਕਰ ਰਹੇ ਸੀ। ਕਿਉਂ ਨਾ ਆਪਾਂ ਖੁਰਾਕ ਬਾਰੇ ਥੋੜ੍ਹੀ ਜਿਹੀ ਜਾਣਕਾਰੀ ਦੁਹਰਾ ਲਈਏ? ਭੁੱਲੀਆਂ ਗੱਲਾਂ ਯਾਦ ਆ ਜਾਣਗੀਆਂ।"

"ਮੈਨੂੰ ਲੱਗਦੈ ਟੁੱਟੇ ਰਿਕਾਰਡ ਵਾਂਗ ਮੁੜ ਮੁੜ ਓਹੀ ਢੋਲ ਵਜਾਈ ਜਾਂਦੇ ਆਂ ਆਪਾਂ! ਪਰ ਜੇ ਕਹਿੰਦੀ ਏਂ ਤਾਂ ਇੱਕ ਵਾਰੀ ਫਿਰ ਨਜ਼ਰਸਾਨੀ (review) ਕਰ ਲੈਂਦੇ ਆਂ।"

"ਇਹ ਹੈ ਵੀ ਇੰਨਾ ਜ਼ਰੂਰੀ।"

"ਸੁਣ ਫਿਰ...

1. ਸ਼ੂਗਰ ਅਤੇ ਮਿੱਠੀਆਂ ਖੁਰਾਕਾਂ, ਰੀਫਾਈਂਡ ਕਾਰਬਜ਼, ਸੀਰੀਅਲਜ਼, ਕੁਕੀਜ਼, ਕੇਕ, ਡੀਜ਼ੱਰਟਸ, ਬਰੈੱਡ, ਪਾਸਤਾ, ਡੋਨੈਟਸ, ਬੇਗਲਜ਼, ਆਰਟੀਫੀਸ਼ਲ ਸਵੀਟਨਰਜ਼, ਕੈਂਡੀ ਵਗੈਰਾ।

2. ਜਿਹੜੀਆਂ ਖੁਰਾਕਾਂ ਪੈਕ ਕੀਤੀਆਂ ਆਉਂਦੀਆਂ ਨੇ ਅਤੇ ਲੰਮੀਆਂ-ਲੰਮੀਆਂ ਇਨਗਰੀਡੀਐਂਟਜ਼ ਦੀਆਂ ਲਿਸਟਾਂ ਲੱਗੀਆਂ ਹੁੰਦੀਆਂ ਨੇ, ਉਹ ਤੇ ਉਨ੍ਹਾਂ ਵਿੱਚ ਪਰਜ਼ਰਵੇਟਿਵਜ਼ ਸਟੇਵਲਾਈਜ਼ਰਜ਼, ਰੰਗ, ਫਲੇਵਰ, ਫੋਮਿੰਗ, ਜੈਲਿੰਗ ਅਤੇ bulking ਏਜੈਂਟ ਪਾਏ ਹੁੰਦੇ ਨੇ- ਇਹ ਖੁਰਾਕ ਨਹੀਂ, ਖੁਰਾਕ ਵਰਗੀਆਂ ਚੀਜ਼ਾਂ ਨੇ, ਜੋ ਅਸੀਂ ਖਾਂਦੇ ਹਾਂ ਅਤੇ ਬੱਚਿਆਂ ਨੂੰ ਦਿੰਦੇ ਹਾਂ। ਇਨ੍ਹਾਂ ਵਿੱਚ ਪ੍ਰੋਟੀਨ ਬਾਰਜ਼, ਐਨਰਜੀ ਵਾਲੀਆਂ ਨਾਸ਼ਤੇ ਵਾਲੀਆਂ ਚੀਜ਼ਾਂ ਵੀ ਆ ਜਾਂਦੀਆਂ ਨੇ।

3. ਤਲੀਆਂ ਚੀਜ਼ਾਂ- ਚਿਪਸ, ਫਰਾਈਜ਼, ਬਰਗਰਜ਼ (Burgers) ਇਨ੍ਹਾਂ ਵਿੱਚ ਨਾਈਟਰਾਈਟ ਅਤੇ ਨਾਈਟਰੇਟ-preservatives ਦੇ ਤੌਰ 'ਤੇ ਪਾਏ ਜਾਂਦੇ ਨੇ।

4. ਓਵਰ ਕੁੱਕ ਕੀਤੀ, ਗਰਿੱਲ ਅਤੇ ਸੜੀ, ਜ਼ਿਆਦਾ ਤਾਪਮਾਨ 'ਤੇ ਬਣਾਈ ਖੁਰਾਕ, ਜਿਨ੍ਹਾਂ ਵਿੱਚ ਕੈਂਸਰ ਕਰਨ ਵਾਲੇ $HCA_S$ (heterocyclic amine) $PAH_S$ (polycyclic aromatic hydrocarbon) ਹੁੰਦੇ ਨੇ, ਇਹ ਹਾਨੀਕਾਰਕ ਹਨ। $PAH_S$ ਅਤੇ HCAs ਕਾਰਸਿਨੋਜਨ ਹਨ।

5. ਵੈਜੀਟੇਬਲ ਜਾਂ ਸੀਡ ਆਇਲ, ਜਿਹੜੇ ਹਾਈਡਰੋਜੀਨੇਟਡ ਤੇਲ ਹਨ, ਉਨ੍ਹਾਂ ਦਾ ਇਸਤੇਮਾਲ ਕਰਨਾ ਕੈਂਸਰ ਦਾ ਖਤਰਾ ਵਧਾਉਂਦਾ ਹੈ।

6. ਬਲਦੀ ਗੈਸ ਉਤੇ ਰੋਟੀਆਂ ਰਾੜ੍ਹਨੀਆਂ।

7. ਸੋਡੇ (soft drinks), ਜੂਸ, ਐਨਰਜੀ ਡਰਿੰਕਸ (ਬਹੁਤ ਜ਼ਿਆਦਾ ਸ਼ੂਗਰ ਹੋਣ ਕਾਰਨ)

ਇਹ ਚੀਜ਼ਾਂ ਆਪਣੇ ਗਟ ਬਾਇਓਮ (gut microbiome) ਨੂੰ ਮਾਰਦੇ ਨੇ ਅਤੇ ਆਪਣੀ ਸੁਰੱਖਿਆ ਪ੍ਰਣਾਲੀ ਨੂੰ ਕਮਜ਼ੋਰ ਕਰਦੇ ਨੇ। ਸਰੀਰ ਵਿੱਚ ਇਨਫਲੇਮੇਸ਼ਨ ਵੀ ਕਰਦੇ ਨੇ ਅਤੇ ਕੈਂਸਰ ਦਾ ਖਤਰਾ ਵਧਾਉਂਦੇ ਨੇ।

ਇਹ ਸਾਰੇ ਫੈਕਟਰਜ਼ ਕੰਮ ਕਰਦੇ ਨੇ ਆਪਣੀ ਸੁਰੱਖਿਆ ਪ੍ਰਣਾਲੀ ਨੂੰ ਕਮਜ਼ੋਰ ਕਰਕੇ, ਹੌਲੀ ਹੌਲੀ ਵਕਤ ਨਾਲ (overtime)। ਕਿਸੇ ਦਾ ਕੈਂਸਰ ਹੋਣ ਦਾ ਖਤਰਾ ਨਿਰਭਰ ਹੈ, ਇਨ੍ਹਾਂ ਵਿੱਚੋਂ ਕਿੰਨੇ ਕੁ ਕਾਰਨ (contributing factors) ਕਿੰਨੀ ਦੇਰ ਤੋਂ ਤੁਹਾਡੀ ਜ਼ਿੰਦਗੀ ਵਿੱਚ ਲਾਗੂ ਨੇ। ਤੁਹਾਡੀ ਸੁਰੱਖਿਆ ਪ੍ਰਣਾਲੀ ਕਿੰਨੀ ਕੁ ਤੰਦਰੁਸਤ ਹੈ, ਤੁਹਾਡੀ ਬਾਕੀ ਦੀ ਸਿਹਤ (ਕੋਈ ਲੰਮੇ ਅਰਸੇ ਵਾਲੀ ਬਿਮਾਰੀ ਤੋਂ ਰਹਿਤ ਹੈ ਜਾਂ ਨਹੀਂ) ਅਤੇ ਤੁਹਾਡੀ ਜੈਨੇਟਿਕ ਬਣਤਰ ਵਗੈਰਾ। ਵਧਦੀ ਉਮਰ ਨਾਲ ਕੈਂਸਰ ਦਾ ਖਤਰਾ ਵਧੀ ਜਾਂਦੈ। ਕਹਿੰਦੇ ਨੇ ਡੁੱਲ੍ਹੇ ਬੇਰਾਂ ਦਾ ਅਜੇ ਵੀ ਕੁਝ ਨਹੀਂ ਵਿਗੜਿਆ, ਦੇਰੀ ਨਹੀਂ ਹੋਈ (never too late); ਹੁਣੇ ਤੋਂ ਹੀ ਤਬਦੀਲੀਆਂ ਲਿਆਉਣ ਨਾਲ ਬਹੁਤ ਫਾਇਦਾ ਹੋ ਸਕਦੈ।"

"ਦੀਦੀ, ਇਹ ਵਧਦੇ ਖਤਰੇ ਲਈ ਕੀ ਕਰ ਸਕਦੇ ਆਂ?"

"ਪ੍ਰੀਤ, ਬਹੁਤ ਜ਼ਰੂਰੀ ਗੱਲ ਹੈ ਕਿ ਕੋਸ਼ਿਸ਼ ਕਰੋ ਕੈਂਸਰ ਨਾ ਹੋਵੇ (ਇਸ ਬਾਰੇ ਆਪਾਂ ਕੈਂਸਰ ਬਾਰੇ ਅਖੀਰਲੀ ਮੁਲਾਕਾਤ ਵਿੱਚ ਗੱਲਾਂ ਕਰਾਂਗੇ), ਪਰ ਜੇ ਕੈਂਸਰ ਹੋ ਗਿਐ ਤਾਂ ਜਲਦੀ ਤੋਂ ਜਲਦੀ ਪਤਾ ਲੱਗ ਜਾਵੇ (early diagnosis) ਸ਼ੁਰੂਆਤ ਵਾਲੇ ਕੈਂਸਰ ਦਾ ਪੱਕਾ (cure) ਇਲਾਜ ਹੋਣ ਦਾ ਚਾਨਸ ਬਹੁਤ ਅੱਛਾ ਹੈ।

10 ਸਾਲ survival ਪਹਿਲੀ ਸਟੇਜ ਕੈਂਸਰ ਦਾ ਹੈ 90%

10 ਸਾਲ survival ਚੌਥੀ ਸਟੇਜ ਕੈਂਸਰ ਦਾ ਹੈ 5%

ਲੋਕਾਂ ਨੂੰ ਕੈਂਸਰ ਬਾਰੇ ਜਾਣਕਾਰੀ ਦੀ ਬਹੁਤ ਹੀ ਜ਼ਰੂਰਤ ਹੈ ਤਾਂ ਕਿ ਜੇ ਕੋਈ ਨਿਸ਼ਾਨੀਆਂ ਹੋਣ ਤਾਂ ਉਹ ਆਪਣੇ ਡਾਕਟਰ ਨੂੰ ਉਨ੍ਹਾਂ ਬਾਰੇ ਜਾਣੂੰ ਕਰਵਾ ਕੇ ਸ਼ੁਰੂਆਤ ਹੋਣ ਵੇਲੇ ਹੀ ਕੈਂਸਰ ਨੂੰ diagnose ਕਰਨ ਵਿੱਚ ਮਦਦਗਾਰ ਹੋ ਸਕਣ। ਆਪਣੇ ਸਰੀਰ ਵਿੱਚ 40 ਟ੍ਰਿਲੀਅਨ ਸੈੱਲ ਹਨ, ਤਕਰੀਬਨ 300 ਬਿਲੀਅਨ ਹਰ ਰੋਜ਼ ਨਵੇਂ ਬਣਦੇ ਨੇ ਅਤੇ ਦਸ ਹਜ਼ਾਰ ਗਲਤੀਆਂ (ਸੈੱਲ ਬਣਨ ਵੇਲੇ ਜਿਹੜੀਆਂ ਹੁੰਦੀਆਂ ਹਨ) ਆਪਣਾ ਸਰੀਰ ਰੋਜ਼ ਫਿਕਸ ਕਰਦੈ। ਇੱਕ ਅੱਧਾ ਸੈੱਲ ਛੁਪ ਕੇ ਜੇ ਨਿਕਲ ਜਾਵੇ ਤਾਂ ਉਹ ਕੈਂਸਰ ਦੀ ਸ਼ੁਰੂਆਤ ਕਰ ਸਕਦੈ। ਕਈ ਸਾਇੰਸਦਾਨਾਂ ਦਾ ਕਹਿਣੈ ਕਿ ਆਪਾਂ ਸਾਰਿਆਂ ਵਿੱਚ ਕੈਂਸਰ ਹੈ ਅਤੇ ਇਹ ਬਾਲ ਪੁਆਇੰਟ ਪੈਨ ਦੇ ਟਿਪ ਜਿੰਨਾ (ਬਿਨਾ ਖੂਨ ਦੀਆਂ ਨਾੜੀਆਂ) ਪਿਆ ਰਹਿੰਦੈ ਅਤੇ ਆਪਣੀ ਸੁਰੱਖਿਆ ਪ੍ਰਣਾਲੀ ਦੇ ਨੈਚਰਲ ਕਿੱਲਰ ਸੈੱਲ ਇਨ੍ਹਾਂ ਨੂੰ ਹੜੱਪ ਲੈਂਦੇ ਨੇ ਅਤੇ destroy ਕਰ ਦਿੰਦੇ ਹਨ, ਪਰ ਹਾਰਵਰਡ ਪ੍ਰੋਫੈਸਰ ਜੁਡਾਹ ਫੋਲਕਮੈਨ (ਐਮ.ਡੀ.) ਦੀ ਖੋਜ ਦੇ ਹਿਸਾਬ ਨਾਲ ਜੇ ਇਸ ਸਪੌਟ ਨੂੰ ਖੂਨ ਦੀ ਸਪਲਾਈ ਮਿਲ ਜਾਵੇ ਤਾਂ ਇਹ ਦੋ ਹਫਤੇ ਦੇ ਅੰਦਰ ਹੀ 16000 ਟਾਈਮ ਵਧ ਜਾਂਦੈ।"

"ਵਾਓ ਦੀਦੀ, ਹੁਣ ਸਮਝ ਆਈ ਕਿੰਨੀ ਤੇਜ਼ੀ ਨਾਲ ਇਹ ਕੈਂਸਰ ਵਧ ਜਾਂਦੈ ਅਤੇ ਕਿਉਂ ਇਹਦਾ diagnosis ਸ਼ੁਰੂਆਤ ਵਿੱਚ ਹੋਣਾ ਜ਼ਰੂਰੀ ਏ।"

"ਹਰ ਇੱਕ ਨੂੰ ਆਪਣੀ ਸਿਹਤ ਦੀ ਜ਼ਿੰਮੇਵਾਰੀ ਆਪ ਲੈਣੀ ਚਾਹੀਦੀ ਹੈ (become CEO of your own health), ਇਨ੍ਹਾਂ ਗੱਲਾਂ ਵੱਲ ਤਵੱਜੋ ਦੇਵੋ:

1. ਐਨੂਅਲ ਫਿਜ਼ੀਕਲ (annual physical checkup) ਲਈ ਜਾਣਾ ਚਾਹੀਦੈ

2. ਜੇ ਕੋਈ ਤਕਲੀਫ ਹੋਵੇ, ਕੋਈ ਨਵੀਂ ਤਬਦੀਲੀ ਹੋਵੇ ਆਪਣੇ ਡਾਕਟਰ ਨਾਲ ਮਸ਼ਵਰਾ ਕਰਨਾ ਚਾਹੀਦੈ, ਇਹ ਨਾ ਸੋਚੀ ਜਾਵੋ ਕਿ ਆਪੇ ਠੀਕ ਹੋ ਜਾਵੇਗਾ।

3. ਜੇ ਥਕਾਵਟ ਮਹਿਸੂਸ ਹੋਣੀ ਸ਼ੁਰੂ ਹੋ ਜਾਵੇ

4. ਵਜ਼ਨ ਘਟਣਾ ਸ਼ੁਰੂ ਹੋ ਜਾਵੇ, ਬਿਨਾ ਕਿਸੇ ਕਾਰਨ

5. ਭੁੱਖ ਦਾ ਘੱਟ ਹੋ ਜਾਣਾ

6. ਬੁਖਾਰ ਕਿਸੇ ਕਾਰਨ ਤੋਂ ਬਿਨਾ

7. ਨਾਈਟ ਸਵੈਟਜ਼ (night sweats)

8. ਗੰਢ ਨਵੀਂ ਜਾਂ ਵਧਦੀ ਹੋਵੇ, 1-2 ਹਫਤੇ ਵਿੱਚ ਨਾ ਜਾਵੇ

9. ਕਿਸੇ ਹਿੱਸੇ ਵਿੱਚ ਦਰਦ ਦੀ ਸ਼ੁਰੂਆਤ।"

"ਦੀਦੀ, ਤੁਸੀਂ ਕਹਿੰਦੇ ਸੀ ਕੁਝ ਕੈਂਸਰ ਜ਼ਿਆਦਾ ਹੁੰਦੇ ਨੇ, ਉਹ ਕਿਹੜੇ ਨੇ?"

"ਚਮੜੀ ਦਾ ਕੈਂਸਰ ਦੋਹਾਂ- ਆਦਮੀਆਂ ਅਤੇ ਜਨਾਨੀਆਂ ਵਿੱਚ ਸਭ ਤੋਂ ਜ਼ਿਆਦਾ ਹੁੰਦੈ, ਜੋ ਕਿ ਪਹਿਲੇ ਨੰਬਰ 'ਤੇ ਹੈ।

-ਆਦਮੀਆਂ ਵਿੱਚ ਦੂਜੇ ਨੰਬਰ 'ਤੇ ਹੈ ਪ੍ਰੋਸਟੇਟ (prostate) ਦਾ ਕੈਂਸਰ

-ਤੀਜਾ ਹੈ ਫੇਫੜਿਆਂ ਦਾ (lungs) ਕੈਂਸਰ

-ਚੌਥੇ ਨੰਬਰ 'ਤੇ ਕੋਲੋਰੈਕਟਲ (colorectal) ਆਪਣੀ ਖੁਰਾਕ ਪ੍ਰਣਾਲੀ ਦਾ ਅਖੀਰਲਾ ਹਿੱਸਾ।

-ਜਨਾਨੀਆਂ ਦੇ ਵਿੱਚ ਚਮੜੀ ਦੇ ਕੈਂਸਰ ਤੋਂ ਬਾਅਦ ਦੂਜੇ ਨੰਬਰ 'ਤੇ ਛਾਤੀ (breast) ਦਾ ਕੈਂਸਰ, ਤੀਜੇ ਨੰਬਰ 'ਤੇ ਫੇਫੜਿਆਂ ਦਾ ਕੈਂਸਰ ਅਤੇ ਚੌਥੇ ਨੰਬਰ 'ਤੇ ਕੋਲੋਰੈਕਟਲ (ਆਪਣੀ ਖੁਰਾਕ ਪ੍ਰਣਾਲੀ ਦਾ ਅਖੀਰਲਾ ਹਿੱਸਾ) ਕੈਂਸਰ ਹੁੰਦਾ ਹੈ

ਇਨ੍ਹਾਂ ਨੂੰ ਸ਼ੁਰੂਆਤ ਵਿੱਚ ਲੱਭਣ (diagnose ਕਰਨ) ਲਈ ਸਾਨੂੰ ਕੁਝ ਗੱਲਾਂ ਵੱਲ ਧਿਆਨ ਦੇਣ ਦੀ ਜ਼ਰੂਰਤ ਹੈ। ਇਹ ਨਿਸ਼ਾਨ ਵੱਖਰੇ ਕੈਂਸਰ ਦੇ ਵੱਖਰੇ ਵੱਖਰੇ ਹੁੰਦੇ ਨੇ। ਇਸ ਲਈ ਆਪਾਂ ਇੱਕ ਇੱਕ ਕਰ ਕੇ ਇਨ੍ਹਾਂ ਬਾਰੇ ਗੱਲ ਕਰਦੇ ਆਂ:

**1. ਚਮੜੀ ਦਾ ਕੈਂਸਰ:** ਕੁਝ ਲੋਕਾਂ ਵਿੱਚ ਚਮੜੀ ਦਾ ਕੈਂਸਰ ਹੋਣ ਦਾ ਜ਼ਿਆਦਾ ਖਤਰਾ ਹੈ, ਜਿਵੇਂ-

-ਬਹੁਤ ਚਿੱਟੀ ਚਮੜੀ, ਬਲੌਂਡ, ਨੀਲੀਆਂ ਅਤੇ ਹਰੀਆਂ ਅੱਖਾਂ ਵਾਲੇ

-ਜੇ ਹਿਸਟਰੀ ਹੋਵੇ ਸਨਬਰਨ, ਟੈਨਿੰਗ ਦੀ ਜਾਂ ਧੁੱਪ ਵਿੱਚ ਕੰਮ ਕਰਨ ਵਾਲੇ ਬੰਦੇ



-ਟੱਬਰ ਵਿੱਚ ਕਿਸੇ ਨੂੰ ਚਮੜੀ ਦੇ ਕੈਂਸਰ ਜਾਂ melanoma ਦੀ ਸ਼ਿਕਾਇਤ ਹੋਵੇ

-ਕਿਸੇ ਨੂੰ ਪਹਿਲਾਂ ਚਮੜੀ ਦਾ ਕੈਂਸਰ ਹੋਇਆ ਹੋਵੇ

-ਵੱਡਾ ਸਾਰਾ ਤਿਲ, ਖਾਸ ਕਰਕੇ ਜੇ ਇਸ ਦੀ ਅਨਿਯਮਤ ਸਤਹ (irregular surface) ਅਨਿਯਮਿਤ ਹਾਸ਼ੀਏ ਹੋਣ, ਕਈ ਹੋਰ ਚਮੜੀ ਦੀਆਂ ਤਬਦੀਲੀਆਂ ਹਨ, ਉਨ੍ਹਾਂ ਵੱਲ ਵੀ ਧਿਆਨ ਦੇਣ ਦੀ ਜ਼ਰੂਰਤ ਹੈ (ਕੈਂਸਰ ਤੋਂ ਬਿਨਾ ਹੋਰ ਕਾਰਨ ਵੀ ਹੋ ਸਕਦੇ ਨੇ ਤਬਦੀਲੀਆਂ ਦੇ)। ਮੋਹਕੇ ਜਿਨ੍ਹਾਂ ਦੀ ਮੋਟੀ ਅਤੇ ਨਾਮੁਲਾਇਮ ਸਤਹ ਹੋਵੇ (rough leathery surface)

*ਚਮੜੀ ਦਾ ਰੰਗ ਬਦਲਣਾ

*ਤਿਲ ਵਧਦਾ, ਰੰਗ ਬਦਲ ਰਿਹਾ ਹੋਵੇ, ਇਸ ਵਿੱਚ ਖਾਰਸ਼ ਜਾਂ ਦਰਦ ਹੋਣਾ ਸ਼ੁਰੂ ਹੋ ਜਾਵੇ ਜਾਂ ਖੂਨ ਆਉਣਾ ਸ਼ੁਰੂ ਹੋ ਜਾਵੇ

*ਜ਼ਖਮ 'ਤੇ ਖਰੀਂਡ (scab) ਆਉਣ ਤੋਂ ਬਾਅਦ ਫਿਰ ਤਾਜ਼ਾ ਹੋ ਜਾਵੇ (non healing ulcer)

*ਗੰਢ (lump) ਨਵਾਂ

*ਨਹੁੰ (nails) ਦੇ ਥੱਲੇ ਕਾਲੀਆਂ ਲਕੀਰਾਂ (black streaks)

ਜੇ ਇਸ ਤਰ੍ਹਾਂ ਦੀਆਂ ਤਬਦੀਲੀਆਂ ਹੋਣ ਤਾਂ ਆਪਣੇ ਡਾਕਟਰ ਜਾਂ ਚਮੜੀ ਦੇ ਸਪੈਸ਼ਲਿਸਟ (dermatologist) ਤੋਂ ਜਾਂਚ ਕਰਵਾ ਲੈਣੀ ਚਾਹੀਦੀ ਹੈ।

**2. ਪ੍ਰੋਸਟੇਟ (Prostate):** ਆਦਮੀਆਂ ਵਿੱਚ ਚਮੜੀ ਤੋਂ ਬਾਅਦ ਅਗਲੇ ਨੰਬਰ 'ਤੇ ਪ੍ਰੋਸਟੇਟ ਕੈਂਸਰ ਆਉਂਦੈ। ਇਸ ਦੀ ਜੇ ਤਕਲੀਫ ਹੋਵੇ ਤਾਂ ਕੁਝ ਨਿਸ਼ਾਨੀਆਂ ਹਨ, ਪਰ ਯਾਦ ਰੱਖਣਾ ਚਾਹੀਦੈ ਕਿ ਉਹ ਕੈਂਸਰ ਤੋਂ ਬਿਨਾ ਹੋਰ ਕਾਰਨਾਂ ਕਰਕੇ ਜਿਵੇਂ- BPH ਜਿਸ ਵਿੱਚ prostate ਦਾ ਸਾਈਜ਼ ਵੱਡਾ ਹੋ ਜਾਂਦੈ, ਪਰ ਕੈਂਸਰ ਨਹੀਂ ਹੁੰਦਾ ਜਾਂ ਇਨਫਲੇਮੇਸ਼ਨ ਵਗੈਰਾ ਕਰਕੇ ਵੀ ਹੋ ਸਕਦੇ ਨੇ।

-ਮੁੜ ਮੁੜ ਕੇ ਪਿਸ਼ਾਬ ਕਰਨ ਜਾਣ ਦੀ ਜ਼ਰੂਰਤ

-ਸ਼ੁਰੂ ਤੇ ਅਖੀਰ 'ਤੇ urine ਕਰਨ ਵੇਲੇ ਤਕਲੀਫ

-ਪਿਸ਼ਾਬ ਕਰਨ ਵੇਲੇ ਦਰਦ

-ਪਿਸ਼ਾਬ ਜਾਂ ਸੀਮਨ (semen) ਵਿੱਚ ਖੂਨ ਹੋਵੇ

-ਨਿੱਜੀ ਸਮੱਸਿਆਵਾਂ (personal problems)

-ਵਜ਼ਨ ਘਟਦਾ ਹੋਵੇ

ਇਨ੍ਹਾਂ ਵਿੱਚੋਂ ਕੋਈ ਵੀ ਤਕਲੀਫ ਹੋਵੇ ਤਾਂ ਆਪਣੇ ਡਾਕਟਰ ਨਾਲ ਸੰਪਰਕ ਕਰੋ।

ਪ੍ਰੋਸਟੇਟ ਦੇ ਕੈਂਸਰ ਸਕਰੀਨਿੰਗ ਲਈ ਹਰ ਸਾਲ ਚੈੱਕਅਪ ਵੇਲੇ ਖੂਨ ਦਾ ਟੈਸਟ ਕਰਵਾਉਣਾ ਚਾਹੀਦੈ, ਜਿਸ ਨੂੰ PSA ਕਹਿੰਦੇ ਨੇ ਅਤੇ 50 ਸਾਲ ਦੀ ਉਮਰ ਤੋਂ ਕਰਨਾ ਸ਼ੁਰੂ ਕਰਦੇ ਨੇ, ਉਸ ਵਕਤ ਪ੍ਰੋਸਟੇਟ ਨੂੰ ਚੈੱਕ ਕਰਨ ਲਈ rectal exam ਵੀ ਕਰਵਾਉਣਾ ਚਾਹੀਦੈ- ਜੇ ਤੁਹਾਡਾ ਰਿਸਕ ਆਮ ਨਾਲੋਂ ਜ਼ਿਆਦਾ ਹੈ, ਤੁਹਾਡੀ ਹਿਸਟਰੀ ਮੁਤਾਬਿਕ, ਤਾਂ 50 ਸਾਲ ਦੀ ਉਮਰ ਤੋਂ ਪਹਿਲਾਂ ਹੀ ਕਰਵਾਉਣਾ ਪਵੇਗਾ। ਆਪਣੇ ਡਾਕਟਰ ਨੂੰ ਦੱਸਣਾ ਜ਼ਰੂਰੀ ਹੈ, ਜੇ ਤੁਹਾਡੇ ਟੱਬਰ ਵਿੱਚ ਕਿਸੇ ਨੂੰ ਕੈਂਸਰ ਦੀ ਤਕਲੀਫ ਹੋਈ ਹੋਵੇ।

PSA (prostate specific antigen) screening test ਹੈ, ਜੇ ਇਸ ਦੀ ਮਾਤਰਾ ਜ਼ਿਆਦਾ ਹੋਵੇ ਜਾਂ ਵਧ ਰਿਹਾ ਹੋਵੇ ਤਾਂ ਅੱਗੇ ਹੋਰ ਟੈਸਟ ਕਰਨੇ ਪੈਣਗੇ, ਇਹ ਦੇਖਣ ਲਈ ਕਿ ਕੈਂਸਰ ਹੈ ਜਾਂ ਨਹੀਂ।

**3. ਛਾਤੀ (breast) ਦਾ ਕੈਂਸਰ:** ਚਮੜੀ ਦੇ ਕੈਂਸਰ ਤੋਂ ਅਗਲੇ ਨੰਬਰ 'ਤੇ ਹੈ, ਜਨਾਨੀਆਂ ਲਈ ਛਾਤੀ ਦਾ ਕੈਂਸਰ। ਇਸ ਦੀਆਂ ਕੁਝ ਚੇਤਾਵਨੀ ਨਿਸ਼ਾਨੀਆਂ (warning signs) ਹਨ-

*ਕੋਈ ਗੰਢ (lump) ਛਾਤੀ ਵਿੱਚ, ਕੱਛ (armpit) ਵਿੱਚ ਜਾਂ ਕਾਲਰ ਹੱਡੀ ਦੇ ਕੋਲ- ਸਖਤ (hard) ਜਾਂ ਨਰਮ (soft), ਕਿਸੇ ਤਰ੍ਹਾਂ ਦੀ ਹੋਵੇ; ਇਹ ਗੰਢ ਭਾਵੇਂ ਕਿਸੇ ਉਮਰ ਵਿੱਚ ਵੀ ਹੋਵੇ, ਡਾਕਟਰ ਨੂੰ ਜ਼ਰੂਰ ਦਿਖਾਣਾ ਚਾਹੀਦੈ।"

"ਦੀਦੀ, ਤੁਸੀਂ ਇੱਕ ਵਾਰੀ ਦੱਸਿਆ ਸੀ, ਕਿਸੇ ਨੂੰ ਗਰਭ ਅਵਸਥਾ ਵਿੱਚ ਵੀ ਛਾਤੀ ਦਾ ਕੈਂਸਰ ਹੋ ਗਿਆ ਸੀ।"

"ਹਾਂ ਪ੍ਰੀਤ, ਕੋਈ ਵੀ ਉਮਰ ਇਸ ਤੋਂ ਬਚੀ ਨਹੀਂ। ਮੈਨੂੰ ਯਾਦ ਹੈ, ਘੱਟੋ ਘੱਟ ਮੈਂ ਚਾਰ ਮਰੀਜ਼ ਦੇਖੇ ਨੇ, ਜਿਨ੍ਹਾਂ ਨੂੰ ਇਹ ਵੀਹ ਕੁ ਸਾਲ ਦੀ ਉਮਰ ਵਿੱਚ ਹੋਇਐ। ਹੋਰ ਦਰਦਨਾਕ ਗੱਲ ਹੈ ਕਿ ਜੇ ਇਹ ਛੋਟੀ ਉਮਰ ਵਿੱਚ ਹੋਵੇ, ਇਹ ਜ਼ਿਆਦਾ ਖਤਰਨਾਕ (aggressive) ਹੁੰਦੈ।

**ਛਾਤੀ ਦੇ ਕੈਂਸਰ ਦੀਆਂ ਕੁਝ ਹੋਰ ਚੇਤਾਵਨੀ ਵੀ ਹਨ,**

*ਜੇ ਚਮੜੀ thick ਹੋ ਗਈ ਹੋਵੇ

*ਡੂੰਘੀ ਜਾਂ ਅੰਦਰ ਵੱਲ ਨੂੰ ਚਲੀ ਜਾਵੇ (dimpling, puckering)

*ਲਾਲੀ ਜਾਂ rash ਹੋਵੇ, ਜਿਹੜਾ ਜਾ ਨਹੀਂ ਰਿਹਾ 3-4 ਦਿਨਾਂ ਵਿੱਚ

*ਛਾਤੀ (breast) ਦਾ ਸਰੂਪ (shape) ਜਾਂ ਸਾਈਜ਼ ਵਿੱਚ ਤਬਦੀਲੀ

*ਕੋਈ ਥਾਂ 'ਤੇ ਚਮੜੀ ਅੰਦਰ ਨੂੰ ਖਿੱਚੀ ਗਈ ਹੋਵੇ

*ਕਿਸੇ ਤਰ੍ਹਾਂ ਦਾ ਡਿਸਚਾਰਜ- ਪਾਣੀ ਵਗੈਰਾ ਜਾਂ ਖੂਨ ਵਾਲਾ ਆਉਂਦਾ ਹੋਵੇ

*ਛਾਤੀ ਜਾਂ ਕੱਛਾਂ ਵਿੱਚ ਦਰਦ

*ਰਾਤ ਨੂੰ ਤੌਣੀਆਂ (night sweats)

*ਛਾਤੀ ਦਾ ਕੈਂਸਰ ਬੰਦਿਆਂ ਵਿੱਚ ਵੀ ਹੁੰਦੈ, ਜੇ ਪਹਿਲਾਂ ਦੱਸੀਆਂ ਕਿਸੇ ਤਰ੍ਹਾਂ ਦੀਆਂ ਤਬਦੀਲੀਆਂ ਹੋਣ, ਆਪਣੇ ਡਾਕਟਰ ਨਾਲ ਮਸ਼ਵਰਾ ਕਰੋ।"

"ਦੀਦੀ, ਇਸ ਤਰ੍ਹਾਂ ਦੇ ਕੈਂਸਰ ਲਈ ਸਕਰੀਨਿੰਗ ਬਾਰੇ ਦੱਸੋ।"

"USPSTF (us preventive service task force) ਦੇ ਹਿਸਾਬ mammogram 40 ਸਾਲ ਦੀ ਉਮਰ ਤੋਂ 74 ਸਾਲ ਦੀ ਉਮਰ ਤੱਕ ਹਰ ਦੋ ਸਾਲ ਬਾਅਦ ਕਰਵਾਉਣਾ ਚਾਹੀਦੈ, ਪਰ ACS (American cancer society) ਦੀ recommendation ਵਿੱਚ ਫਰਕ ਹੈ, ਉਹ ਰਕਮੈਂਡ ਕਰਦੇ ਹਨ ਕਿ ਹਰ ਸਾਲ ਮੈਮੋਗਰਾਮ 45-54 ਸਾਲ ਦੀ ਉਮਰ ਤੱਕ ਅਤੇ 55 ਦੀ ਉਮਰ ਤੋਂ ਬਾਅਦ ਹਰ ਦੂਜੇ ਸਾਲ। ਜੇ ਕਿਸੇ ਦਾ ਖਤਰਾ ਜ਼ਿਆਦਾ ਹੈ (genetic mutation BRCA, ਅਤੇ $BRCA_2$ ਕਰਕੇ, ਨੇੜੇ ਦੇ (1st degree) ਰਿਸ਼ਤੇਦਾਰ ਵਿੱਚ mutation ਜਾਂ ਕੈਂਸਰ ਕਰਕੇ, ਜਾਂ ਪਾਸਟ ਵਿੱਚ chest radiation ਹੋਈ ਸੀ ਜਾਂ ਘਣਾ ਟਿਸ਼ੂ (sense tissue) ਕਰਕੇ ਤਾਂ ਉਨ੍ਹਾਂ ਨੂੰ ਮੈਮੋਗਰਾਮ ਨਾਲ MRI ਅਤੇ ultrasound (ਅਲਟਰਾ ਸਾਊਂਡ) ਕਰਵਾਣ ਲਈ ਵੀ ਰਕਮੈਂਡ ਕਰਦੇ ਨੇ।

*ਇਸ ਤੋਂ ਬਿਨਾ ਆਪ ਵੀ ਧਿਆਨ ਰੱਖਿਆ ਜਾਵੇ ਕਿ ਕੋਈ ਤਬਦੀਲੀ ਤਾਂ ਨਹੀਂ ਹੋ ਰਹੀ

*ਆਪਣੇ ਡਾਕਟਰ ਕੋਲ ਹਰ ਸਾਲ ਫਿਜ਼ੀਕਲ ਲਈ ਜਾਣਾ ਚਾਹੀਦੈ

ਲੱਗਦੀ ਗੱਲ, ਤੁਸੀਂ ਆਪਣੀ ਸਿਹਤ ਲਈ ਜ਼ਿੰਮੇਵਾਰੀ ਆਪਣੇ ਹੱਥ ਲਵੋ ਅਤੇ ਕਿਰਿਆਸ਼ੀਲ (proactive) ਹੋਵੋ, ਬਹੁਤ ਬਿਪਤਾ ਤੋਂ ਬਚਾਓ ਹੋਵੇਗਾ। (Save you from lot of misery)

ਬਾਕੀ ਅਗਲੀਆਂ ਮੁਲਾਕਾਤਾਂ ਵਿੱਚ।

ਸਿਹਤਮੰਦ ਅਤੇ ਖੁਸ਼ਹਾਲ ਰਹੋ!

# ਅਮਰਜੀਤ ਕਸਕ ਦੀ ਪੇਸ਼ੀਨਗੋਈ: 'ਇੰਜ ਮਿਲਿਆ ਰੱਬ ਮੈਨੂੰ'

**ਪੜਚੋਲ**

ਪਰਮਜੀਤ ਸਿੰਘ ਸੋਹਲ



ਅਮਰਜੀਤ ਕਸਕ ਇੱਕ ਅਜਿਹਾ ਸ਼ਬਦ ਸਾਧਕ ਹੈ, ਜੋ ਤਾਂਤਰਿਕ ਗਿਆਨ ਧਾਰਾ ਦੇ ਦੈਹਿਕ ਅਸਤਿਤਵੀ ਸੱਚ ਨੂੰ ਜਾਣਨ ਤੇ ਬਿਆਨਣ ਪ੍ਰਤੀ ਤਖ਼ਲੀਕੀ ਅਮਲ 'ਚੋਂ ਗੁਜ਼ਰਦਾ ਹੈ। ਉਸਦੀ ਮਸਰੂਫ਼ੀਅਤ 'ਜੀਵਨ ਨੂੰ ਸਮੁੱਚ ਵਿੱਚ ਜਾਣਨ ਦੇ ਆਹਰ ਵਜੋਂ ਝਲਕਦੀ ਹੈ। ਉਹ ਜਾਣਦਾ ਹੈ ਕਿ ਮਨੁੱਖ ਦਾ ਜਾਣਿਆ ਕੋਈ ਵੀ ਸੱਚ ਅੰਤਿਮ ਸੱਚ ਨਹੀਂ ਹੁੰਦਾ। ਉਹ ਸਵੈ ਦੇ ਆਰ-ਪਾਰ ਜਾ ਕੇ ਨਿੱਜ ਕੇਂਦਰਿਤ ਦਰਸ਼ਨ ਦੀ ਪਰਿਭਾਸ਼ਾ ਘੜਦਾ ਹੈ। ਰਚਨਾ ਦੀ ਹੋਂਦਵਾਦੀ ਧਾਰਨਾ ਪ੍ਰਤੀ ਸੁਚੇਤ ਹੋ ਕੇ ਕਾਵਿ-ਕਰਮ ਕਮਾਉਂਦਾ ਹੈ। ਦੇਹੀ ਦੇ ਸਵੈ ਗਿਰਦ ਵਾਪਰਦੇ ਸੂਖਮ ਵਰਤਾਰਿਆਂ ਬਾਰੇ ਸਵਾਲ ਖੜ੍ਹੇ ਕਰਦਾ ਉਹ 'ਆਪਣੀ ਆਪਣੀ ਲੋਅ' (2000), 'ਗਹਿਰ' (2006), 'ਸਾਣ 'ਤੇ ਲੱਗਿਆ ਸਵੈ' (2017) ਉਪਰੰਤ 'ਇੰਜ ਮਿਲਿਆ ਰੱਬ ਮੈਨੂੰ' (2024) ਕਾਵਿ-ਸੰਗ੍ਰਹਿ ਲੈ ਕੇ ਹਾਜ਼ਰ ਹੈ। ਅਸਤਿਤਵ ਦੇ ਪੱਖ ਤੋਂ ਉਹ ਦੇਹ ਦੇ ਸੰਦਰਭ ਨੂੰ ਮਹੱਤਵ ਪ੍ਰਦਾਨ ਕਰਦਾ ਹੈ। ਦੇਹੀ 'ਚ ਹੁੰਦਿਆਂ, ਦੇਹਾਂ ਦੇ ਰਸ, ਕਸ ਭੋਗਦਿਆਂ ਦੇਹਾਂ ਤੋਂ ਪਾਰ ਜਾਣਾ ਲੋਚਦਾ ਹੈ। ਉਹ ਕਿਤਾਬ ਦੀ ਪਹਿਲੀ ਕਵਿਤਾ ਵਿੱਚ ਹੀ 'ਦੇਹੀ ਦੇ ਇਸੇ ਘਾਟ 'ਚੋਂ ਪਾਣੀ ਪੀਣ ਦੀ ਤੇਹ' ਬਿਆਨ ਕਰਦਾ ਹੈ। ਇੱਥੋਂ ਹੀ ਉਸਦੀ ਅਸਲ ਤਲਾਸ਼ ਦਾ ਪੈਂਡਾ ਸ਼ੁਰੂ ਹੋ ਜਾਂਦਾ ਹੈ। ਕਾਵਿਕਾਰੀ 'ਚ ਉਹ ਸੇਜ ਸਿਰਹਾਣੇ ਅਗਰਬੱਤੀ ਬਾਲ ਨੂਰੀ ਆਪੇ ਨੂੰ ਅਰਘਣ ਲਈ ਉਸ ਪਲ ਦੇ ਅਸਤਿਤਵ ਦੀ ਗੱਲ ਕਰਦਾ ਹੈ, ਜਿਸ ਪਲ ਆਕਾਰ ਨਿਰਾਕਾਰ ਹੁੰਦਾ ਹੈ। ਖ਼ੁਦੀ ਨੂੰ ਇਸ ਤਰ੍ਹਾਂ ਬੁਲੰਦ ਕਰਨ ਦੀ ਭਾਵਨਾ ਤਹਿਤ ਉਹ ਕਹਿੰਦਾ ਹੈ:


ਕਿ ਮੈਂ
ਮੇਰੇ ਕੋਲ ਆ ਸਕਾਂ
ਤੂੰ ਤੇਰੇ ਕੋਲ਼,
ਇੰਜ ਲੰਘੀਏ
ਦੇਹਾਂ ਦੇ ਦਰਵਾਜ਼ੇ 'ਚੋਂ
ਕਿ ਰੱਬ ਵੀ
ਜੀ ਆਇਆਂ ਨੂੰ ਕਹੇ!

ਅਧਿਆਤਮ ਦੇ ਜਗਿਆਸੂ ਵਾਂਗ ਇਸੇ ਬੋਧ ਅਧੀਨ ਉਹ ਮਹਾਂ ਧਮਾਕੇ ਤੋਂ ਪਹਿਲਾਂ ਰੱਬੀ ਸੁੰਨ ਦੀ ਲਰਜ਼ਣ ਨੂੰ ਦੇਹੀ ਦਾ ਅਨੁਭਵ ਬਣਾਉਂਦਾ ਹੈ:

ਮਹਾਂ ਧਮਾਕੇ ਤੋਂ ਪਹਿਲਾਂ
ਇੰਜ ਹੀ
ਕੰਬਿਆ ਹੋਣਾ ਸੁੰਨ ਰੱਬ ਦਾ

ਕਿਸੇ ਤਾਂਤਰਿਕ ਯੋਗੀ ਵਾਂਗ ਉਹ ਅੰਤਰ ਦੀ ਕਾਮ-ਨਦੀ 'ਚੋਂ ਪਾਣੀ ਭਰਨ ਦਾ ਗੀਤ ਛੋਹਦਾ ਹੈ ਤੇ ਸਦਾ ਸ਼ਿਵ ਦੇ ਲੰਗ-ਯੋਨੀ ਰੂਪ ਵਿਚਲੀ ਸਿਰਜਣਸ਼ੀਲਤਾ ਦਾ ਦੈਹਿਕ ਕਰਮ ਨੂੰ ਗਾਉਂਦਾ ਹੈ। ਅਜਿਹੇ ਤਾਂਤਰਿਕ ਅਨੁਭਵ 'ਚੋਂ ਹੀ ਉਸਨੂੰ ਦੁਨੀਆ ਦਾ ਪਹੀਆ ਗਿੜਦਾ ਮਹਿਸੂਸ ਹੁੰਦਾ ਹੈ। ਇਸ ਸਾਧਨਾ 'ਚੋਂ ਗੁਜ਼ਰਦਿਆਂ ਉਹਦੇ ਲਈ ਦੇਹੀ ਨੂਰ ਦੀ ਨਦੀ ਬਣ ਜਾਂਦੀ ਹੈ, ਕੁੰਡਲਨੀ ਦੇ ਚੱਕਰ ਖੁੱਲ੍ਹਦੇ ਹਨ ਤੇ ਯੋਗ ਦੇ ਕਿਨਾਰਿਆਂ 'ਚ ਮੈਂ-ਤੂੰ ਦੀ ਅਲਹਿਦਗੀ ਸਮਾਪਤ ਹੁੰਦੀ ਹੈ।

ਇਸੇ ਸਾਧਨਾ ਦੇ ਅੰਤਰਗਤ ਦੇਹੀ ਦਾ ਭਾਂਡਾ ਸ਼ੇਰਨੀ ਦੇ ਦੁੱਧ ਲਈ ਪਾਤਰ ਬਣਦਾ ਹੈ। ਦੇਹੀ ਦਾ ਚੂੰਗੜਾ ਮਹਾਚੇਤਨਾ ਦੀ ਲੋਅ ਲਈ ਤਲਬਗੀਰ ਹੁੰਦਾ ਹੈ, ਤਾਂਘ ਤੜਪ ਵਿੱਚ ਬਦਲ ਕੇ ਆਪਣੇ ਹੀ ਅੱਧ ਲਈ ਧੜਕ ਰਹੇ




ਕਣਾਂ ਦੀ ਲੀਲ੍ਹਾ 'ਚ ਬਦਲਣ ਤੇ ਆਕਾਰ ਨਿਰਾਕਾਰ ਨੂੰ ਛੋਹ ਲੈਣ ਦੀ ਇੱਛਾ ਬਣਨ ਲਗਦੀ ਹੈ:

ਧੜਕ ਰਹੇ ਕਿਣਕਿਆਂ ਦੀ ਗਾਥਾ ਇਸ਼ਕ
ਆਕਾਰ ਹੋਇਆ ਨਿਰਾਕਾਰ
ਤਨ ਭੇਦਾਂ 'ਚ ਵੰਡ ਗਿਆ ਜੋ
ਖ਼ੁਦ ਨੂੰ
ਕਲਾਵੇ 'ਚ ਭਰਨ ਦੀ ਲੋਚਾ
ਆਪਣੇ ਹੀ ਅੱਧ ਲਈ
ਧੜਕ ਰਹੇ ਕਣਾਂ ਦੀ ਲੀਲ੍ਹਾ

ਅੱਖਰਾਂ ਦੀ ਜ਼ਿੰਦਾ ਹੋਂਦ ਆਦਿ ਤੱਤ ਵਾਂਗ ਤਰੰਗਿਤ ਹੋਣ ਦੇ ਭਾਵ ਨੂੰ ਵੀ ਅਮਰਜੀਤ ਕਸਕ ਨੇ ਵਿਅਕਤ ਕੀਤਾ ਹੈ।

ਇੰਜ ਅਮਰਜੀਤ ਕਸਕ ਨੂੰ 'ਰੱਬ' ਮਿਲਦਾ ਹੈ ਜਾਂ ਕਹਿ ਲਓ ਉਹਦੀ ਦੇਹੀ ਦਾ ਧੂਣਾ ਬਲਦਾ ਹੈ ਤੇ ਤਨ ਦੀ ਮਿੱਟੀ 'ਚੋਂ ਅੱਗ ਪ੍ਰਜਵਲਿਤ ਹੁੰਦੀ ਹੈ।

ਸੋਚ ਨੂੰ ਹੀ ਉਹ ਕੁੰਡਲਨੀ ਸੱਪਣੀ ਆਖਦਾ ਹੈ, ਜੋ ਨੂਰ ਰੂਪ ਹੋ ਕੇ ਮੂਲਾਧਾਰ ਤੋਂ ਸਹਸਰਾਰ ਤੀਕ ਪੁੱਜਦੀ ਹੈ। ਤਨ ਦੇ ਧੂਣੇ 'ਤੇ ਬਲਦੀ ਅੱਗ ਹੀ ਚੱਕਰ-ਦਰ-ਚੱਕਰ ਆਪਣੇ ਸਿਖਰ ਵੱਲ ਪੁੱਜਦੀ ਹੈ।

ਯੋਗ ਤੇ ਮਾਇਆ, ਸ਼ਿਵ ਤੇ ਸ਼ਕਤੀ ਦਾ ਯੋਗ ਹੀ ਤੰਤ੍ਰ ਸਾਧਨਾ ਦੀ ਬ੍ਰਹਿਮੰਡ ਨੂੰ ਪਿੰਡ 'ਚੋਂ ਖੋਜਣ ਦੀ ਪਰਿਪਾਟੀ ਹੈ। ਇਸ ਵਿਚਲੀ ਕਸ਼ਿਸ਼ ਕਵੀ ਲਈ ਛੇਵਾਂ ਤੱਤ ਹੈ, ਜੋ ਦੇਹੀ 'ਚੋਂ ਪ੍ਰਗਟ ਹੁੰਦਾ ਹੈ। ਸੁੰਨ ਵਿੱਚ ਹੀ ਮਹਾਂ ਧਮਾਕਾ ਹੁੰਦਾ ਹੈ, ਸੁੰਨ ਵਿੱਚੋਂ ਹੀ ਖੰਡਾਂ ਬ੍ਰਹਿਮੰਡਾਂ ਦੀ ਘਾੜਤ ਘੜੀ ਗਈ ਹੈ। 'ਰੱਬ ਦੇ ਮਨ ਦੇ ਸ਼ੋਰ' ਦੀ ਗੱਲ ਕਰਦਾ ਉਹ ਆਖਦਾ ਹੈ ਕਿ 'ਪੂਰਾ ਹੋਣ ਲਈ' ਸ਼ਾਇਦ ਕਿਸੇ ਹਿਸਾਬ-ਕਿਤਾਬ ਦਾ ਮੁਥਾਜ ਹੋਣ ਦੀ ਲੋੜ ਨਹੀਂ ਜਾਪਦੀ; ਰੱਬ ਹੀ ਉਹ ਸਮੀਕਰਨ ਹੈ, ਜੋ ਅਵੰਡ ਹੈ।

ਰੂਹਾਨੀਅਤ ਤੋਂ ਇੱਕ ਅਹਿਸਾਸ ਦੀ ਦੂਰੀ 'ਤੇ ਅਸੀਂ ਅਚੇਤ/ਸੁਚੇਤ ਦੂਰੀ ਦਾ ਭਰਮ ਸਿਰਜੀ ਖੜ੍ਹੇ ਹਾਂ। ਜਦੋਂ ਵਿਚਾਲਿਓਂ ਮਹੀਨ ਪਰਦਾ ਹਟਦਾ



ਹੈ, ਦੂਰੀ ਦਾ ਅਹਿਸਾਸ ਮਿਟ ਜਾਂਦਾ ਹੈ। ਜਪੁਜੀ ਵਿਚਲੇ 'ਕੀਤਾ ਕਵਾਓ' ਦੀ ਵਿਆਖਿਆ ਕਰਦਾ ਉਹ ਕਣ ਦੇ ਤਰੰਗ ਤੇ ਫਿਰ ਕਣ ਵਿੱਚ ਰੂਪਾਂਤ੍ਰਿਤ ਹੋਣ ਨੂੰ ਹੀ ਅਨਹਤ ਆਖਦਾ ਹੈ, ਜਿਸ ਨੂੰ ਸੁਣਨ ਲਈ ਰੱਬ ਦਾ ਡਾਇਲ ਕਰਨ ਦੀ ਲੋੜ ਹੈ। ਹੁਣ ਸਵਾਲ ਇਹ ਵੀ ਹੈ ਕਿ ਕੀ ਅਸੀਂ ਤੱਤਾਂ ਦਾ ਜੋੜ ਬਣ ਕੇ ਸਥਿਰ ਹੋਣਾ ਹੈ?

ਸੁਰਜਨ ਦੀ ਪ੍ਰਮੋਸ਼ਨ ਪਿੱਛੇ ਕਾਰਜਰੱਤ ਸੂਖਮ ਵਰਤਾਰਿਆਂ ਨੂੰ ਉਸ ਦੀ ਰਚਨਾਤਮਿਕ ਬਿਰਤੀ ਪਛਾਣ ਲੈਂਦੀ ਹੈ। ਕਰਮੇ ਦੇ ਫ਼ੌਜੀ ਜੀਵਨ ਵਿਚਲੀਆਂ ਗੱਲਾਂ ਵੀ ਉਸਦੇ ਫ਼ੌਜੀ ਅਨੁਭਵ ਦੀ ਸਿਮਰਤੀਆਂ ਬਣਦੇ ਹਨ। ਆਪਣੀ ਕਵਿਤਾ ਵਿੱਚ ਕਈ ਵੇਰ ਉਹ ਸਪਰਸ਼ ਬਿੰਬਾਂ ਦੀ ਉਸਾਰੀ ਕਰਦਾ ਹੈ। ਕਈ ਵਾਰ ਰੱਬੀ ਮਹਿਕ ਨੂੰ ਉਹ ਸੁੰਘਣ ਸੰਵੇਦਨਾ ਰਾਹੀਂ ਪਕੜਨ ਦੀ ਕੋਸ਼ਿਸ ਕਰਦਾ ਹੈ, ਪਰ ਕਈ ਵਾਰੀ ਇਹ ਬਿੰਬ ਭਾਵਕ ਤਰਲਤਾ ਦੇ ਵਹਿੰਦੇ ਹੋਏ ਰੁਮਾਂਟਿਕ ਧਰਾਤਲ 'ਤੇ ਜਾ ਗਿਰਦੇ ਹਨ, ਕਿਸੇ ਤੰਦ, ਸਿਆਣ ਜਾਂ ਵੇਲ ਰਾਹੀਂ ਉਹ ਅਜਿਹੇ ਭਾਵਬੋਧ ਨੂੰ ਉਜਾਗਰ ਕਰਦਾ ਹੈ, ਫਿਰ ਵੀ ਅਦੁੱਤੀ ਰਮਜ਼ਾਂ ਤੇ ਰਹੱਸਾਂ ਦੇ ਵਰਤਾਰੇ ਉਸਦੀ ਰਚਨਾ ਦੇ ਅੰਗ-ਸੰਗ ਰਹਿੰਦੇ ਹਨ।

ਕੁਦਰਤ ਦੀ ਮਹਾਨ ਵਡਿਆਈ ਹੈ ਕਿ ਉਸਨੇ ਅੰਡਜ, ਜੇਰਜ, ਸੇਤਜ, ਉਤਭੁਜ ਚਾਰੇ ਖਾਣੀਆਂ ਰਾਹੀਂ ਸ੍ਰਿਸ਼ਟੀ ਦੀ ਸਿਰਜਣਾ ਕੀਤੀ ਹੈ। ਕਵੀ ਇਸ ਦੀ ਵਿਸਮਾਦਿਤ ਅਵਸਥਾ ਦਾ ਗਾਇਨ ਕਰਦਾ ਹੈ।

ਉਸਦੇ ਕਾਵਿਕ ਬੋਲ ਸਵੈ ਤੋਂ ਬ੍ਰਹਿਮੰਡ ਤੀਕ, ਮਨ ਦੀਆਂ ਕਿੰਨੀਆਂ ਧਰਤੀਆਂ 'ਤੇ ਵਾਪਰਦੇ ਘਟਨਾਕ੍ਰਮ, ਸੂਖਮ ਸਰੀਰਾਂ ਦੇ ਭੇਦ, ਅਕਾਰ ਨਿਰਾਕਾਰ ਦੇ ਲਘੂ ਤੋਂ ਵਿਰਾਟ ਤਸੱਵਰ ਤੱਕ ਵੇਰਵਿਆਂ ਨਾਲ ਲਬਰੇਜ਼ ਹਨ:

ਮੇਰਾ ਇੱਕ ਪੈਰ ਧਰਤੀ 'ਤੇ
ਇੱਕ ਅਕਾਸ਼ 'ਚ
ਕਿ ਸਹੀ ਸਹੀ
ਰਾਹ ਵੇਖ ਲੈਂਦਾ ਹਾਂ
ਤੇ ਦੌੜ ਪੈਂਦਾ ਵਾਹੋਦਾਹੀ
ਦੌੜਾਂ ਵੀ ਕਿਉਂ ਨਾ
ਜੋ ਦੌੜ ਨੂੰ ਜਾਣਦਾ ਹਾਂ

ਅਗੰਮੀ ਤਲਾਸ਼ ਲਈ ਇਸ ਦੌੜ ਦਾ ਕਿਤੇ ਨਾ ਕਿਤੇ ਅੰਤ ਵੀ ਹੁੰਦਾ ਹੈ। ਉਹ ਮਨ ਨੂੰ ਦੇਹਾਂ ਦੇ ਆਰ-ਪਾਰ ਵਗਦੀ ਨਦੀ ਆਖਦਾ ਹੈ, ਪਰ ਦੇਹ ਦੇ ਪਾਣੀ ਨੂੰ ਨਦੀ ਨਹੀਂ ਹੋਣ ਦਿੰਦਾ। ਆਪਣਾ ਅਲੱਗ ਅਸਤਿਤਵ ਬਚਾਈ ਰੱਖਦਾ ਹੈ। ਕਈ ਵਾਰ ਉਸਦੇ ਬੋਲਾਂ ਵਿੱਚ ਪੁਨਰ ਜਨਮ ਦੇ ਜਾਂ ਅਗਲੇਰੇ ਪਿਛਲੇਰੇ ਜਨਮਾਂ ਦੀ ਸਿਮਰਤੀ ਬਣ ਕੇ ਝਲਕਦੇ ਹਨ। ਉਸਦੀ ਚੇਤਨਾ ਵਿੱਚ ਗੁਜ਼ਰ ਚੁਕੇ ਸੂਖਮ ਪ੍ਰਾਣੀਆਂ ਦੇ ਪ੍ਰਸੰਗ ਆ ਦਾਖ਼ਲ ਹੁੰਦੇ ਹਨ। ਇਸੇ ਸੰਦਰਭ ਵਿੱਚ ਉਸਦੀ ਕਵਿਤਾ 'ਬਹੁਤ ਰੌਸ਼ਨੀ ਹੈ ਇੱਥੇ' ਨੂੰ ਵੀ ਲਿਆ ਜਾ ਸਕਦਾ ਹੈ। ਕਿਸੇ ਮਿਥ ਤੋਂ ਫੈਲ ਕੇ ਇਹ ਬਹੁਪਰਤੀ ਘਟਨਾਵਾਂ ਨਾਗ ਨਾਗਣ ਤੇ ਬੁੱਧ ਦੀ ਪਤਨੀ ਯਸ਼ੋਧਰਾ ਦੇ ਜ਼ਿਕਰ ਤੱਕ ਪਹੁੰਚ ਜਾਂਦੇ ਹਨ। 'ਅੱਧੀ ਰਾਖਵੀਂ ਦੇਹ', 'ਪਰਿਓਂ ਪਰੇ' ਕਵਿਤਾਵਾਂ ਵਿਚਲਾ ਕਥਾਨਕ ਰੂਹਾਂ, ਬਦਰੂਹਾਂ ਤੇ ਚੀਨੀ ਤ੍ਰਾਂਤਰਿਕ (ਓਝਾ) ਦੇ ਜਾਦੂਮਈ ਪਿਛੋਕੜ ਨਾਲ ਜਾ ਜੁੜਦਾ ਹੈ। ਇਸ ਪ੍ਰਕਾਰ ਅਮਰਜੀਤ ਕਸਕ ਦੀ ਕਵਿਤਾ ਵਿੱਚ ਤੰਤ੍ਰ ਦਾ ਦੇਹਵਾਦੀ ਰੁਝਾਨ ਦ੍ਰਿਸ਼ਟੀਗੋਚਰ ਹੁੰਦਾ ਹੈ।

'ਕਿੱਥੇ ਹੈ ਤੂੰ' ਤੇ 'ਅੰਜਲੀ ਬਣੀ ਨਾ ਕਾਇਆ' ਕਿਤਾਬ ਦੀਆਂ ਅਖ਼ਰੀਲੀਆਂ ਭਾਵਪੂਰਤ ਨਿੱਕੀਆਂ ਕਵਿਤਾਵਾਂ ਹਨ। 'ਕਿੱਥੇ ਹੈ ਤੂੰ' ਵਿੱਚ ਸੰਸਕਾਰਾਂ ਦੀ ਪੰਡ ਤੇ ਪੱਟੀ ਲਿਖਣ ਤੇ ਮੇਸੇ ਜਾਣ ਦਾ ਜ਼ਿਕਰ ਹੈ ਅਤੇ 'ਅੰਜਲੀ ਬਣੀ ਨਾ ਕਾਇਆ' ਅਖ਼ੀਰਲੀ ਕਵਿਤਾ ਵਿੱਚ ਵਿਗੋਚੇ ਦਾ ਭਾਵ ਤਾਰੀ ਹੈ। ਵਹਿਣਾਂ ਵਿੱਚ ਅਭਿੱਜ ਸੁੱਕੇ ਦਾ ਸੁੱਕਾ ਰਹਿਣ ਦੀ ਅਵਸਥਾ ਦਾ ਵਿਵਰਣ ਹੈ। ਇਹ ਅਪ੍ਰਾਪਤ ਦੀ ਨਿਸ਼ਾਨਦੇਹੀ ਹੈ। ਕਾਇਆ ਨੂੰ ਜਲ ਲਈ ਬੁੱਕ ਨਾ ਬਣਾ ਸਕਣ ਦੀ ਅਸਮਰੱਥਤਾ ਕਿਸੇ ਨਿਰੰਤਰ ਤਲਾਸ਼ ਵੱਲ ਵੀ ਜਾਣ ਦੀ ਉਗਾਹੀ ਭਰਦੀ ਹੈ। ਉਸਦੀ ਇਹ ਦੇਹੀ ਤੋਂ ਪਾਰ ਜਾਣ ਦੀ ਤਲਾਸ਼ ਜਾਰੀ ਰਹਿਣੀ ਚਾਹੀਦੀ ਹੈ, 'ਇੰਜ ਮਿਲਿਆ ਰੱਬ ਮੈਨੂੰ' ਉਸਦੀ ਇਸੇ ਜਾਰੀ ਤਲਾਸ਼ ਦਾ ਅਗਲੇਰਾ ਮੀਲ ਪੱਥਰ ਹੈ।

# ਖਾਹਿਸ਼ਾਂ ਦੀ ਘੁੰਮਣਘੇਰੀ ਵਿੱਚ ਉਲਝਿਆ ਜ਼ਿੰਦਗੀ ਦਾ ਤਾਣਾ-ਬਾਣਾ

**ਅਧਿਆਤਮਕ**

ਡਾ. ਅਰਵਿੰਦਰ ਸਿੰਘ ਭੱਲਾ*
ਫੋਨ: +91-9463062603



ਮੁਰਸ਼ਦ ਨੇ ਆਪਣੇ ਮੁਰੀਦਾਂ ਨੂੰ ਫ਼ਰਮਾਇਆ ਕਿ ਸੋਚਾਂ ਦੇ ਚੱਕਰਵਿਊ ਵਿੱਚ ਘਿਰਿਆ ਹਰੇਕ ਮਨੁੱਖ ਹਮੇਸ਼ਾ ਇਹ ਸੋਚਦਾ ਹੈ ਕਿ ਜਿਵੇਂ ਦੁਨੀਆਂ ਭਰ ਦੇ ਦੁੱਖ, ਤਕਲੀਫਾਂ ਤੇ ਅਜ਼ਮਾਇਸ਼ਾਂ ਉਸ ਦੇ ਹਿੱਸੇ ਵਿੱਚ ਆਈਆਂ ਹੋਣ ਅਤੇ ਜਿਵੇਂ ਖੁਸ਼ੀਆਂ ਤੇ ਖੇੜਿਆਂ ਦਾ ਉਸ ਨਾਲ ਕੋਈ ਅਸਲੋਂ ਵੈਰ ਹੋਵੇ। ਗ਼ਫ਼ਲਤ ਅਤੇ ਬਦਗੁਮਾਨੀ ਦਾ ਸ਼ਿਕਾਰ ਮਨੁੱਖ ਖੁਦ ਨੂੰ ਹਮੇਸ਼ਾ ਖਸਾਰੇ ਵਿੱਚ ਅਤੇ ਦੂਜਿਆਂ ਨੂੰ ਮੁਨਾਫ਼ੇ ਦੀ ਸਥਿਤੀ ਵਿੱਚ ਦੇਖਣ ਦਾ ਆਦੀ ਹੁੰਦਾ ਹੈ। ਜੇਕਰ ਮਨੁੱਖ ਨੂੰ ਕਿਤੇ ਆਪਣੀ ਝੋਲੀ ਵੀ ਭਰੀ ਹੋਈ ਦੇਖਣ ਦਾ ਹੁਨਰ ਆ ਜਾਵੇ ਤਾਂ ਉਸ ਦੀਆਂ ਬਹੁਤ ਸਾਰੀਆਂ ਸਮੱਸਿਆਵਾਂ ਹੱਲ ਹੋ ਜਾਣ, ਪਰ ਅਫ਼ਸੋਸ! ਮਨੁੱਖ ਨੂੰ ਕੇਵਲ ਆਪਣੇ ਦੁੱਖ ਅਤੇ ਦੂਜਿਆਂ ਦੇ ਸੁੱਖ ਨਜ਼ਰ ਆਉਂਦੇ ਹਨ। ਦਰਅਸਲ ਹਰੇਕ ਮਨੁੱਖ ਆਪਣੇ ਖਿਆਲਾਂ ਦੀ ਉਧੇੜ-ਬੁਣ ਵਿੱਚ ਜਦੋਂ ਵੀ ਆਪਣੇ ਸੁੱਖਾਂ ਦੀ ਤੁਲਨਾ ਵਿੱਚ ਆਪਣੇ ਦੁੱਖਾਂ ਨੂੰ ਵਧਾਅ-ਚੜ੍ਹਾਅ ਕੇ ਦੇਖਦਾ ਹੈ ਤਾਂ ਉਹ ਨਾਸ਼ੁਕਰਿਆਂ ਵਾਂਗ ਪਰਵਦਗਾਰ ਦੀਆਂ ਰਹਿਮਤਾਂ ਤੇ ਬਰਕਤਾਂ ਨੂੰ ਸਿਰਿਉਂ ਹੀ ਭੁਲਾ ਦਿੰਦਾ ਹੈ। ਖ਼ੁਦਗਰਜ਼ ਮਨੁੱਖ ਕਦੇ ਵੀ ਇਹ ਜਾਣ ਨਹੀਂ ਪਾਉਂਦਾ ਹੈ ਕਿ ਪਰਮਾਤਮਾ ਨੇ ਉਸ ਦੀ ਝੋਲੀ ਵਿੱਚ ਕਿਹੜੀਆਂ-ਕਿਹੜੀਆਂ ਨੇਮਤਾਂ ਪਾਈਆਂ ਹਨ ਅਤੇ ਕਦਮ-ਕਦਮ ਉਤੇ ਕਦੋਂ ਕਦੋਂ ਉਸ ਨੂੰ ਅਉਖੀ ਘੜੀ ਦੇਖਣ ਤੋਂ ਬਚਾਇਆ ਹੈ। ਰੱਬ ਨੂੰ ਭੁਲਾ ਕੇ ਮਨ ਦੇ ਆਖੇ ਲੱਗ ਕੇ ਤੁਰਨ ਵਾਲੇ ਲੋਕ ਬੁਨਿਆਦੀ ਤੌਰ ਉੱਪਰ ਆਪਣੀਆਂ ਹਸਰਤਾਂ, ਖ਼ਵਾਬਾਂ ਅਤੇ ਹਵਸ ਦੇ ਗੁਲਾਮ ਹੁੰਦੇ ਹਨ। ਉਹ ਇਹ ਕਦੇ ਵੀ ਮਹਿਸੂਸ ਹੀ ਨਹੀਂ ਕਰ ਪਾਉਂਦੇ ਹਨ ਕਿ ਰੱਬ ਉਨ੍ਹਾਂ ਦੇ ਅਮਲਾਂ, ਔਕਾਤ, ਇਬਾਦਤ ਅਤੇ ਤਕਦੀਰ ਦੇ ਅਨੁਸਾਰ ਹਰ ਵੇਲੇ ਉਨ੍ਹਾਂ ਨੂੰ ਕਿੱਥੇ-ਕਿੱਥੇ ਨਿਵਾਜ਼ ਰਿਹਾ ਹੁੰਦਾ ਹੈ, ਲੇਕਿਨ ਹਰ ਵੇਲੇ ਆਪਣੇ ਹਲਾਤਾਂ ਤੇ ਮੁਕੱਦਰਾਂ ਨੂੰ ਕੋਸਣ ਵਾਲਾ ਮਨੁੱਖ ਕੇਵਲ ਆਪਣੀ ਅਧੂਰੀ ਸਮਝ ਅਨੁਸਾਰ ਆਪਣੇ ਆਪ ਨੂੰ ਬੇਫਜ਼ੂਲ ਦੇ ਖਿਆਲਾਂ, ਅੰਦੇਸ਼ਿਆਂ ਤੇ ਮਾਨਸਿਕ ਉਲਝਣਾਂ ਵਿੱਚ ਉਲਝਾ ਕੇ ਆਪਣੇ ਹੱਥੀਂ ਖੁਦ ਨੂੰ ਆਪਣੇ ਸੋਹਣੇ ਰੱਬ ਤੋਂ ਦੂਰ ਕਰ ਲੈਂਦਾ ਹੈ।

ਮੁਰਸ਼ਦ ਨੇ ਇਸ ਗੱਲ ਦੀ ਵੀ ਤਲਕੀਨ ਕੀਤੀ ਕਿ ਈਮਾਨ, ਇਬਾਦਤ, ਦਿਆਨਤਦਾਰੀ ਅਤੇ ਸਹਿਜ ਦੇ ਰਾਹ ਉੱਤੇ ਤੁਰਦਿਆਂ ਮਨੁੱਖ ਨੂੰ ਕਦੇ ਲਾਲਚ, ਦੁਚਿੱਤੀ, ਹੇਰਵਾ ਅਤੇ ਪਛਤਾਵਾ ਸਤਾਉਂਦਾ ਨਹੀਂ। ਜਦੋਂ ਕਿ ਇਹ ਵੀ ਇਕ ਅਟੱਲ ਸਚਾਈ ਹੈ ਕਿ ਸਮੇਂ ਤੋਂ ਪਹਿਲਾਂ ਅਤੇ ਤਕਦੀਰ ਤੋਂ ਵੱਧ ਵੀ ਕਦੀ ਕਿਸੇ ਨੂੰ ਕੁਝ ਵੀ ਮਿਲਿਆ ਨਹੀਂ, ਲੇਕਿਨ ਮਨਮੱਤ ਦੇ ਰਾਹ ਉੱਤੇ ਚਲਣ ਵਾਲਾ ਮਨੁੱਖ ਇਸ ਅਟੱਲ ਸੱਚਾਈ ਦੀ ਡੂੰਘਾਈ ਨੂੰ ਕਦੇ ਵੀ ਸਮਝ ਨਹੀਂ ਪਾਉਂਦਾ ਹੈ। ਬੇਲਗਾਮ ਖਾਹਿਸ਼ਾਂ ਅਸਲ ਵਿੱਚ ਮਨੁੱਖ ਦੀ ਰੂਹ ਅਤੇ ਦੇਹ ਨੂੰ ਹੌਲੀ-ਹੌਲੀ ਆਪਣੀ ਗ੍ਰਿਫ਼ਤ ਵਿੱਚ ਲੈ ਕੇ ਮਨੁੱਖ ਨੂੰ ਮੋਹ, ਮਾਇਆ, ਲਾਲਚ ਅਤੇ ਹਵਸ ਦੀ ਦਲਦਲ ਵਿੱਚ ਧੱਸਣ ਲਈ ਇਕੱਲਿਆਂ ਛੱਡ ਦਿੰਦੀਆਂ ਹਨ। ਬੇਸ਼ੱਕ ਆਪਣੇ ਹਿੱਸੇ ਦੀਆਂ ਖੁਸ਼ੀਆਂ ਦੀ ਤਲਾਸ਼ ਕਰਨਾ ਤੇ ਆਪਣੇ ਖ਼ਵਾਬਾਂ ਦੀ ਤਾਬੀਰ ਲਈ ਜੱਦੋਜਹਿਦ ਕਰਨਾ ਮਨੁੱਖ ਦੀ ਫ਼ਿਤਰਤ ਦਾ ਇਕ ਅਹਿਮ ਹਿੱਸਾ ਹੈ, ਲੇਕਿਨ ਮਨੁੱਖ ਆਪਣੇ ਆਪ ਨੂੰ ਹਸਰਤਾਂ ਦੇ ਬਾਜ਼ਾਰ ਵਿੱਚ ਨਿਲਾਮ ਕਰ ਦੇਵੇ, ਇਹ ਵੀ ਹਰਗਿਜ਼ ਮੁਨਾਸਿਬ ਨਹੀਂ। ਇਸ ਗੱਲ ਵਿੱਚ ਕੋਈ ਬੁਰਾਈ ਨਹੀਂ ਕਿ ਮਨੁੱਖ ਆਪਣੀਆਂ ਜ਼ਰੂਰਤਾਂ ਦੀ ਪੂਰਤੀ ਲਈ ਯਤਨ ਕਰੇ, ਲੇਕਿਨ ਆਪਣੀਆਂ ਜ਼ਰੂਰਤਾਂ ਅਤੇ ਤਰਜੀਹਾਂ ਤੈਅ ਕਰਦੇ ਸਮੇਂ ਇਹ ਵੀ ਜ਼ਰੂਰੀ ਹੈ ਕਿ ਉਹ ਇਸ ਗੱਲ ਦਾ ਹਮੇਸ਼ਾ ਖ਼ਿਆਲ ਰੱਖੇ ਕਿ ਉਹ ਕਦੇ ਵੀ ਹਵਸ ਦੀ ਭੱਠੀ ਵਿੱਚ ਨਾ ਸੜੇ।

ਮੁਰਸ਼ਦ ਨੇ ਇਹ ਵੀ ਫ਼ਰਮਾਇਆ ਕਿ ਜਦੋਂ ਤੁਸੀਂ ਕਿਸੇ ਦੇ ਸੁੱਖਾਂ ਨੂੰ ਦੇਖ ਕੇ ਉਸ ਨਾਲ ਈਰਖਾ ਜਾਂ ਕ੍ਰੋਧ ਕਰਦੇ ਹੋ ਤਾਂ ਤੁਸੀਂ ਆਪਣੇ ਆਪ ਨੂੰ ਜਿੱਥੇ ਇੱਕ ਪਾਸੇ ਬੇਵਜ੍ਹਾ ਸਜ਼ਾ ਦੇ ਰਹੇ ਹੁੰਦੇ ਹੋ, ਉਥੇ ਦੂਜੇ ਪਾਸੇ ਤੁਸੀਂ ਰੱਬ ਦੀ ਰਜ਼ਾ ਤੋਂ ਮੁਨਕਰ ਹੋ ਕੇ ਰੱਬ ਦੀਆਂ ਬਰਕਤਾਂ ਦੇ ਬੂਹੇ ਆਪਣੇ ਲਈ ਆਪਣੇ ਹੱਥੀਂ ਬੰਦ ਕਰ ਲੈਂਦੇ ਹੋ। ਆਪਣੀ ਅਧੂਰੀ ਸਮਝ, ਸਿਆਣਪ ਤੇ ਚਤੁਰਾਈ ਉਤੇ ਤੁਹਾਨੂੰ ਹੱਦੋਂ ਵੱਧ ਮਾਣ ਹੁੰਦਾ ਹੈ ਅਤੇ ਤੁਹਾਡੇ ਅੰਦਰ ਆਪਣੇ ਸੋਹਣੇ ਰੱਬ ਨਾਲ ਵਾਬਸਤਾ ਹਜ਼ਾਰਾਂ ਸ਼ੰਕੇ ਤੇ ਸਵਾਲ ਤੁਹਾਨੂੰ ਪ੍ਰੇਸ਼ਾਨ ਕਰੀਂ ਰੱਖਦੇ ਹਨ। ਮੁਰਸ਼ਦ ਨੇ ਫ਼ਰਮਾਇਆ ਕਿ ਜਦੋਂ ਇਨਸਾਨ ਅੰਦਰੋਂ ਨੇਕੀ, ਸੱਚਾਈ ਅਤੇ ਮਾਸੂਮੀਅਤ ਮਨਫੀ ਹੁੰਦੀ ਹੈ ਤਾਂ ਉਸ ਸਮੇਂ ਮਨੁੱਖ ਜ਼ਿਹਨੀ ਤੌਰ ਉੱਪਰ ਭਟਕਣ ਦਾ ਸ਼ਿਕਾਰ ਹੁੰਦਾ ਹੈ। ਸੁੱਖ, ਆਰਾਮ, ਸ਼ੋਹਰਤ ਅਤੇ ਤਾਕਤ ਹਾਸਿਲ ਕਰਨ ਦੀ ਇੱਛਾ ਉਸ ਕੋਲੋਂ ਇਹ ਸੋਚਣ-ਸਮਝਣ ਦੀ ਸਲਾਹੀਅਤ ਵੀ ਖੋਹ ਲੈਂਦੀ ਹੈ ਕਿ ਜਿਸ ਕਿਸੇ ਸ਼ੈਅ ਦਾ ਉਹ ਤਲਬਗਾਰ ਹੁੰਦਾ ਹੈ, ਕੀ ਉਸ ਸ਼ੈਅ ਨੂੰ ਹਾਸਲ ਕਰਨ ਦੀ ਉਸ ਅੰਦਰ ਕਾਬਲੀਅਤ ਤੇ ਜ਼ਹਾਨਤ ਵੀ ਹੈ ਕਿ ਨਹੀਂ! ਤੇ ਉਹ ਇਹ ਵੀ ਨਹੀਂ ਸਮਝ ਪਾਉਂਦਾ ਹੈ ਕਿ ਉਹ ਸਫ਼ਲਤਾ ਦੇ ਸਿਖ਼ਰ ਨੂੰ ਛੂਹ ਕੇ ਧੁਰ ਅੰਦਰੋਂ ਸਕੂਨ ਹਾਸਲ ਕਰ ਪਾਵੇਗਾ ਜਾਂ ਨਹੀਂ?

ਮੁਰਸ਼ਦ ਨੇ ਇਹ ਵੀ ਫ਼ਰਮਾਇਆ ਕਿ ਅਖੌਤੀ ਸਫ਼ਲਤਾ ਨੂੰ ਹਾਸਲ ਕਰਨ ਅਤੇ ਆਪਣੀਆਂ ਤ੍ਰਿਸ਼ਨਾਵਾਂ ਦੀ ਤ੍ਰਿਪਤੀ ਦੀ ਉਮੀਦ ਵਿਅਕਤੀ ਨੂੰ ਸਦਾ ਬੇਚੈਨ ਰੱਖਦੀ ਹੈ। ਮਨੁੱਖ ਇਸੇ ਕਰਕੇ ਸਹਿਜ ਅਵਸਥਾ ਵਿੱਚ ਨਹੀਂ ਵਿਚਰ ਪਾਉਂਦਾ ਹੈ, ਕਿਉਂ ਕਿ ਉਸ ਅੰਦਰ ਨਿੱਤ ਕੁਝ ਨਵਾਂ ਹਾਸਿਲ ਕਰਨ ਦੀ ਖਾਹਿਸ਼ ਉਸ ਦੇ ਮਨ ਨੂੰ ਹਮੇਸ਼ਾ ਵਿਚਲਿਤ ਕਰੀ ਰੱਖਦੀ ਹੈ। ਆਪਣੀ ਜਿੱਤ ਦਾ ਪਰਚਮ ਲਹਿਰਾਉਣ ਦੀ ਤੀਬਰਤਾ ਵੀ ਮਨੁੱਖ ਦੇ ਮਨ ਅੰਦਰ ਅਸੰਤੁਸ਼ਟੀ ਅਤੇ ਭਟਕਣ ਨੂੰ ਵਧਾਉਣ ਵਿੱਚ ਕਾਰਗਰ ਨਿਭਾਉਂਦੀ ਹੈ। ਇਸ ਤਰ੍ਹਾਂ ਦੀ ਮਨੋਦਸ਼ਾ ਨਾਲ ਨਜਿੱਠਣ ਲਈ ਮਨ ਦੀ ਇਕਾਗਰਤਾ ਨੂੰ ਭੰਗ ਹੋਣ ਤੋਂ ਬਚਾਉਣ ਲਈ ਕੋਸ਼ਿਸ਼ ਕਰਦੇ ਰਹਿਣਾ ਚਾਹੀਦਾ ਹੈ। ਵਿਚਲਿਤ ਮਨ ਮਨੁੱਖ ਦੀਆਂ ਜ਼ਿਆਦਾਤਰ ਸਮਸਿਆਵਾਂ ਦੀ ਮੂਲ ਜੜ੍ਹ ਹੁੰਦਾ ਹੈ, ਜਿਸ ਦੀ ਵਜ੍ਹਾ ਨਾਲ ਮਨੁੱਖ ਆਪਣੀ ਸੋਚਣ-ਸਮਝਣ ਦੀ ਸ਼ਕਤੀ ਨੂੰ ਸਕਾਰਾਤਮਕ ਦਿਸ਼ਾ ਦੇਣ ਤੋਂ ਖੁੰਝ ਜਾਂਦਾ ਹੈ। ਜੇਕਰ ਗਹੁ ਨਾਲ ਦੇਖਿਆ ਜਾਵੇ ਤਾਂ ਆਪਣੇ ਮਨ, ਬੇਕਾਬੂ ਭਾਵਨਾਵਾਂ ਅਤੇ ਹਰ ਪਲ ਰੂਪ ਵਟਾਉਂਦੀਆਂ ਖਾਹਿਸ਼ਾਂ ਹੀ ਇੱਕ ਦਿਨ ਉਸ ਦੇ ਪਤਨ ਦਾ ਸਬੱਬ ਬਣਦੀਆਂ ਹਨ। ਮੁਰਸ਼ਦ ਨੇ ਆਪਣੇ ਮੁਰੀਦਾਂ ਨੂੰ ਹਦਾਇਤ ਕੀਤੀ ਕਿ ਉਹ ਆਪਣੇ ਮਨ ਨੂੰ ਆਪਣੇ ਕਾਬੂ ਵਿੱਚ ਰੱਖਣ ਦਾ ਹੁਨਰ ਸਿੱਖਣ ਅਤੇ ਕਦੇ ਨਾ ਤ੍ਰਿਪਤ ਹੋਣ ਵਾਲੀਆਂ ਖਾਹਿਸ਼ਾਂ ਦੀ ਕਿਸ਼ਤੀ ਵਿੱਚ ਸਵਾਰ ਹੋਣ ਤੋਂ ਜਿੰਨਾ ਸੰਭਵ ਹੋ ਸਕੇ, ਉਹ ਗੁਰੇਜ਼ ਕਰਨ; ਕਿਉਂ ਕਿ ਆਪਣੇ ਮਨ ਦੇ ਹੱਥੋਂ ਸ਼ਿਕਸਤ ਖਾ ਕੇ ਮਨੁੱਖ ਕਦੇ ਵੀ ਸਦੀਵੀਂ ਖੁਸ਼ੀ ਜਾਂ ਸਕੂਨ ਹਾਸਲ ਨਹੀਂ ਕਰ ਸਕੇਗਾ।


***ਸੁਆਲਾਂ ਨੂੰ ਜੁਆਬਾਂ ਦੀ ਟੱਕਰ ਵਿਚੋਂ ਪੈਦਾ ਹੋਈ ਸਥਿਤੀ ਨਾਲ ਜਿਵੇਂ 'ਅਖੌਤੀ ਨੈਤਿਕਤਾ' ਦੇ ਭਿੱਟੇ ਜਾਣ ਦਾ ਮਸਲਾ ਬਣਦਾ ਦਿਖਾਈ ਦੇਣ ਲੱਗ ਪਿਆ ਸੀ, ਉਸ ਨੇ ਨਾਵਲ ਵਿਚਲੀਆਂ ਘਟਨਾਵਾਂ ਨੂੰ ਲੀਹ 'ਤੇ ਹੋਰ ਅੱਗੇ ਤੋਰ ਦਿੱਤਾ ਹੈ। ਚਿਰਾਗ਼ਾਂ 'ਚ ਤੇਲ ਪਾਉਣ ਤੋਂ ਲੈ ਕੇ ਹਵਾ-ਪਿਆਜ਼ੀ ਮਾਹੌਲ, ਢਿੱਡ ਤੇ ਮਨ ਦੀ ਤ੍ਰਿਪਤੀ ਅਤੇ ਫਿਰ ਸਰੀਰ ਦੀਆਂ ਲੋੜਾਂ ਲਈ ਉਸਰ ਰਹੇ ਨਾਵਲੀ ਕਥਾਨਕਾਂ ਬਾਰੇ ਪਾਠਕਾਂ ਦਾ ਇਕ ਮਤ ਹੋਣਾ ਜ਼ਰੂਰੀ ਨਹੀਂ ਹੈ, ਕਿਉਂ ਕਿ 'ਇਸ ਨਾਵਲ ਵਿਚ ਬਹੁਤ ਕੁੱਝ ਕਾਲਪਨਿਕ ਹੋ ਸਕਦਾ ਹੈ ਤੇ ਹੈ ਵੀ। ਇਹ ਕਿਸੇ ਵੀ ਜੀਊਂਦੇ-ਜਾਗਦੇ ਵਿਅਕਤੀ ਦਾ ਇਤਿਹਾਸ ਨਹੀਂ ਹੈ।' ਪੇਸ਼ ਹੈ, ਅਗਲੀ ਕਿਸ਼ਤ...***



## 'ਵਿਗੜੀ ਹੋਈ ਕੁੜੀ' (ਝੂਠ ਜਿਹਾ ਸੱਚ)

### ਕਿਸ਼ਤ (4)

**ਬਖ਼ਸ਼ਿੰਦਰ**
ਵੱਟਸਐਪ:+1-778-793-8979



# ਬੂਹਿਆਂ ਓਹਲੇ...

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਦਾਨਿਸ਼ ਨੇ ਟੀਵੀ ਦੇ ਵੀਡਿਓ ਪਲੇਅਰ ਦਾ 'ਪੌਜ਼' ਬਟਨ ਦਬਾ ਦਿੱਤਾ ਤੇ ਹਿੱਕ ਭਰ ਕੇ ਸਾਹ ਛੱਡਦਿਆਂ ਕਿਹਾ, "ਸਾਲ਼ਾ ਮੀਡੀਆ ਦਾ! ਹਰ ਸੁਆਲ, ਹਰ ਜੁਆਬ ਨਾਲ਼ ਕੁੱਤੇ-ਖਾਣੀ ਕਰਾ ਰਿਹੈ।" ਫਿਰ ਉਸ ਨੇ ਆਪਣਾ ਸੈੱਲਫੋਨ ਚੁੱਕ ਕੇ ਡਾਇਲ ਕੀਤਾ ਤੇ ਉਸ ਨੂੰ ਕੰਨ ਨਾਲ਼ ਲਾ ਕੇ 'ਹੈਲੋ' ਕਿਹਾ। ਅੱਗਿਓਂ ਲਤਾ ਕਪੂਰ ਦੇ ਆਫਿਸ ਅਸਿਸਟੈਂਟ ਲਲਿਤ ਖੰਨਾ ਦੀ ਆਵਾਜ਼ ਆਈ, "ਨਮਸਕਾਰ ਦਾਨਿਸ਼ ਭਾਈ, ਬਹੁਤ ਉਮਰ ਹੈ ਆਪ ਕੀ। ਅਭੀ-ਅਭੀ ਲਤਾ ਮੈਮ ਕਹਿ ਰਹੇ ਥੇ ਕਿ ਮੈਂ ਅਭੀ ਹੀ ਆਪ ਸੇ ਮਿਲ ਕਰ ਆਊਂ।"

"ਆਪ ਭੀ ਆ ਜਾਨਾ, ਫ਼ਿਲਹਾਲ ਲਤਾ ਮੈਮ ਸੇ ਬਾਤ ਕਰਵਾਏਂ। ਬਹੁਤ ਅਰਜੈਂਟ ਹੈ, ਕਾਮ ਫਸਾ ਹੂਆ ਹੈ। ਜਲਦੀ ਬਾਤ ਕਰਵਾਏਂ ਲਤਾ ਜੀ ਸੇ।"

"ਠੀਕ ਹੈ, ਠੀਕ ਹੈ, ਮੈਂ ਕੌਲ ਬੈਕ ਕਰਵਾਤਾ ਹੂੰ, ਆਪ ਇੰਤਜ਼ਾਰ ਕਰੇਂ।" ਕੁੱਝ ਚਿਰ ਮਗਰੋਂ ਫੋਨ ਦੀ ਘੰਟੀ ਖੜਕੀ। ਦਾਨਿਸ਼ ਨੇ ਕੌਲ ਰਿਸੀਵ ਕੀਤੀ। ਅਗਲੇ ਪਾਸਿਓਂ ਇਕ ਜ਼ਨਾਨਾ ਆਵਾਜ਼ ਆਈ, ਜਿਸ ਦਾ ਹਿੰਦੀ ਲਬੋ-ਲਹਿਜਾ ਪੰਜਾਬੀ ਸੀ, "ਹਾਂ ਜੀ ਦਾਨਿਸ਼ ਭਾਈ! ਆਪ ਨੂੰ ਜੋ ਲਿੰਕ ਭੇਜਾ ਥਾ, ਖੁੱਲਾ ਕਿਆ?"

"ਅੱਰਰੇ ਖੁ੍ਲਾ ਕਿਆ, ਆਧੇ ਸੇ ਜ਼ਿਆਦਾ ਇੰਟਰਵਿਊ ਤੋ ਮੈਂ ਦੇਖ ਭੀ ਚੁਕਾ ਹੂੰ। ਮੈਨੇ ਤੋ ਯੇਹ ਬਤਾਨੇ ਕੇ ਲੀਏ ਫੋਨ ਕੀਆ ਥਾ ਕਿ ਇੰਟਰਵਿਊ ਮੇਂ ਚੰਨੀ ਹੌਂਡਾ, ਇੰਟਰਵਿਊ ਲੇਨੇ ਵਾ਼ਲੇ ਚੌਬੇ ਕੀ ਬਹੁਤ ਬੁਰੀ ਤਰ੍ਹਾਂ 'ਲੇਤੀ' ਦਿਖਤੀ ਹੈ। ਮੈਂ ਯੇਹ ਪੂਛਨਾ ਚਾਹਤਾ ਹੂੰ ਕਿ ਅਪਨੀ ਵੈੱਬ ਸੀਰੀਜ਼ ਮੇਂ ਉਸ ਕੋ 'ਡੰਬ-ਡਰਿਵਨ' ਦਿਖਾਨਾ ਹੈ ਯਾ 'ਇੰਟੈਲੀਜੈਂਟ' ਦਿਖਾਨਾ ਹੈ, ਦੂਸਰੀ ਬਾਤ ਯੇਹ ਕਿ ਹਰ 'ਐਪੀਸੋਡ' ਕਿਤਨੀ 'ਡਿਊਰੇਸ਼ਨ' ਕਾ ਹੋ?"

"ਦੇਖੋ ਦਾਨਿਸ਼ ਜੀ, ਹੀਰੋਇਨ ਓਰੀਐਂਟਿਡ ਸਟੋਰੀ ਹੈ ਤੋ ਹੀਰੋਇਨ ਮੇਂ ਦਮ-ਖ਼ਮ ਤੋ ਹੋਨਾ ਹੀ ਚਾਹੀਏ। ਕੱਪੜੇ ਤੋ ਹਮ ਉਤਾਰ ਨਹੀਂ ਸਕਤੇ, ਕੱਪੜੋਂ ਮੇਂ ਰਹੇ, ਪਰ ਉਸ ਕਾ 'ਜਿਸਮ' ਤੋ ਹੋ ਨਾ, ਹੱਡੀਓਂ ਕਾ ਢਾਂਚਾ ਦਿਖਾਨੇ ਸੇ 'ਟੀ. ਆਰ. ਪੀ.' ਨਹੀਂ ਬੜ੍ਹੇਗੀ! ਪਹਿਲੇ ਏਕ ਸਕੈਚ ਯਾ ਏਕ ਡਰਾਫ਼ਟ ਤੋ ਬਨਾ ਕੇ ਦੇਂ ਨਾ ਆਪ।"

"ਵੋਹ ਤੋ ਆਪ ਦੇਖ ਹੀ ਲੇਂਗੀ ਮੈਮ, ਹਾਂ ਇਤਨਾ ਲੰਬਾ ਇੰਟਰਵਿਊ, ਵੋਹ ਵੀ ਪੋਰਨ ਸਟਾਰ ਕਾ। ਊਪਰ ਸੇ ਪੂਰੇ ਕੱਪੜੋਂ ਮੇਂ। ਲਿਫ਼ਾਫ਼ੇ ਮੇਂ ਤੇਲ ਡਾਲ ਕਰ ਭਿਜਵਾਏਂ, ਚਿਰਾਗ਼ੋਂ ਕੇ ਲੀਏ। ਮੈਂ ਤੋ ਕਲ ਸੇ ਬਾਹਰ ਭੀ ਨਹੀਂ ਨਿਕਲਾ।"

"ਲਲਿਤ ਨੂੰ ਭੇਜਦੀ ਹਾਂ, ਉਹੀ ਕਰੂਗਾ ਤੁਹਾਡੀ ਟਹਿਲ-ਸੇਵਾ," ਲਤਾ ਕਪੂਰ ਦੇ ਅੰਦਰੋਂ ਇਕ ਪੰਜਾਬਣ ਨਿੱਕਲ ਕੇ ਬਾਹਰ ਆ ਗਈ ਸੀ। ਜਦੋਂ ਕਦੇ ਉਹ ਬਹੁਤ ਖ਼ੁਸ਼ ਹੁੰਦੀ ਤਾਂ ਉਹ ਅਕਸਰ ਕਿਹਾ ਕਰਦੀ ਸੀ, "ਬਈ ਗਾ਼ਲ ਕੱਢਣ ਦਾ ਸੁਆਦ ਤਾਂ ਪੰਜਾਬੀ ਵਿਚ ਈ ਆਉਂਦੈ!" ਉਸ ਦੀ ਇਹ 'ਕੋਅਟੇਸ਼ਨ' ਸਾਰੀ ਫ਼ਿਲਮ ਇੰਡਸਟਰੀ ਵਿਚ ਮਸ਼ਹੂਰ ਸੀ।

ਇਸ ਤੋਂ ਮਗਰੋਂ ਦਾਨਿਸ਼ ਨੇ ਟੀਵੀ ਪਲੇਅਰ ਦੁਬਾਰਾ ਆਨ ਕੀਤਾ ਤਾਂ ਟੀਵੀ ਸਕਰੀਨ, ਚੌਬੇ ਦੇ ਗੰਜ ਨਾ਼ਲ ਚਮਕ ਉੱਠੀ। ਉਹ, ਚੰਨੀ ਹੌਂਡਾ ਨੂੰ ਕਹਿ ਰਿਹਾ ਸੀ, "ਤੁਹਾਡੇ ਬਾਰੇ ਜਦੋਂ ਵੀ ਗੱਲ ਛਿੜਦੀ ਏ ਤਾਂ ਉਹ ਇਕ ਦਮ 'ਨੈਗੇਟਿਵ' ਰੰਗਤ ਅਖ਼ਤਿਆਰ ਕਰ ਲੈਂਦੀ ਏ। ਤੁਹਾਡਾ ਕੀ ਖ਼ਿਆਲ ਏ ਕਿ ਇਸ ਤਰ੍ਹਾਂ ਦੇ ਪੁੱਠੇ-ਸਿੱਧੇ ਚਰਚੇ ਹੀ ਤੁਹਾਡੇ ਕਰੀਅਰ ਲਈ ਆਕਸੀਜਨ ਨੇ?"

"ਚੌਬੇ ਸਾਹਿਬ ਪੰਜਾਬ 'ਚ ਕਿਹਾ ਜਾਂਦਾ ਏ, 'ਮਾਂ-ਬਾਪ ਦੀਆਂ ਗਾ਼ਲਾਂ, ਔਲਾਦ ਲਈ ਘਿਉ ਦੀਆਂ ਨਾ਼ਲਾਂ!' ਲੋਕਾਂ ਵੱਲੋਂ ਮੇਰੇ ਬਾਰੇ ਕੀਤੀ ਜਾਂਦੀ ਨਿੰਦਿਆ-ਚੁਗਲੀ ਤੇ ਮੈਨੂੰ ਕੱਢੀਆਂ ਜਾਂਦੀਆਂ ਗਾ਼ਲਾਂ, ਮੇਰੇ ਕਰੀਅਰ ਲਈ ਆਕਸੀਜਨ ਨੇ, ਇਹ ਤਾਂ ਤੁਹਾਡੇ ਮੂੰਹੋਂ ਹੀ ਸੁਣਿਆ ਏ। ਇਸ ਦੀ ਸੱਚਿਆਈ ਜਾਂ ਝੁਠਿਆਈ ਬਾਰੇ ਵੀ ਤੁਸੀਂ ਹੀ ਬਿਹਤਰ ਜਾਣਦੇ ਹੋਵੋਂਗੇ।"

"ਕੀ ਅਸੀਂ ਆਉਣ ਵਾ਼ਲੇ ਸਮੇਂ ਵਿਚ ਉਸ ਚੰਨੀ ਹੌਂਡਾ ਦੀਆਂ ਫ਼ਿਲਮਾਂ ਦੇਖਾਂਗੇ, ਜਿਸ ਨੇ ਸਾੜ੍ਹੀ ਲਾਈ ਹੋਇਆ ਕਰੇਗੀ ਤੇ ਜਿਸ ਦਾ ਜਿਸਮ ਪੂਰੀ ਤਰ੍ਹਾਂ ਢਕਿਆ ਹੋਇਆ ਹੋਏਗਾ?"

"ਇਹ ਤਾਂ ਕਹਾਣੀ ਦੀ ਡਿਮਾਂਡ ਮੁਤਾਬਕ ਤੇ ਡਾਇਰੈਕਟਰ ਦੀ ਇੱਛਾ ਅਨੁਸਾਰ ਹੀ ਹੁੰਦਾ ਏ ਤੇ ਹੋਏਗਾ ਵੀ। ਚੌਬੇ ਸਾਹਿਬ, ਸਾੜ੍ਹੀ ਲਾ ਕੇ ਕਿਸੇ ਔਰਤ ਦਾ ਜਿਸਮ ਪੂਰੀ ਤਰ੍ਹਾਂ ਲੁਕ ਜਾਂਦਾ ਏ ਭ਼ਲਾ? ਕਿਸੇ ਕੰਪਨੀ ਨੇ ਲਿਬਾਸਾਂ ਦੇ ਸਬੰਧ ਵਿਚ ਇਕ ਸਰਵੇ ਕਰਾਇਆ ਸੀ, ਜਿਸ ਵਿਚ 88 ਫੀਸਦੀ ਲੋਕਾਂ ਦਾ ਖ਼ਿਆਲ ਸੀ ਕਿ ਸਾੜ੍ਹੀ ਬਹੁਤ ਹੀ 'ਸੈਕਸੀ ਕੌਸਟਿਊਮ' ਏ। ਤੁਸੀਂ ਸੱਚ-ਸੱਚ ਦੱਸਣਾ ਕਿ ਤੁਸੀਂ ਹੁਣ ਤਕ ਕਿੰਨੀਆਂ ਸਾੜ੍ਹੀਆਂ ਵਾ਼ਲੀਆਂ ਦੀਆਂ ਧੁੰਨੀਆਂ ਦੇਖ ਚੁੱਕੇ ਹੋ ਤੇ ਕਿੰਨੀਆਂ ਕਾਮਣੀਆਂ ਦੇ ਲੱਕ ਆਪਣੀਆਂ ਨਜ਼ਰਾਂ ਨਾ਼ਲ ਹੀ ਮਿਣ ਚੁੱਕੇ ਹੋ? ਸਾੜ੍ਹੀ, ਸੈਕਸ ਦੇ ਮਾਮਲੇ ਵਿਚ ਕਿੰਨੀ ਕੁ ਕਨਵੇਨੀਐਂਟ ਏ, ਇਸ ਬਾਰੇ ਕਦੇ ਫੇਰ ਦੱਸ ਦੇਣਾ ਚੌਬੇ ਜੀ!" ਚੰਨੀ ਹੌਂਡਾ ਨੇ 'ਚੌਬੇ ਜੀ' ਕਹਿੰਦਿਆਂ ਜਿਵੇਂ ਆਪਣੇ ਹੋਠਾਂ ਦਾ ਪਾਊਟ ਜਿਹਾ ਬਣਾਇਆ, ਉਹ ਤੇ ਜਿਵੇਂ ਆਪਣੀ ਆਵਾਜ਼ ਵਿਚ 'ਗੁਦਗੁਦਾਪਨ' ਅਤੇ 'ਲਚਕ' ਜਿਹੀ ਪੈਦਾ ਕੀਤੀ, ਉਹ ਅੰਦਾਜ਼, ਬਹੁਤ ਸਾਰੇ ਦਰਸ਼ਕਾਂ ਦੇ ਚੇਤਿਆਂ ਵਿਚ ਵਸ ਗਏ ਹੋਣਗੇ।

"ਕੀ ਕਿਸੇ ਫ਼ਿਲਮ ਦੀ ਸਕਰਿਪਟ, ਤੁਹਾਡੇ ਲਈ 'ਵੱਡੀ ਚੀਜ਼' ਏ ਜਾਂ ਕੁੱਝ ਹੋਰ 'ਲਾਜ਼ਮੀ' ਜਾਂ 'ਵੱਡਾ' ਹੁੰਦਾ ਏ?"



"ਇਹ ਤੁਹਾਡਾ ਆਖ਼ਰੀ ਸੁਆਲ ਹੀ ਲੱਗਦਾ ਏ, ਜਿਸ ਦਾ ਜੁਆਬ ਦਿੰਦਿਆਂ ਮੈਂ ਦੱਸ ਦੇਣਾ ਚਾਹੁੰਦੀ ਹਾਂ ਕਿ ਜੇ ਫ਼ਿਲਮਸਾਜ਼ ਸੰਜੀਦਾ ਹੈ ਤਾਂ ਉਹ, ਆਪਣੀ ਸਕਰਿਪਟ ਖ਼ਾਤਰ ਵੀ ਸੰਜੀਦਾ ਹੋਵੇਗਾ। ਇਹ ਸੁਆਲ ਕਰਦਿਆਂ ਤੁਹਾਡੇ ਵੱਲੋਂ ਕੀਤੀ ਗਈ 'ਆਖ਼ਰੀ ਸ਼ਰਾਰਤ' ਦੇ ਸਬੰਧ ਵਿਚ ਮੇਰਾ ਇਹੋ ਜੁਆਬ ਏ ਪਿਆਰੇ ਚੌਬੇ ਜੀ ਕਿ ਸਕਰਿਪਟ ਹੀ ਕਿਸੇ ਫ਼ਿਲਮ ਦਾ ਅੱਵਲ ਤੇ ਆਖ਼ਰੀ ਥੰਮ ਹੁੰਦਾ ਏ।"

"ਜੁਆਬ ਨਹੀਂ, ਤੇਰੇ ਇਸ ਜੁਆਬ ਦਾ ਚੰਨੀਏ!" ਚੰਨੀ ਹੌਂਡਾ ਦਾ ਜੁਆਬ ਸੁਣ ਕੇ, ਦਾਨਿਸ਼ ਦੇ ਮੂੰਹੋਂ ਇਹ ਬੋਲ ਕਿਰੇ। ਇਸ ਦੇ ਨਾ਼ਲ ਹੀ ਦਾਨਿਸ਼ ਨੇ ਟੀਵੀ ਪਲੇਅਰ ਬੰਦ ਕਰ ਦਿੱਤਾ, ਕਿਉਂਕਿ ਹੁਣ ਉਸ ਨੇ ਆਪਣਾ ਲੈਪਟਾਪ ਖੋਲ੍ਹ ਲਿਆ ਸੀ। ਕੁੱਝ ਦੇਰ ਮਗਰੋਂ ਦਾਨਿਸ਼ ਨੇ ਟਾਈਪ ਕਰਨਾ ਵੀ ਬੰਦ ਕਰ ਦਿੱਤਾ ਤੇ ਉਹ ਆਪਣੇ ਅਠਾਰ੍ਹਵੀਂ ਮੰਜ਼ਿਲ ਸਥਿਤ ਫਲੈਟ ਦੀ ਖਿੜਕੀ ਤੋਂ ਬਾਹਰ ਦਿਸਦੇ ਆਸਮਾਨ ਵੱਲ ਬਹੁਤ ਨੀਝ ਨਾ਼ਲ ਦੇਖਣ ਲੱਗ ਪਿਆ...।

---

ਕੈਨੇਡਾ ਦੇ ਸੂਬੇ ਅਨਟਾਰੀਓ ਦੇ ਸ਼ਹਿਰ ਸਰਨੀਆ ਵਿਚ ਭਾਰਤ ਤੋਂ ਆ ਕੇ ਵਸੇ ਹੋਏ ਹਾਂਡਾ ਪਰਿਵਾਰ ਦੇ ਘਰ ਸਾਲ 1981 ਦੇ ਮਈ ਮਹੀਨੇ ਦੀ ਤੇਰਾਂ ਤਾਰੀਖ਼ ਨੂੰ ਇਕ ਬੱਚੀ ਨੇ ਜਨਮ ਲਿਆ। ਉਹ ਇੰਨੀ ਪਿਆਰੀ ਸੀ ਕਿ ਉਸ ਦੇ ਮਾਂ-ਬਾਪ ਨੇ ਉਸ ਨੂੰ ਲਾਡ ਨਾ਼ਲ 'ਗੁੱਗੂ', 'ਗੁੱਗੋ', 'ਗੋਗੋ', 'ਗੁੱਗ' ਤੇ ਹੋਰ ਪਤਾ ਨਹੀਂ ਕੀ-ਕੀ ਕਹਿ ਕੇ ਬੁਲਾਉਣਾ ਸ਼ੁਰੂ ਕਰ ਦਿੱਤਾ। ਕਿੰਨਾ ਹੀ ਚਿਰ ਉਸ ਦਾ, ਬਾਣੀ ਵਿਚੋਂ 'ਅੱਖ਼ਰ ਕਢਾ ਕੇ ਰੱਖਿਆ' ਹੋਇਆ ਨਾਂ 'ਚਰਨਜੀਤ ਕੌਰ ਹਾਂਡਾ' ਵਿੱਸਰਿਆ ਹੀ ਰਹਿ ਗਿਆ। ਮਾਪਿਆਂ ਦੀ ਜੇਠੀ ਤੇ ਲਾਡਲੀ ਧੀ ਹੋਣ ਦੀ ਵਜ੍ਹਾ ਨਾ਼ਲ ਉਸ ਦੇ ਛੋਟੇ ਨਾਵਾਂ ਵਿਚੋਂ ਵੀ 'ਗੁੱਗੂ' ਹੀ ਰਹਿ ਗਿਆ। ਭਾਵੇਂ ਇਹ ਨਾਂ ਮੁੰਡਿਆਂ ਦੇ ਨਾਂ ਵਰਗਾ ਸੀ, ਪਰ ਚਰਨਜੀਤ ਆਪ ਅਤੇ ਉਸ ਦੇ ਮਾਪੇ ਵੀ ਉਸ ਨੂੰ ਮੁੰਡੇ ਤੋਂ ਘੱਟ ਨਾ ਸਮਝਦੇ ਹੋਣ ਕਰ ਕੇ, ਸਾਰੇ ਹੀ ਉਸ ਨੂੰ 'ਗੁੱਗੂ' ਕਹਿ ਕੇ ਬੁਲਾਉਣ ਲੱਗੇ। ਇਸ ਤਰ੍ਹਾਂ, ਉਸ ਨੂੰ ਮੁੰਡਿਆਂ ਜਿੰਨਾ ਪਿਆਰ ਦੇ ਕੇ, ਪਾਲਣ ਦਾ ਨਤੀਜਾ ਇਹ ਹੋਇਆ ਕਿ ਉਹ ਮੁੰਡਿਆਂ ਨਾ਼ਲ ਹੀ ਖੇਡਦੀ ਹੁੰਦੀ ਸੀ ਤੇ ਉਸ ਦੀਆਂ ਖੇਡਾਂ ਵੀ ਤਕਰੀਬਨ ਮੁੰਡਿਆਂ ਵਾ਼ਲੀਆਂ ਹੀ ਹੁੰਦੀਆਂ ਸਨ।

ਚਰਨਜੀਤ ਦੇ ਮਾਪੇ ਗੁਰੂ-ਘਰ ਦੇ ਪ੍ਰੇਮੀ ਹੋਣ ਦੇ ਬਾਵਜੂਦ ਉਨ੍ਹਾਂ ਨੇ ਆਪਣੀ ਧੀ ਨੂੰ ਨੇੜੇ ਹੀ ਪੈਂਦੇ ਇਕ ਕੈਥੋਲਿਕ ਸਕੂਲ ਵਿਚ ਦਾਖ਼ਲ ਕਰਾ ਦਿੱਤਾ। ਇਸ ਸਕੂਲ ਵਿਚ ਪੜ੍ਹਨ ਦੌਰਾਨ ਵੀ ਚਰਨਜੀਤ ਆਪਣੇ ਹਾਣ ਦੇ ਮੁੰਡਿਆਂ ਵਿਚ ਹੀ ਉੱਠਦੀ-ਬੈਠਦੀ ਤੇ ਖੇਲ੍ਹਦੀ-ਮੱਲਦੀ ਸੀ। ਇਕ ਦਿਨ ਸਕੂਲ ਵਿਚ ਹੀ ਉਸ ਦੇ ਨਾ਼ਲ ਪੜ੍ਹਦੇ, ਉਸ ਦੇ ਇਕ ਹਾਣੀ ਮੁੰਡੇ ਹੈਨਰੀ ਨੇ ਉਸ ਨੂੰ ਕਿਸੇ ਗੱਲੋਂ ਉਸ ਦੇ ਡੌਲ਼ਿਓਂ ਫੜ ਲਿਆ। ਚਰਨਜੀਤ ਨੇ ਜ਼ੋਰ ਲਾ ਕੇ ਉਸ ਤੋਂ ਆਪਣਾ ਡੌਲ਼ਾ ਛੁਡਾਉਣ ਦਾ ਹੀਲਾ ਕੀਤਾ ਤਾਂ ਹੈਨਰੀ ਦਾ ਹੱਥ, ਪੁੱਠੇ ਪਾਸਿਓਂ ਚਰਨਜੀਤ ਦੀ ਛਾਤੀ ਨਾ਼ਲ ਘੁੱਟਿਆ ਗਿਆ। ਕੁੱਝ ਚਿਰ ਮਗਰੋਂ ਡੌਲ਼ਾ ਛੱਡਣਾ-ਛੁਡਾਉਣਾ ਤਾਂ ਇਕ ਪਾਸੇ ਰਹਿ ਗਿਆ, ਉਨਾਂ ਨੂੰ ਪਤਾ ਹੀ ਨਾ ਲੱਗਿਆ ਕਿ ਕਦੋਂ ਉਹ ਦੋਵੇਂ ਜਣੇ ਇਕ-ਦੂਜੇ ਦੇ ਬੁੱਲ੍ਹ ਚੁੰਮਣ ਡਹੇ ਹੋਏ ਸਨ। ਉਹ ਕਿੰਨਾ ਹੀ ਚਿਰ ਇਸੇ ਹੀ ਆਹਰੇ ਲੱਗੇ ਰਹੇ। ਹੈਨਰੀ ਦਾ ਪਤਾ ਨਹੀਂ, ਚਰਨਜੀਤ ਦਾ ਇਹ ਇਸ ਤਰ੍ਹਾਂ ਦਾ ਪਹਿਲਾ ਹੀ ਅਨੁਭਵ ਸੀ। ਉਸ ਵੇ਼ਲੇ ਚਰਨਜੀਤ ਦੀ ਉਮਰ ਤਾਂ ਮਸਾਂ ਬਾਰਾਂ ਕੁ ਸਾਲਾਂ ਦੀ ਸੀ, ਪਰ ਉਸ ਦਾ ਸਰੀਰ, ਪੰਦਰ੍ਹਾਂ-ਸਤਾਰਾਂ ਸਾਲਾਂ ਦੀ ਕੁੜੀ ਦੇ ਸਰੀਰ ਜਿੰਨਾ ਭਰਿਆ ਹੋਇਆ ਜ਼ਰੂਰ ਸੀ। ਇਸ ਘਟਨਾ ਮਗਰੋਂ ਚਰਨਜੀਤ ਅੰਦਰ ਪਹਿਲਾਂ ਵਾ਼ਲਾ 'ਮੁੰਡਪੁਣਾ ਜਿਹਾ' ਨਹੀਂ ਦਿਸਿਆ ਸੀ। ਹੈਨਰੀ ਨਾ਼ਲ ਇਸ 'ਮਿਲਣੀ' ਮਗਰੋਂ ਚਰਨਜੀਤ ਨੂੰ ਆਪਣੇ ਜਿਸਮ ਅੰਦਰਲੀਆਂ ਕਈ ਗੁੱਝੀਆਂ ਕਲਾਵਾਂ ਦੀ ਸੋਝੀ ਹੁੰਦੀ ਮਹਿਸੂਸ ਹੋਣ ਲੱਗੀ।

ਉਸ ਦਾ ਬਾਪ ਹਰਪਾਲ ਸਿੰਘ ਹਾਂਡਾ ਅਤੇ ਉਸ ਦੀ ਪਤਨੀ ਕੁਲਵੰਤ ਕੌਰ ਹਾਂਡਾ, ਨਾਂ ਦੇ ਹੀ ਪੰਜਾਬੀ ਸਨ, ਕਿਉਂ ਕਿ ਉਨ੍ਹਾਂ ਦਾ ਪਾਲਣ-ਪੋਸ਼ਣ ਪੰਜਾਬੋਂ ਬਾਹਰ ਹੀ ਹੋਇਆ ਸੀ। ਹਰਪਾਲ ਸਿੰਘ ਦਾ ਤਾਂ ਜਨਮ ਵੀ ਤਿੱਬਤ ਵਿਚ ਕਿਸੇ ਥਾਂ ਹੋਇਆ ਸੀ ਤੇ ਉਸ ਦਾ ਪਾਲਣ-ਪੋਸ਼ਣ ਦਿੱਲੀ ਵਿਚ ਹੋਇਆ ਸੀ। ਕੁਲਵੰਤ ਕੌਰ, ਹਿਮਾਚਲ ਪ੍ਰਦੇਸ਼ ਵਿਚ ਨਾਹਨ ਦੀ ਜੰਮ-ਪਲ ਸੀ। ਇਸ ਕਰ ਕੇ ਉਨ੍ਹਾਂ ਅੰਦਰ ਅਸਲੀ ਪੰਜਾਬੀਆਂ ਵਿਚ ਦਿਸਣ ਵਾ਼ਲਾ 'ਅਸਲੀ ਕਣ' ਹੈ ਨਹੀਂ ਸੀ। ਉਨ੍ਹਾਂ ਦੀ ਧੀ ਮੁਟਿਆਰ ਹੋ ਰਹੀ ਸੀ, ਪਰ ਉਹ ਆਪਣੇ ਬੈੱਡਰੂਮ ਵਿਚ ਹਾਲੇ ਵੀ ਉਸ ਤਰ੍ਹਾਂ ਹੀ ਸੌਂਦੇ ਹੁੰਦੇ ਸਨ, ਜਿਸ ਤਰ੍ਹਾਂ ਉਹ ਸੱਜ-ਮੁਕਲਾਏ ਹੀ ਹੋਣ। ਉਨ੍ਹਾਂ ਦੇ ਇਸ ਵਤੀਰੇ ਦੇ ਨਤੀਜੇ ਵਜੋਂ 'ਗੁੱਗੂ' (ਚਰਨਜੀਤ) ਦੇ ਜਨਮ ਤੋਂ ਦੋ ਕੁ ਸਾਲ ਮਗਰੋਂ, ਉਨ੍ਹਾਂ ਦੇ ਘਰ ਇਕ ਮੁੰਡੇ ਨੇ ਜਨਮ ਲਿਆ, ਜਿਸ ਦਾ ਨਾਂ ਉਨ੍ਹਾਂ ਨੇ 'ਸਬਰ ਸੰਤੋਖ ਸਿੰਘ' ਰੱਖਿਆ ਸੀ, ਪਰ 'ਸਬਰ ਸੰਤੋਖ' ਜਨਮ ਦੇ ਰਜਿਸਟਰ ਵਿਚ ਹੀ ਰਹਿ ਗਿਆ ਤੇ ਸਭ ਨੇ ਉਸ ਨੂੰ 'ਸੰਨੀ' ਕਹਿਣਾ ਸ਼ੁਰੂ ਕਰ ਦਿੱਤਾ।

ਗੁੱਗੂ ਦਾ ਕੱਦ-ਕਾਠ ਆਪਣੇ ਬਾਪ ਦੇ ਕੱਦ-ਕਾਠ ਵਾਂਗ ਲੰਬਾ ਸੀ ਤੇ ਹੁਸਨ ਉਸ ਨੇ ਪਹਾੜੀ ਹੁਸੀਨਾ ਯਾਨੀ ਆਪਣੀ ਮਾਂ ਕੁਲਵੰਤ ਕੌਰ ਤੋਂ ਹਾਸਲ ਕੀਤਾ ਸੀ। ਉਸ ਦੇ ਹੁਸਨ ਦੀ ਵਜ੍ਹਾ ਨਾ਼ਲ ਹੀ, ਉਹ ਛੇਤੀ ਹੀ 'ਚਰਨਜੀਤ' ਤੋਂ 'ਚੰਨੀ' ਬਣ ਗਈ। ਫਿਰ ਇਸ ਤੋਂ ਹੀ ਉਸ ਨੂੰ 'ਚੰਨੀ ਹੌਂਡਾ' ਬਣਾ ਲੈਣ ਦਾ ਰਾਹ ਪੱਧਰਾ ਹੋ ਗਿਆ। ਹਰਪਾਲ ਸਿੰਘ ਹਾਂਡਾ ਤੇ ਕੁਲਵੰਤ ਕੌਰ ਆਪਣਾ ਵਿਆਹ ਹੋਣ ਸਾਰ ਹੀ ਕੈਨੇਡਾ ਚਲੇ ਗਏ ਸਨ। ਉਹ ਅਜੇ ਆਪਣਾ ਹਨੀਮੂਨ ਹੀ ਮਨਾ ਰਹੇ ਸਨ ਕਿ ਉਨ੍ਹਾਂ ਦੇ ਘਰ ਚੰਨੀ ਦਾ ਜਨਮ ਹੋ ਗਿਆ। ਕੈਨੇਡਾ ਦੇ ਰਿਵਾਜ ਅਨੁਸਾਰ ਉਹ, ਚੰਨੀ ਨੂੰ ਵੱਖਰੇ ਕਮਰੇ ਵਿਚ ਪਾ ਕੇ ਫਿਰ ਆਪਣੇ ਕਮਰੇ ਵਿਚ ਆਪਣੇ ਹਨੀਮੂਨ ਦੀ ਅਗਲੀ ਕਿਸ਼ਤ ਮਨਾਉਣ ਲੱਗ ਜਾਂਦੇ। ਉਹ ਦੋਵੇਂ ਜਣੇ ਜਦੋਂ ਆਪਣੇ ਬੈੱਡਰੂਮ ਵਿਚ ਚਲੇ ਜਾਂਦੇ ਤਾਂ ਉਨ੍ਹਾਂ ਨੂੰ ਇਸ ਗੱਲ ਦਾ ਖ਼ਿਆਲ ਕਦੇ ਵੀ ਨਾ ਆਉਂਦਾ ਕਿ ਉਹ ਇਕ ਅਜਿਹੀ ਧੀ ਦੇ ਮਾਪੇ ਹਨ, ਜਿਸ ਨੂੰ ਹੁਣ ਉਨ੍ਹਾਂ ਦੀਆਂ 'ਬੈੱਡਰੂਮ ਅੰਦਰਲੀਆਂ ਸਾਰੀਆਂ ਗੱਲਾਂ ਸਮਝ ਆਉਣ ਲੱਗ ਪਈਆਂ' ਹਨ।

ਚੰਨੀ ਤੋਂ ਦੋ ਸਾਲ ਛੋਟੇ 'ਸਬਰ ਸੰਤੋਖ ਸਿੰਘ' ਨੂੰ ਵੀ ਚੰਨੀ ਦੇ ਕਮਰੇ ਵਿਚ ਉਸ ਦੇ ਨੇੜੇ ਹੀ ਸੁਲਾਇਆ ਜਾਣ ਲੱਗਿਆ।

ਚੰਨੀ ਕਿਹੜਾ ਬੈੱਡ ਉੱਤੇ ਪੈਂਦਿਆਂ ਹੀ ਸੌਂ ਜਾਂਦੀ ਸੀ। ਉਹ ਕਿੰਨਾ ਹੀ ਚਿਰ ਹੈਨਰੀ ਵੱਲੋਂ ਉਸ ਦਾ ਕਲਾਵਾ ਭਰ ਕੇ, ਉਸ ਦੇ ਬੁੱਲ੍ਹ ਚੁੰਮਣ ਬਾਰੇ ਹੀ ਸੋਚਦੀ ਰਹਿੰਦੀ। ਉਸ ਨੂੰ ਉਸ ਜੱਫ਼ੀ ਅਤੇ ਚੁੰਮੀ ਨਾ਼ਲ, ਉਸ ਦੇ ਪਿੰਡੇ ਵਿਚ ਛਿੜੀਆਂ ਉਹ ਵਿਸਮਾਦੀ ਝਰਨਾਹਟਾਂ ਹਮੇਸ਼ਾ ਯਾਦ ਰਹਿੰਦੀਆਂ ਜਾਂ ਉਹ ਆਪ ਹੀ ਉਨ੍ਹਾਂ ਨੂੰ ਕਦੇ ਵੀ ਨਾ ਵਿਸਾਰਦੀ।


ਇਸ ਦੌਰਾਨ ਹੀ ਹਰਪਾਲ ਸਿੰਘ ਨੂੰ ਆਪਣੀ ਬੀਵੀ ਨਾ਼ਲ 'ਗਲਾਸ ਖ਼ੜਕਾਉਣ' ਦੀ ਆਦਤ ਪੈ ਗਈ। ਕੁਲਵੰਤ ਕੌਰ ਦੀ ਇਹ ਆਦਤ ਉਸ ਨੂੰ 'ਕਲੋਜ਼ੈੱਟ ਡਰਿੰਕਰ' ਯਾਨੀ 'ਬੂਹਿਆਂ ਓਹਲੇ ਖੜ੍ਹ-ਖੜ੍ਹ ਪੀਣ ਵਾ਼ਲੀ' ਬਣਾਉਣ ਵਿਚ ਕਾਮਯਾਬ ਹੋ ਗਈ। ਉਹ, ਹਰਪਾਲ ਸਿੰਘ ਵੱਲੋਂ ਕੰਮ 'ਤੇ ਅਤੇ ਚੰਨੀ ਅਤੇ ਸੰਨੀ ਵੱਲੋਂ ਆਪਣੇ-ਆਪਣੇ ਸਕੂਲ ਚਲੇ ਜਾਣ ਮਗਰੋਂ ਦਿਨੇ ਹੀ ਦੋ ਮੋਟੇ ਜਿਹੇ ਪੈੱਗ ਲਾ ਕੇ ਸੌਂ ਜਾਂਦੀ। ਹਰਪਾਲ ਸਿੰਘ ਦੇ ਮੁੜਨ ਤੋਂ ਪਹਿਲਾਂ-ਪਹਿਲਾਂ ਉਹ, ਨ੍ਹਾ-ਧੋ ਕੇ ਤੇ ਕੱਪੜੇ ਬਦਲ ਕੇ, ਰਾਤ ਦਾ ਖ਼ਾਣਾ ਬਣਾਉਂਦਿਆਂ ਵੀ ਇਕ ਪੈੱਗ ਪਾ ਕੇ ਰਸੋਈ ਦੀ ਸ਼ੈਲਫ਼ ਉੱਤੇ ਰੱਖ ਕੇ, ਉਸ ਵਿਚੋਂ ਛੋਟੇ-ਛੋਟੇ ਘੁੱਟ ਭਰਦੀ ਰਹਿੰਦੀ। ਹਰਪਾਲ ਸਿੰਘ ਵੱਲੋਂ ਕੰਮ ਤੋਂ ਆ ਕੇ ਬੂਹੇ ਦੀ ਬੈੱਲ ਵਜਾਉਣ 'ਤੇ ਕੁਲਵੰਤ ਕੌਰ ਬੂਹਾ ਖੋਲ੍ਹਣ ਲੱਗੀ, ਇਸ ਹਿਸਾਬ ਨਾ਼ਲ ਖੜ੍ਹਦੀ ਕਿ ਹਰਪਾਲ ਸਿੰਘ ਨੂੰ, ਉਸ ਦੇ ਮੂੰਹ ਵਿਚੋਂ ਵਿਸਕੀ ਦੀ ਗੰਧ ਨਾ ਆ ਸਕੇ। ਜੇ ਕਦੇ ਕਿਸੇ ਦਿਨ, ਮਾੜੀ-ਮੋਟੀ ਗੰਧ ਉਸ ਨੂੰ ਆ ਵੀ ਜਾਂਦੀ ਤਾਂ ਉਹ, "ਬੋਤਲ ਧੋਂਦੀ ਦੇ ਕੱਪੜਿਆਂ ਉੱਤੇ ਛਿੱਟੇ ਪੈ ਗਏ" ਵਰਗਾ ਕੋਈ ਬਹਾਨਾ ਲਾ ਦਿੰਦੀ। ਕਦੇ-ਕਦੇ ਹਰਪਾਲ ਸਿੰਘ ਨੂੰ ਇਹ ਵੀ ਲੱਗਦਾ ਕਿ ਉਹ ਕੰਮ ਤੋਂ ਹਟ ਕੇ ਜਿਹੜੀ ਬੀਅਰ ਪੀ ਕੇ ਆਇਆ ਏ, ਉਸੇ ਦਾ ਡਕਾਰ ਆਉਣ ਨਾ਼ਲ ਹੀ ਇਹ ਗੰਧ ਆਈ ਹੈ। ਕਿਸੇ-ਕਿਸੇ ਦਿਨ, ਜਦੋਂ ਉਹ ਵੀ ਕਿਤੇ ਪੈੱਗ-ਸ਼ੈੱਗ ਲਾ ਕੇ ਆਉਂਦਾ ਤਾਂ ਆਪਣਾ ਮੂੰਹ ਕੁਲਵੰਤ ਕੌਰ ਦੇ ਰਾਡਾਰ ਦੇ ਗੇੜ ਵਿਚ ਆਉਣੋਂ ਬਚਾਉਂਦਾ ਰਹਿੰਦਾ। ਇਸ ਤਰ੍ਹਾਂ ਕਰਦਿਆਂ-ਕਰਾਉਂਦਿਆਂ ਉਨ੍ਹਾਂ ਦੋਹਾਂ ਨੂੰ ਪਤਾ ਨਾ ਲੱਗਿਆ ਕਿ ਕਦੋਂ ਕੁਲਵੰਤ ਕੌਰ ਤਗੜੀ ਪਿਅੱਕੜ ਯਾਨੀ 'ਅਲਕੋਹਲਿਕ' ਹੋ ਗਈ ਸੀ।

ਚੰਨੀ ਹੌਂਡਾ ਤੇਰਾਂ ਸਾਲਾਂ ਦੀ ਸੀ ਕਿ ਉਸ ਦਾ ਪਰਿਵਾਰ ਕੈਨੇਡਾ ਤੋਂ ਅਮਰੀਕਾ ਵਿਚ 'ਮੂਵ' ਕਰ ਕੇ ਮਿਸ਼ੀਗਨ ਦੇ ਫੋਰਟ ਗਰੇਟੀਅਟ ਇਲਾਕੇ ਵਿਚ ਵਸਣ ਲੱਗ ਪਿਆ। ਉੱਥੋਂ ਛੇਤੀ ਹੀ ਉਹ, ਕੈਲੇਫੋਰਨੀਆ ਵਿਚ ਲੇਕ ਫਾਰੈਸਟ ਚਲੇ ਗਏ। ਇਸ ਅਦਲਾ-ਬਦਲੀ ਮਗਰੋਂ ਉਸ ਦੇ ਮਾਪਿਆਂ ਦਾ ਧਿਆਨ, ਨਵੇਂ ਥਾਂ ਆਪਣੀਆਂ ਪਰਿਵਾਰਕ ਲੋੜਾਂ ਪੂਰੀਆਂ ਕਰਨ ਵਿਚ ਹੀ ਲੱਗਿਆ ਰਿਹਾ ਤੇ ਉਹ, ਜੁਆਨੀ ਦੀਆਂ ਦਹਿਲੀਜ਼ਾਂ ਵੱਲ ਵਧ ਰਹੇ ਆਪਣੇ ਬੱਚਿਆਂ ਵੱਲ ਬਣਦਾ ਧਿਆਨ ਨਾ ਦੇ ਸਕੇ। ਹੈਨਰੀ ਨਾ਼ਲ ਚੁੰਮਣ ਵਟਾਉਣ ਦਾ ਆਨੰਦ ਮਾਣ ਚੁੱਕੀ ਚੰਨੀ, ਸੋਲਾਂ ਸਾਲਾਂ ਦੀ ਉਮਰ ਤਕ ਪਹੁੰਚਦਿਆਂ ਹੀ ਆਪਣਾ ਕੁਆਰਾਪਨ ਗੁਆ ਚੁੱਕੀ ਸੀ ਤੇ ਅਠਾਰਾਂ ਸਾਲਾਂ ਦੀ ਉਮਰ ਤਕ, ਉਸ ਨੇ 'ਗ਼ੈਰ-ਕੁਦਰਤੀ ਸੰਭੋਗ' ਦਾ ਆਨੰਦ ਵੀ ਮਾਣ ਲਿਆ ਸੀ।

**⇒ ਬਾਕੀ ਅਗਲੇ ਅੰਕ ਵਿੱਚ**

# ਪਿੰਡਾਂ ਦੇ ਪੈਰ ਬੱਝਣ ਅਤੇ ਸਥਾਨਅੰਤਰ ਦੀ ਗਾਥਾ

ਪਿੰਡ ਵਸਿਆ (21)



ਵਿਜੈ ਬੰਬੇਲੀ
ਫੋਨ: +91-9463439075

***ਪਾਠਕਾਂ ਦੀ ਜਾਣਕਾਰੀ ਲਈ ਅਸੀਂ ਕਾਲਮ 'ਪਿੰਡ ਵਸਿਆ' ਸ਼ੁਰੂ ਕੀਤਾ ਹੈ, ਜਿਸ ਵਿੱਚ ਸਿਰਫ ਪਿੰਡ ਵੱਸਣ ਦੀ ਹੀ ਬਾਤ ਪਾਈ ਹੁੰਦੀ ਹੈ। ਪਿੰਡ ਦਾ ਇਤਿਹਾਸ ਲਿਖਣ ਦੀ ਵੱਡੀ ਕਠਿਨਾਈ ਇਹ ਹੈ ਕਿ ਇਹ ਕਿਸੇ ਵੀ ਰੂਪ 'ਚ ਲਿਖਤੀ ਨਹੀਂ ਮਿਲਦਾ। ਕਿਸੇ-ਕਿਸੇ ਪਿੰਡ ਦੇ ਵੱਸਣ-ਰਸਣ ਦੀ, ਉਹ ਵੀ ਨਾ-ਮਾਤਰ, ਗਜ਼ਟੀਅਰ 'ਜ਼, ਮਾਲ ਰਿਕਾਰਡ ਜਾਂ ਕਿਸੇ ਦਸਤਾਵੇਜ਼ ਵਿੱਚ ਸਤਹੀ ਜਿਹਾ ਵਰਨਣ ਜਾਂ ਕਨਸੋਅ ਮਿਲਦੀ ਸੀ/ਹੈ, ਜਿਹੜਾ ਸਥਾਨਕ ਇਤਿਹਾਸ ਦੀ ਮਹੱਤਤਾ ਨਾ ਬੁੱਝਣ ਕਾਰਨ ਸਾਂਭਿਆ ਨਹੀਂ ਗਿਆ। ਪੇਸ਼ ਹੈ, ਪਿੰਡਾਂ ਦੇ ਪੈਰ ਬੱਝਣ ਅਤੇ ਸਥਾਨਅੰਤਰ ਦਾ ਸੰਖੇਪ ਜ਼ਿਕਰ...***



ਪੰਜਾਬ ਦੀ ਜ਼ਰਖੇਜ਼ ਤਾਸੀਰ, ਸੁਖਦ ਜਲਵਾਯੂ ਅਤੇ ਇਸ ਦੀ ਖ਼ੁਸ਼ਹਾਲੀ ਤੇ ਬੌਧਿਕ ਅਮੀਰੀ ਨੇ ਬਾਹਰਲੀਆਂ ਕੌਮਾਂ ਅਤੇ ਜਾਤ-ਧਰਮ ਸਮੂਹਾਂ ਨੂੰ, ਸਦਾ ਹੀ ਆਪਣੇ ਵੱਲ ਆਕਰਸ਼ਿਤ ਕੀਤਾ। ਧਾੜਵੀਆਂ ਨੇ ਕਈ ਪਿੰਡਾਂ ਨੂੰ ਉਜਾੜਿਆ ਅਤੇ ਕੁੱਝ ਇੱਕ ਨੂੰ ਵਸਾਇਆ। ਬਾਬਾ ਬੰਦਾ ਸਿੰਘ ਬਹਾਦੁਰ ਸਮੇਂ ਪਿੰਡਾਂ ਦੀ ਮੁੜ ਸਥਾਪਤੀ ਦੀ ਆਸ ਬੱਝੀ ਅਤੇ ਕਿਰਤੀਆਂ-ਸ਼ਿਲਪੀਆਂ, ਵਿਸ਼ੇਸ਼ ਕਰਕੇ ਕਿਸਾਨੀ ਦੀ ਬਾਂਹ ਫੜੀ ਗਈ। ਉਸਦੇ ਪੈਰ ਪੰਚਾਇਤੀ ਅਤੇ ਕਿਰਤੀਆਂ ਦੇ ਰਾਜ ਵੱਲ ਹੀ ਵੱਧ ਰਹੇ ਸਨ, ਉਸ ਸਫਲ ਵੀ ਹੋ ਜਾਣਾ ਸੀ, ਜੇ 'ਆਪਣੇ' ਧੋਖਾ ਨਾ ਦਿੰਦੇ। ਸਿੱਖ ਮਿਸਲਾਂ ਵੇਲੇ ਵੀ ਪਤਾ ਨਹੀਂ ਸੀ ਲੱਗਦਾ ਕਿ ਕਿਹੜੇ ਵੇਲੇ ਕਿਸ ਪਿੰਡ ਨੇ ਕਿਸਦੀ ਅਧੀਨਗੀ ਜਾਂ ਮੁਕੰਮਲ ਕਬਜ਼ੇ ਹੇਠ ਆ ਜਾਣਾ ਸੀ। ਇਸ ਆਪੋ-ਧਾਪੀ ਦੇ ਮਾਹੌਲ ਸਮੇਂ ਕਈਆਂ ਨੂੰ ਉਜੜਨਾ ਜਾਂ ਦੂਸਰੇ ਥਾਂ ਵਸਣਾ ਪਿਆ।

ਕਿਹਾ ਜਾ ਸਕਦਾ ਹੈ ਕਿ ਸਹੀ ਮਾਇਨਿਆਂ ਵਿੱਚ ਪਿੰਡਾਂ ਦੇ ਪੈਰ ਮਹਾਰਾਜਾ ਰਣਜੀਤ ਸਿੰਘ ਰਾਜ ਸਮੇਂ ਹੀ ਲੱਗੇ ਅਤੇ ਪਿੰਡਾਂ ਦੀ ਤਰੱਕੀ ਦਾ ਪਿੜ ਬੱਝਣਾ ਸ਼ੁਰੂ ਹੋ ਗਿਆ, ਜਿਸਦਾ ਮੂਲ ਧੁਰਾ ਖੇਤੀ ਅਤੇ ਪਸ਼ੂ ਧਨ ਤੇ ਖੇਤੀ ਆਧਾਰਿਤ ਲਘੂ/ਘਰੇਲੂ ਸਨਅਤ ਸੀ; ਪਰ ਉਸ ਸਮੇਂ ਵੀ ਪਿੰਡਾਂ ਦੀ ਵਸੇਬ ਬੇ-ਯਕੀਨੀ ਦੀ ਹੋਣੀ ਹੰਢਾਅ ਰਹੀ ਸੀ। ਕਾਰਨ ਇਹ ਸੀ ਕਿ ਪਤਾ ਨਹੀਂ ਸੀ ਹੁੰਦਾ ਕਿ 'ਬਾਦਸ਼ਾਹ' ਨੇ ਕਿਹੜੇ ਵੇਲੇ 'ਖੁਸ਼' ਹੋ ਕੇ ਕਿਸੇ 'ਅਹਿਲਕਾਰ' ਜਾਂ ਜੰਗੀ ਯੋਧੇ ਨੂੰ ਉਹ ਪਿੰਡ, ਉਸਦੇ ਖਰਚਿਆਂ ਜਾਂ ਤਨਖਾਹ-ਭੱਤੇ ਦੇ ਇਵਜ਼ ਵਿੱਚ ਜਗੀਰ ਵਜੋਂ ਦੇ ਦੇਣਾ ਸੀ, ਜਿਸ ਕਾਰਨ ਸਬੰਧਿਤ ਪਿੰਡ ਨਵਿਆਂ ਦੀ 'ਮਰਜ਼ੀ' ਦਾ ਸ਼ਿਕਾਰ ਹੁੰਦਾ। ਦਰ-ਹਕੀਕਤ; ਪੰਜਾਬ ਦੇ ਬਹੁਤ-ਬਧੇਰੇ ਪਿੰਡਾਂ ਦੇ ਇੱਕੋ ਜਗ੍ਹਾ ਪੱਕੇ ਤੌਰ 'ਤੇ ਸਥਾਪਿਤ ਹੋਣ ਦੀ ਤਕਦੀਰ ਬ੍ਰਿਟਿਸ਼ ਸਾਮਰਾਜ ਦੇ ਜ਼ਮੀਨੀ-ਬੰਦੋਬਸਤ ਕਾਨੂੰਨਾਂ, ਜਿਹੜੇ ਸੰਨ 1846 ਤੋਂ 1889 ਦਰਮਿਆਨ ਹੋਏ, ਵੇਲੇ ਹੀ ਸਿਰਜ ਹੋਈ। ਜ਼ਮੀਨੀ ਬੰਦੋਬਸਤਾਂ ਜਾਂ ਜ਼ਮੀਨ ਦੇ ਪੱਕੇ ਮਾਲਕ ਨਿਰਧਾਰਤ ਕਰਨ ਹਿੱਤ ਅੰਗਰੇਜ਼ਾਂ ਦੀ ਮਨਸ਼ਾ ਕੋਈ ਵੀ ਕਿਉਂ ਨਾ ਹੋਵੇ, ਬਹੁਤੇ ਪਿੰਡਾਂ ਦੇ ਮੁਕੰਮਲ ਪੈਰ ਉਦੋਂ ਹੀ ਲੱਗੇ। ਇਹੀ ਕਾਰਨ ਹੈ ਕਿ ਬਹੁਤੇ ਪੰਜਾਬੀ ਪਿੰਡਾਂ ਦੀ ਅਸਲ ਉਮਰ ਮਹਿਜ਼ ਦੋ ਕੁ ਸਦੀਆਂ ਹੀ ਹੈ।

ਪੰਜਾਬ ਭਾਰਤ ਦੀ ਆਖਰੀ ਬਾਦਸ਼ਾਹੀ ਸੀ, ਜਿਹੜਾ 1849 ਨੂੰ ਚਲਿੱਤਰੀ ਢੰਗਾਂ ਨਾਲ 'ਆਪਣਿਆਂ' ਦੀ ਗ਼ਦਾਰੀ ਤਹਿਤ, ਬਰਤਾਨਵੀ ਰਾਜ ਵਿੱਚ ਸ਼ਾਮਿਲ ਕੀਤਾ ਗਿਆ। ਬਰਤਾਨਵੀ ਸਾਮਰਾਜ ਦੇ ਇਸ ਕਦਮ ਨੂੰ ਪੰਜਾਬੀਆਂ ਨੇ ਵੰਗਾਰ ਵਜੋਂ ਲਿਆ ਅਤੇ ਉਹ ਅਣਸਾਵੇਂ ਹਾਲਾਤ ਵਿੱਚ ਵੀ ਲਗਾਤਾਰ ਕਈ ਰੂਪਾਂ 'ਚ ਅਤੇ ਵੱਖ-ਵੱਖ ਤਨਜ਼ੀਮਾਂ ਤਹਿਤ, ਆਜ਼ਾਦੀ ਅਤੇ ਕਿਸਾਨੀ ਲਈ ਜੂਝੇ। ਪੰਜਾਬ ਦੀ ਪਰੰਪਰਾਗਤ ਆਰਥਿਕਤਾ, ਜਿਸਦਾ ਮੁੱਢਲਾ ਆਧਾਰ 'ਪਿੰਡ ਦੀ ਸਵੈ-ਨਿਰਭਰਤਾ' ਅਤੇ ਖੇਤੀ-ਸੱਭਿਆਚਾਰ ਸੀ, ਦੀ ਬਾਂਹ ਬਰਤਾਨਵੀ ਨੀਤੀਆਂ ਨੇ ਬੁਰੀ ਤਰ੍ਹਾਂ ਮਰੋੜੀ, ਜਿਸ ਕਾਰਨ 'ਪੇਂਡੂ ਆਰਥਿਕਤਾ, ਸਵੈ-ਨਿਰਭਰਤਾ ਅਤੇ ਪੇਂਡੂ ਰਹਿਤਲ' ਬੁਰੀ ਤਰ੍ਹਾਂ ਝੰਬੀ ਗਈ। ਇਹੀ ਕਾਰਨ ਸੀ ਕਿ ਜ਼ਿਆਦਾ ਸੂਹਾ ਹਿੱਸਾ ਪਾਉਣ ਵਾਲੇ ਦੇਸ਼ ਭਗਤਾਂ ਜਾਂ ਸੰਗਰਾਮੀ ਜਥੇਬੰਦੀਆਂ ਦਾ ਪਿਛੋਕੜ ਅਤੇ ਭਾਰੂ ਧਰਾਤਲ ਪਿੰਡ ਬਣੇ।

1947 'ਚ ਅਸੀਂ ਆਜ਼ਾਦ ਤਾਂ ਹੋਏ, ਪਰ ਬਰਤਾਨਵੀ ਸਾਮਰਾਜੀਆਂ ਅਤੇ ਫਿਰਕੂਆਂ ਦੀਆਂ ਨੀਤੀਆਂ-ਬਦਨੀਤੀਆਂ ਅਤੇ ਰਾਜ ਕਰਨ ਦੀ ਹਿਰਸ ਵਾਲਿਆਂ ਕਾਰਨ ਮੁਲਕ, ਦਰ-ਹਕੀਕਤ ਬੰਗਾਲ ਅਤੇ ਪੰਜਾਬ, ਲੀਰੋ-ਲੀਰ ਹੋ ਗਿਆ। ਬੰਗਾਲੀ ਅਤੇ ਪੰਜਾਬੀ ਕੌਮ 'ਧਰਮ' ਦੇ ਨਾਂ ਉੱਤੇ ਵੰਡੀ ਗਈ, ਦਸ ਲੱਖ ਦੇ ਕਰੀਬ ਪੰਜਾਬੀ ਮਾਰੇ ਗਏ ਅਤੇ ਦਹਾਕਿਆਂ ਬੱਧੀ, ਦੋਵੇਂ ਪੰਜਾਬ ਤਾਬੇ ਨਾ ਆਏ। ਪਾਕਿਸਤਾਨ ਹਿੱਸੇ 68% (ਬਹੁਤੀ ਨਹਿਰੀ ਅਤੇ ਖੇਤੀ ਵਜੋਂ ਸਵੱਲੀ) ਤੇ ਸਾਨੂੰ ਕਰੀਬ 32% ਖੇਤਰ, ਬਹੁਤੇ ਪਿੰਡ, ਮਿਲਿਆ। ਦਰਿਆ ਸਾਡੀ ਸਾਹ-ਰਗ ਸਨ। ਪੰਜਾਬ, ਜਿਹੜਾ ਕਦੇ ਸਪਤ-ਸਿੰਧੂ/ਪੰਜ-ਆਬ ਅਖਵਾਉਂਦਾ ਸੀ, ਪਰ ਸਾਡੇ ਹਿੱਸੇ ਸਿਰਫ ਢਾਈ ਆਏ। ਮਗਰੋਂ ਸਾਡੇ ਪੰਜਾਬ ਨੂੰ ਦੋ ਹੋਰ ਦੁਖਾਂਤ ਸਹਿਣੇ ਪਏ। ਅਰਥਾਤ ਬਿਨਾ ਵਾਜਬ-ਵਜ੍ਹਾ, ਸਤਾ ਦੀ ਲਾਲਸਾ ਤਹਿਤ, ਪੰਜਾਬ ਦੇ ਤਿੰਨ ਟੋਟੇ ਕਰ ਦਿੱਤੇ ਗਏ: ਪਹਿਲਾਂ 1947 ਵਿੱਚ, ਦੂਜੀ ਦਫਾ 1956 ਵਿੱਚ ਅਤੇ ਤੀਜੀ ਵਾਰ 1966 ਵਿੱਚ। ਹੁਣ ਸਾਡੇ ਕੋਲ ਪੰਜਾਬੀ ਕੌਮ ਦੇ ਪ੍ਰਾਚੀਨ ਖਿੱਤੇ ਦਾ ਨਿਗੂਣਾ ਹਿੱਸਾ, 12581 ਪਿੰਡ ਅਤੇ ਕੁੱਝ ਬਰਸਾਤੀ, ਪਰ ਗੰਦੇ, ਜਲ-ਵਹਿਣ ਅਤੇ ਦੋ-ਤਿੰਨ ਵੱਡੇ ਸੀਵਰ ਹਨ। ਲੋਕਾਂ ਨੂੰ ਭਰਮਾਉਣ ਹਿੱਤ ਹਾਕਮ ਇਨ੍ਹਾਂ ਨੂੰ 'ਦਰਿਆ' ਕਹਿ ਸਕਦੇ ਹਨ। ਨਾ ਸੰਭਲੇ ਤਾਂ, ਹੁਣ ਪਿੰਡ ਖੇਤੀ ਅਤੇ ਜਲ ਸੰਕਟ ਕਾਰਨ ਉਜੜਨਗੇ।

ਪੁਰਾਣੇ ਵੇਲੀਂ ਜਿਸ ਪਿੰਡ ਵਿੱਚ ਜਿੰਨੇ ਵੱਧ ਜਾਤ-ਸਮੂਹ ਹੁੰਦੇ, ਉਸ ਪਿੰਡ ਨੂੰ ਉਨਾ ਹੀ ਧੜਵੈਲ ਗਰਾਂ ਮੰਨਿਆ ਜਾਂਦਾ ਸੀ; ਅਜਿਹੇ ਵੱਡੇ ਪਿੰਡ ਜਾਂ ਸੜਕਾਂ ਖਾਸ ਕਰਕੇ ਮੁੱਖ ਸੜਕਾਂ 'ਤੇ ਆਏ ਪਿੰਡ ਅੱਜ ਦੇ ਛੋਟੇ-ਵੱਡੇ ਸ਼ਹਿਰ ਹਨ। ਇੱਕ ਭਖਵੀਂ ਉਦਾਹਰਣ ਪਿੰਡ ਮਾਹਿਲਪੁਰ (ਹੁਸ਼ਿਆਰਪੁਰ) ਦੀ ਦਿੱਤੀ ਜਾ ਸਕਦੀ ਹੈ। ਅੰਤ-ਕੱਲ੍ਹ ਪਰਵਾਸ ਅਤੇ ਅਰਧ-ਸ਼ਹਿਰੀ ਦੀ ਰਲਗੱਡ ਹੋਣੀ ਹੰਢਾਅ ਰਹੇ ਵੱਡ ਅਕਾਰੀ ਇਸ ਪਿੰਡ ਦੀ ਪੁਰਾਣੀ ਜੀਵਨ-ਜਾਚ ਤੇਜ਼ੀ ਨਾਲ ਤਹਿਸ-ਨਹਿਸ਼ ਹੋ ਗਈ। ਹੁਣ ਇਹ ਪਿੰਡ ਤੋਂ ਕਸਬਾ ਬਣ ਗਿਆ ਹੈ, ਕੱਲ-ਕਲੋਤਰ ਨੂੰ ਮੁਕੰਮਲ ਸ਼ਹਿਰ ਬਣ ਜਾਵੇਗਾ ਅਤੇ ਇਸਦੀਆਂ ਪੂਰਬ-ਗਾਥਾਵਾਂ ਅਤੇ ਪੁਰਾਣੀਆਂ ਪੇਂਡੂ ਪਰੰਪਰਾਵਾਂ ਇਤਿਹਾਸ ਵਿੱਚ ਦਫਨ ਹੋ ਜਾਣਗੀਆਂ। ਇਹ ਕਥਾ ਪੰਜਾਬ, ਜਿਹੜਾ ਪਿੰਡਾਂ ਦਾ ਸਮੂਹ ਹੈ, ਦੀ ਭਾਵੁਕ ਹੋਣੀ ਦੀ ਲਖਾਇਕ ਹੈ। ਦਰ-ਹਕੀਕਤ, ਸਾਡੇ ਪਿੰਡ ਸ਼ਹਿਰੀ ਆਦਤਾਂ ਵਿਆਜਣ ਜਾਂ ਪਰਾਈਆਂ ਧਰਤੀਆਂ ਨੂੰ ਤੁਰ ਪਏ ਹਨ।

---

ਮੁੱਦੇ

# ਪੰਜਾਬ 'ਚ ਡੇਰਿਆਂ ਦਾ ਪਸਾਰਾ



ਤਰਲੋਚਨ ਸਿੰਘ ਭੱਟੀ
ਸਾਬਕਾ ਪੀ.ਸੀ.ਐਸ. ਅਧਿਕਾਰੀ
ਫੋਨ:91-9876502607

ਪੰਜਾਬ ਅਤੇ ਪੰਜਾਬੀਅਤ ਦਾ ਵਰਤਾਰਾ ਧਾਰਮਿਕ ਅਤੇ ਸਮਾਜਿਕ ਪਰੰਪਰਾਵਾਂ ਤੇ ਸੰਪਰਦਾਵਾਂ ਉਤੇ ਆਧਾਰਿਤ ਹੈ। ਇਸ ਵਰਤਾਰੇ ਵਿੱਚ ਡੇਰਿਆਂ ਦਾ ਬੜਾ ਮਹੱਤਵ ਹੈ। ਇੱਕ ਸੰਸਥਾ ਵਜੋਂ ਡੇਰਾ, ਮੱਠ, ਨਿਵਾਸ ਦਾ ਵਰਤਾਰਾ ਸਿੱਖ ਧਰਮ ਅਤੇ ਪੰਥ ਨਾਲੋਂ ਬਹੁਤ ਪੁਰਾਣਾ ਹੈ, ਜੋ ਪੰਜਾਬ ਵਿੱਚ ਸਿੱਖ ਧਰਮ ਦੇ ਧਾਰਮਿਕ ਸਥਾਨ (ਗੁਰਦੁਆਰਿਆਂ) ਦੇ ਪ੍ਰਚਲਨ ਤੋਂ ਪਹਿਲਾਂ ਸੂਫੀ ਪੀਰਾਂ, ਨਾਥ ਜੋਗੀਆਂ ਅਤੇ ਭਗਤੀ ਲਹਿਰ ਦੇ ਸੰਤਾਂ ਨਾਲ ਜੁੜਦਾ ਹੈ। ਸੂਫੀ ਸੰਤਾਂ, ਪੀਰਾਂ ਦੇ ਸਥਾਪਨਾ ਦੀ ਪ੍ਰਸਿੱਧੀ ਹਿੰਦੂ, ਸਿੱਖ, ਮੁਸਲਮਾਨ ਭਾਈਚਾਰਿਆਂ ਵਿੱਚ ਡੇਰਿਆਂ ਦਾ ਪ੍ਰਚਲਨ ਵੇਖਿਆ ਜਾ ਸਕਦਾ ਹੈ, ਜਿੱਥੇ ਭਾਈਚਾਰਿਆਂ ਵਿਸ਼ੇਸ਼ ਤੌਰ 'ਤੇ ਸਾਧਾਰਨ ਤੇ ਗਰੀਬ ਤਬਕੇ ਨੂੰ ਰਾਹਤ ਦਿੱਤੀ ਜਾਂਦੀ ਹੈ। ਮਾਮੂਲੀ ਆਓ-ਭਗਤ ਅਤੇ ਉਦਾਰਤ ਵਿਹਾਰ ਤੋਂ ਇਲਾਵਾ ਅਧਿਆਤਮ ਮਾਰਗਦਰਸ਼ਨ, ਮਨੋਵਿਗਿਆਨ ਅਤੇ ਸਿਹਤ ਸਹੂਲਤਾਂ ਤੇ ਸਲਾਹ ਮੁਫ਼ਤ ਦਿੱਤੀ ਜਾਂਦੀ ਸੀ। ਸਖ਼ੀ ਸਰਵਰ ਸੁਲਤਾਨ ਸ਼ੇਖ ਫਰੀਦ, ਬੁੱਲੇ ਸ਼ਾਹ, ਸ਼ੇਖ ਫੱਤਾ, ਖਵਾਜਾ ਖਿਜ਼ਰ ਅਤੇ ਪੰਜ ਪੀਰਾਂ ਦੇ ਸੂਫ਼ੀ ਅਸਥਾਨ ਪੰਜਾਬੀਆਂ ਦੀ ਸਾਂਝੀ ਵਾਰਤਾ ਦਾ ਪ੍ਰਗਟਾਵਾ ਬਣ ਗਏ।

ਸਿੱਖ ਗੁਰੂਆਂ ਦੇ ਜੀਵਨ ਕਾਲ ਦੌਰਾਨ ਕਈ ਡੇਰਿਆ ਦੀ ਸਥਾਪਨਾ ਹੋਈ, ਜਿਨ੍ਹਾਂ ਵਿੱਚ ਉਦਾਸੀਆਂ, ਮੀਆਂ ਮੀਰ ਅਲੀ, ਰਾਮਰਾਇ, ਹੰਡਾਲੀਆਂ ਅਤੇ ਮਸੰਦੀਆਂ ਦੇ ਡੇਰੇ ਸ਼ਾਮਲ ਹਨ, ਜੋ ਗੁਰੂ ਪਰੰਪਰਾਵਾਂ ਦੇ ਵਿਰੋਧੀ ਸਨ। ਕਈ ਹੋਰ ਡੇਰੇ (ਬੰਦਈ ਖਾਲਸਾ/ਬੰਦਪੰਥੀ) ਨਾਨਕ ਪੋਥੀ ਸੇਵਾ ਪੰਥੀ, ਭਗਤ ਪੰਥੀ, ਸੁਤਰਾਧਾਰੀ, ਗੁਲਾਬਾਂ ਦਾਸੀ, ਨਿਰਮਲੇ ਅਤੇ ਨਿਹੰਗਾਂ ਦੇ ਡੇਰੇ ਸ਼ਾਮਲ ਸਨ। 19ਵੀਂ ਸਦੀ ਤੋਂ ਬਾਅਦ ਕਈ ਹੋਰ ਡੇਰੇ ਵੀ ਹੋਂਦ ਵਿੱਚ ਆਏ। ਨਵੇਂ ਡੇਰਿਆਂ ਦੀ ਵਿਸ਼ੇਸ਼ਤਾ ਇਹ ਸੀ ਕਿ ਇਹ ਦਲਿਤ ਭਾਈਚਾਰੇ ਨੂੰ ਲਾਮਬੰਦ ਕਰਨ ਦੇ ਕੇਂਦਰ ਬਣ ਗਏ, ਜਿੱਥੇ ਹਿੰਦੂਜਾਤੀ ਤੋਂ ਅਲੱਗ ਹੋ ਕੇ ਸਿੱਖ ਧਰਮ ਨੂੰ ਅਪਨਾਉਣ ਲੱਗੇ। ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ, ਜੋ ਸਿੱਖ ਧਰਮ ਅਤੇ ਇਸ ਨਾਲ ਸਬੰਧਤ ਗੁਰਦੁਆਰਿਆਂ ਤੇ ਹੋਰ ਸੰਸਥਾਵਾਂ ਨੂੰ ਕੰਟਰੋਲ ਕਰਦੀਆਂ ਸਨ, ਜੱਟ ਸਿੱਖਾਂ ਦੇ ਵਧ ਰਹੇ ਦਬਦਬੇ ਕਾਰਨ ਲੋਕ ਗੈਰ-ਸਿੱਖ ਡੇਰਿਆਂ ਵੱਲ ਖਿੱਚੇ ਗਏ। ਅਮੀਰ ਦਲਿਤਾਂ ਨੇ ਵੀ ਡੇਰਿਆਂ ਵਿੱਚ ਵਾਧਾ ਕੀਤਾ। 2006-07 ਦੇ ਇੱਕ ਅਧਿਐਨ ਅਨੁਸਾਰ ਪੰਜਾਬ ਦੇ ਪੇਂਡੂ ਖੇਤਰ 'ਚ 9000 ਤੋਂ ਵੱਧ ਸਿੱਖ ਅਤੇ ਗੈਰ-ਸਿੱਖ ਡੇਰੇ ਸਨ। ਗਵਾਂਢੀ ਰਾਜ ਹਰਿਆਣਾ, ਰਾਜਸਥਾਨ ਅਤੇ ਉਤਰ ਪ੍ਰਦੇਸ਼ ਵਿੱਚ ਵੀ ਬਹੁਤ ਸਾਰੇ ਡੇਰੇ ਸਥਾਪਤ ਹੋਏ।

ਸਿੱਖ ਡੇਰਿਆਂ ਵਿੱਚ ਰਹਿਤ ਮਰਿਆਦਾ ਦਾ ਸਖਤੀ ਨਾਲ ਪ੍ਰਚਲਨ ਹੁੰਦਾ ਰਿਹਾ ਹੈ, ਐਸੇ ਡੇਰਿਆਂ ਦੇ ਮੁਖੀਆਂ ਵਿੱਚ ਬਹੁਗਿਣਤੀ ਜੱਟ ਜਾਂ ਸਵਰਨ ਜਾਤਾਂ ਦੇ ਹਨ। ਬਹੁਤ ਸਾਰੇ ਡੇਰੇ ਐਸੇ ਹਨ, ਜਿੱਥੇ ਸਿੱਖ ਰਹਿਤ ਮਰਿਆਦਾ ਦੀ ਪਾਲਣਾ ਨਹੀ ਹੁੰਦੀ, ਗੁਰਬਾਣੀ ਦੇ ਨਾਲ ਨਾਲ ਗੈਰ-ਸਿੱਖ ਗ੍ਰੰਥਾਂ ਦਾ ਪਾਠ ਵੀ ਹੁੰਦਾ ਹੈ, ਮੂਰਤੀ ਪੂਜਾ ਵੀ ਹੁੰਦੀ ਹੈ। ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਜੀਵਤ ਸੰਤ ਨੂੰ ਗੁਰੂ ਮੰਨਿਆ ਜਾਂਦਾ ਹੈ ਅਤੇ ਇੱਕ ਸਮਕਾਲੀ ਮਨੁੱਖੀ ਗੁਰੂ ਪ੍ਰਤੀ ਸ਼ਰਧਾ ਦਾ ਅਹਿਸਾਸ ਕਰਦੇ ਹਨ। ਮਸ਼ਹੂਰ ਡੇਰਿਆਂ ਵਿੱਚ ਰਾਧਾ ਸੁਆਮੀ, ਸਤਿਸੰਗ ਬਿਆਸ, ਡੇਰਾ ਸੱਚਾ ਸੌਦਾ, ਰਵੀਦਾਸ ਡੇਰਾ (ਸੱਚਖੰਡ ਬੱਲਾਂ) ਨਾਮਧਾਰੀ, ਸੰਤ ਨਿਰੰਕਾਰੀ, ਦਿਵਿਆ ਜੋਤੀ ਜਾਗਰਿਤੀ ਸੰਗਠਨ, ਭਨਿਆਰਾ ਵਾਲੇ, ਡੇਰਾ ਬਾਬਾ ਭੂੰਮਣ ਸ਼ਾਹ ਆਦਿ। ਇਨ੍ਹਾਂ ਡੇਰਿਆਂ ਦੇ ਪੈਰੋਕਾਰਾਂ ਦੀ ਬਹੁਤੀ ਗਿਣਤੀ ਦਲਿਤ, ਪੱਛੜੀਆਂ ਜਾਤੀਆਂ ਅਤੇ ਗਰੀਬ ਜੱਟਾਂ ਦੀ ਹੈ। ਇਨ੍ਹਾਂ ਡੇਰਿਆਂ ਦੀ ਅਗਵਾਈ ਉੱਚ ਜਾਤੀ ਦੇ ਲੋਕ ਹੀ ਕਰਦੇ ਹਨ। ਦਲਿਤ ਪ੍ਰਧਾਨ ਡੇਰੇ ਵਿਰੋਧੀ ਸੱਭਿਅਤਾ ਦੇ ਪ੍ਰਮੁੱਖ ਕੇਂਦਰਾਂ ਵਜੋਂ ਉਭਰੇ ਹਨ। ਡੇਰਿਆਂ ਨੂੰ ਸਿੱਖ ਧਰਮ ਲਈ ਇੱਕ ਚੁਣੌਤੀ ਵਜੋਂ ਵੇਖਿਆ ਜਾ ਸਕਦਾ ਹੈ।

ਸਿਆਸੀ ਪਾਰਟੀਆਂ ਨੇ ਦਲਿਤ ਵੋਟ ਬੈਂਕ ਦੇ ਨਜ਼ਰੀਏ ਤੋਂ ਇਨ੍ਹਾਂ ਡੇਰਿਆਂ ਦੀ ਸਰਪ੍ਰਸਤੀ ਕੀਤੀ ਹੈ। ਚੋਣਾਂ ਵਿੱਚ ਡੇਰਿਆਂ ਦਾ ਯੋਗਦਾਨ ਪਹਿਲੀ ਵਾਰ 1997 ਦੀਆਂ ਪੰਜਾਬ ਵਿਧਾਨ ਸਭਾ ਚੋਣਾ ਵਿੱਚ ਦੇਖਿਆ ਗਿਆ। ਆਸ਼ੂਤੋਸ਼ ਕੁਮਾਰ, ਰੌਣਕੀ ਰਾਮ, ਸੁਰਿੰਦਰ ਸਿੰਘ, ਜਸਬੀਰ ਸਿੰਘ ਆਦਿ ਖੋਜਕਾਰਾਂ ਨੇ ਪੰਜਾਬ ਵਿੱਚ ਚੱਲ ਰਹੇ ਡੇਰਿਆਂ ਅਤੇ ਇਨ੍ਹਾਂ ਦੀ ਭੂਮਿਕਾ ਬਾਰੇ ਅਧਿਐਨ ਕੀਤੇ ਹਨ।

ਪਬਲਿਕ ਡੋਮੇਨ ਵਿੱਚ ਉਪਲਬੱਧ ਅਧਿਐਨਾਂ ਅਤੇ ਅੰਕੜਿਆਂ ਅਨੁਸਾਰ ਪੰਜਾਬ ਦੀ ਅੰਦਾਜਨ ਅਬਾਦੀ 3.81 ਕਰੋੜ ਹੈ, ਜਿਸ ਵਿੱਚੋਂ 62.52% ਪੇਂਡੂ ਖੇਤਰ ਨਾਲ ਸਬੰਧਤ ਹੈ। ਪੰਜਾਬ ਦੀ ਸਾਖਰਤਾ ਦਰ 75.8 % ਹੈ, ਜਦਕਿ ਭਾਰਤ ਦੀ ਸਾਖਰਤਾ ਦਰ 73% ਹੈ। 50,365 ਵਰਗ ਕਿਲੋਮੀਟਰ ਵਿੱਚ ਵੱਸੇ ਪੰਜਾਬ ਵਿੱਚ 29 ਯੂਨੀਵਰਸਿਟੀਆਂ ਹਨ, ਜਿਸ ਵਿੱਚੋਂ 16 ਪ੍ਰਾਈਵੇਟ ਖੇਤਰ ਵਿੱਚ ਹਨ, 31 ਵਿਦਿਅਕ ਸੰਸਥਾਵਾਂ ਯੂਨੀਵਰਸਿਟੀ ਦੇ ਬਰਾਬਰ ਦੀਆਂ ਮੰਨੀਆਂ ਜਾਂਦੀਆਂ ਹਨ। ਪੰਜਾਬ ਵਿੱਚ 276 ਡਿਗਰੀ ਕਾਲਜ, 9559 ਹਾਈ/ਹਾਇਰ ਸੈਕੰਡਰੀ ਸਕੂਲ, 5097 ਮਿਡਲ ਸਕੂਲ ਅਤੇ 13801 ਪ੍ਰਾਇਮਰੀ ਸਕੂਲ ਹਨ। ਸਿੱਖਿਆ ਪੱਖੋਂ ਪੰਜਾਬ ਪੱਛੜਿਆ ਹੋਇਆ ਨਹੀਂ ਹੈ। ਪੰਜਾਬ ਵਿੱਚ 58.09% ਸਿੱਖ, 38.49% ਹਿੰਦੂ, 1.93% ਮੁਸਲਮ ਅਤੇ 1.25% ਇਸਾਈ ਹਨ। ਜੇਕਰ ਪੰਜਾਬ ਦੇ ਡੇਰਿਆਂ ਦੀ ਗੱਲ ਕੀਤੀ ਜਾਵੇ ਤਾਂ ਸਾਰੇ ਵਰਗਾਂ ਦੇ 12000 ਤੋਂ ਵੱਧ ਡੇਰੇ ਹਨ, ਜਿਨ੍ਹਾਂ ਵਿੱਚੋਂ 9000 ਸਿੱਖ ਧਰਮ ਨਾਲ ਸਬੰਧਤ ਹਨ, ਜਿਸ ਵਿੱਚੋਂ 300 ਕਾਰਜਸ਼ੀਲ ਹਨ; 12 ਐਸੇ ਡੇਰੇ ਹਨ, ਜਿਨ੍ਹਾਂ ਦੇ ਪੈਰੋਕਾਰਾਂ ਦੀ ਗਿਣਤੀ ਪ੍ਰਤੀ ਡੇਰਾ ਇੱਕ ਲੱਖ ਤੋਂ ਵਧੇਰੇ ਹੈ। ਡੇਰਿਆਂ ਦੀਆਂ ਸ਼ਾਖਾ ਪੰਜਾਬ ਦੇ ਸਾਰੇ 12581 ਪਿੰਡਾਂ ਵਿੱਚ ਹਨ। ਜੇਕਰ ਗੁਰਦੁਆਰਿਆਂ ਦੀ ਗੱਲ ਕੀਤੀ ਜਾਵੇ ਤਾਂ ਲਗਭਗ 30000 ਗੁਰਦੁਆਰੇ ਹਨ, ਹਰੇਕ ਪਿੰਡ ਵਿੱਚ ਇੱਕ ਤੋਂ ਲੈ ਕੇ 6 ਤੱਕ ਅਤੇ ਇਸੇ ਤਰ੍ਹਾਂ ਹਰੇਕ ਪਿੰਡ ਤੇ ਕਸਬੇ ਵਿੱਚ ਡੇਰੇ ਵੀ ਮੌਜੂਦ ਹਨ, ਜਿਨ੍ਹਾਂ ਦੇ ਮੁਖੀ ਡੇਰਿਆਂ ਨੂੰ ਨਿੱਜੀ ਹਿੱਤਾਂ ਦੀ ਪੂਰਤੀ ਲਈ ਵਰਤਦੇ ਹਨ।

ਭਾਈ ਕਾਹਨ ਸਿੰਘ ਨਾਭਾ ਵੱਲੋਂ ਆਪਣੇ ਮਹਾਨ ਕੋਸ਼ ਵਿੱਚ ਗੁਦੁਆਰਿਆਂ ਦੀ ਪਰਿਭਾਸ਼ਾ ਦਿੱਤੀ ਗਈ ਹੈ, ਜਿਸ ਅਨੁਸਾਰ ਸਿੱਖਾਂ ਦਾ ਗੁਰਦੁਆਰਾ ਵਿਦਿਆਰਥੀਆਂ ਲਈ ਸਕੂਲ ਆਤਮ ਕਲਿਆਣ ਲਈ ਉਪਦੇਸ਼ਨ ਆਚਰਨ, ਰੋਗੀਆਂ ਲਈ ਸਫਾਖਾਨਾ, ਭੁੱਖਿਆਂ ਲਈ ਅੰਨਪੂਰਨਾ, ਇਸਤਰੀ ਜਾਤੀ ਦੀ ਪੱਤ ਰੱਖਣ ਲਈ ਲੋਹਮਈ ਦੁਰਗ ਅਤੇ ਮੁਸਾਫਰਾਂ ਲਈ ਵਿਸ਼ਰਾਮ ਦਾ ਅਸਥਾਨ ਹੈ। ਇਸ ਪਰਿਭਾਸ਼ਾ ਦੇ ਸਬੰਧ ਵਿੱਚ ਵੇਖਣਾ ਹੋਵੇਗਾ ਕਿ ਪੰਜਾਬ ਵਿੱਚ ਜਾਂ ਪੰਜਾਬ ਤੋਂ ਬਾਹਰ ਕਿੰਨੇ ਕੁ ਗੁਰਦੁਆਰੇ, ਡੇਰੇ ਅਤੇ ਹੋਰ ਧਾਰਮਿਕ ਸਥਾਨ ਇਸ ਪਰਿਭਾਸ਼ਾ ਉਤੇ ਪੂਰੇ ਉਤਰਦੇ ਹਨ!

---

## ਸੱਚੋ-ਸੱਚ

*-ਗੁਰਵਿੰਦਰ ਜੌਹਲ*

ਸੱਚੋ-ਸੱਚ ਹੈ, ਉੱਕਾ ਹੇਰਾ-ਫੇਰੀ ਨਈ
ਜਿਸ ਬਸਤੀ ਵਿੱਚ ਮੈਂ ਰਹਿਨਾਂ ਵਾਂ, ਮੇਰੀ ਨਈ।

ਜਿਸ ਬਸਤੀ ਵਿੱਚ ਚੀਕਾਂ, ਹਉਕੇ, ਪੀੜਾਂ ਨੇ,
ਜਿਸ ਬਸਤੀ ਵਿੱਚ ਬੇਦਿਲਿਆਂ ਦੀਆਂ ਭੀੜਾਂ ਨੇ।
ਜਿਸ ਬਸਤੀ ਵਿੱਚ ਔੜਾਂ, ਧੁੱਪਾਂ, ਸੋਕੇ ਨੇ,
ਜਿਸ ਬਸਤੀ ਵਿੱਚ ਛਵੀਆਂ, ਨੇਜ਼ੇ, ਟੋਕੇ ਨੇ।
ਜੋ ਬਸਤੀ, ਬਸਤੀ ਨਹੀਂ ਲੱਗਦੀ, ਖੰਡਰ ਹੈ,
ਜਿਸ ਬਸਤੀ ਦੀ ਸੋਚ ਹੀ ਤੋਕੜ-ਫੰਡਰ ਹੈ।
ਜਿਸ ਬਸਤੀ ਵਿੱਚ ਕੋਈ ਰੂਹ ਲਵੇਰੀ ਨਈ,
ਜਿਸ ਬਸਤੀ ਵਿੱਚ ਮੈਂ ਰਹਿਨਾਂ ਵਾਂ, ਮੇਰੀ ਨਈ।

ਜਿਸ ਬਸਤੀ ਵਿੱਚ ਜੁਗਨੂੰ ਸਹਿਮੇ ਹੋਏ ਨੇ,
ਜਿਸ ਬਸਤੀ ਵਿੱਚ ਚਾਨਣ ਮੋਏ ਮੋਏ ਨੇ।
ਜਿਸ ਬਸਤੀ ਵਿੱਚ ਸੋਚ ਨੂੰ ਉੱਲੀ ਲੱਗੀ ਹੈ,
ਜਿਸ ਬਸਤੀ ਵਿੱਚ ਜੜ੍ਹ ਤੋਂ ਕਿਸਮਤ ਖੋਗੀ ਹੈ।
ਜਿਸ ਬਸਤੀ ਦੀ ਸਾਰ ਨਾ ਕੋਈ ਦੁਨੀਆ ਨੂੰ,
ਜਿਸ ਬਸਤੀ ਦੀਆਂ ਕੰਜਕਾਂ ਤਰਸਣ ਚੁੰਨੀਆਂ ਨੂੰ।
ਜਿਸ ਬਸਤੀ ਵਿੱਚ ਸ਼ਾਮਲਿਓਂ ਸੋਚ ਉਚੇਰੀ ਨਈ,
ਜਿਸ ਬਸਤੀ ਵਿੱਚ ਮੈਂ ਰਹਿਨਾਂ ਵਾਂ, ਮੇਰੀ ਨਈ।

ਜਿਸ ਬਸਤੀਏ ਖ਼ੁਸ਼ਬੂ ਨਹੀਂ ਕਿਰਦਾਰਾਂ ਵਿੱਚ,
ਜਿਸ ਬਸਤੀਏ ਫੁੱਲ ਨਾ ਖਿੜਨ ਬਹਾਰਾਂ ਵਿੱਚ।
ਜਿਸ ਬਸਤੀ ਦੇ ਪੋਤੜਿਆਂ ਵਿੱਚ ਫਾਕੇ ਨੇ,
ਜਿਸ ਬਸਤੀ ਦੇ ਹੱਕਾਂ ਉੱਤੇ ਡਾਕੇ ਨੇ।
ਜਿਸ ਬਸਤੀ ਵਿੱਚ ਨੇਸਤੀਆਂ ਦੀ ਚਾਂਦੀ ਹੈ,
ਜਿਸ ਬਸਤੀ ਵਿੱਚ ਹਿੰਮਤ ਹੁੰਗੀ ਜਾਂਦੀ ਹੈ।
ਜਿਸ ਬਸਤੀ ਨੇ ਛੱਲੀ ਕਦੇ ਅਟੇਰੀ ਨਈ,
ਜਿਸ ਬਸਤੀ ਵਿੱਚ ਮੈਂ ਰਹਿਨਾਂ ਵਾਂ, ਮੇਰੀ ਨਈ।

ਜਿਸ ਬਸਤੀ ਦੇ ਭਾਗੀਂ ਵਾਸ ਦਲਿੱਦਰ ਦਾ,
ਜਿਸ ਬਸਤੀ ਨੂੰ ਸੰਗ ਹੈ ਰਾਸ, ਦਲਿੱਦਰ ਦਾ।
ਜਿਸ ਬਸਤੀ ਨੂੰ ਇਲਮ-ਅਲਰਜੀ ਰਹਿੰਦੀ ਹੈ,
ਜਿਸ ਬਸਤੀ ਵਿੱਚ ਅਮਲ ਦੀ ਗੰਗਾ ਵਹਿੰਦੀ ਹੈ।
ਜਿਸ ਬਸਤੀ ਦੀਆਂ ਗਲੀਆਂ ਕੀਰਨੇ ਪਾਉਂਦੀਆਂ ਨੇ,
ਜਿਸ ਬਸਤੀ ਵਿੱਚ ਨਿੱਤ ਮਕਾਣਾਂ ਆਉਂਦੀਆਂ ਨੇ।
ਜਿਸ ਬਸਤੀ ਕਦੇ ਖ਼ੁਸ਼ੀਆਂ ਪਾਈ ਫੇਰੀ ਨਈ,
ਜਿਸ ਬਸਤੀ ਵਿੱਚ ਮੈਂ ਰਹਿਨਾਂ ਵਾਂ, ਮੇਰੀ ਨਈ।

**Prepare for Tomorrow Now With Comprehensive Retirement Planning**

■Annuities ■Life Insurance ■Long-Term Care
■Medicare Planning ■Disability Income

FUTURITY FIRST
Retirement | Life | Health



**Call Gurpreet Singh**
*Retirement and Insurance Advisor*
Cell: 630-677-6144
Email: Preetisingh@ffig.com

**Futurity First Insurance Group**



# Atlantis Banquets

1273 North Rand Road, Arlington Heights, IL 60004

**Ph: 847-259-0013**
**Cell: 773-225-4123 / 847-708-4997**
atlantisbanquetsrr@gmil.com atlantisbanquet.com


*Features*
Luxurious Decor and Ambience
Customize Catering Menu
Spacious Dance Floor
Bridal Suite

Celebrate Your Dream Wedding With Us Elegance and Sophistication at Atlantis Banquets.

'ਅਟਲਾਂਟਿਸ ਬੈਂਕੁਇਟਸ' ਵਿਚ ਆਪਣੇ ਸੁਪਨਿਆਂ ਦੇ ਵਿਆਹ ਦੇ ਜਸ਼ਨ ਮਨਾਓ

Under New Management With New Glance of Experience.



ATLANTIS BANQUETS

√ Wedding
√ Mehandi
√ Sangeet
√ Anniversary
√ Bitrthdays
√ Sweet 16
√ Graduation
√ Baby Shower
√ Aameen
√ Aqeeqa
√ Corporate






17115 W. Bluemound Rd, Suite D1, Brookfield, WI 53005

# We Do Catering

ਅਸੀਂ ਕੇਟਰਿੰਗ ਵੀ ਕਰਦੇ ਹਾਂ

# ਟੇਸਟ ਆਫ ਇੰਡੀਆ

ਮਸ਼ਹੂਰ ਨਾਮ ਅਤੇ ਮਸ਼ਹੂਰ ਖਾਣਾ

**ਵਧੀਆ ਖਾਣਾ ਤੇ ਵਧੀਆ ਸਰਵਿਸ ਹੀ ਸਾਡੀ ਪਹਿਲ ਹੈ**



ਵਿਆਹ ਸਮਾਗਮਾਂ, ਜਨਮ ਦਿਨ ਪਾਰਟੀਆਂ ਅਤੇ ਹੋਰ ਸਮਾਜਿਕ ਤੇ ਭਾਈਚਾਰਕ ਸਮਾਗਮਾਂ ਸਮੇਤ ਨਿੱਕੀਆਂ-ਵੱਡੀਆਂ ਪਾਰਟੀਆਂ ਮੌਕੇ ਸਵਾਦਿਸ਼ਟ ਤੇ ਤਾਜ਼ਾ ਖਾਣੇ ਲਈ ਸਾਨੂੰ ਸੇਵਾ ਦਾ ਮੌਕਾ ਦਿਓ

BOLLYWOOD Grill
Restaurant - Bar - Banquet
1038 N. Jackson St,
Milwaukee, WI 53202

**We Also Provide**
Onsite Tandoor Service For Fresh Naan & KABABS and Onsite Fresh DOSA Service.

ਫੋਨ: 262-894-0913
ਜਾਂ 414-588-3325